
ਸਿੱਖ ਵੀਰਾਂ ਨੂੰ ਹਲੂਣਾ



ਨਰੈਣ ਸਿੰਘ

ਤਤਕਰਾ

ISBN 81-7205-085-2

ਪੁਸਤਕ ਰੂਪ ਵਿਚ
ਪਹਿਲੀ ਵਾਰ ਜੂਨ 1987
ਚੌਥੀ ਵਾਰ ਜੁਲਾਈ 1995
ਪੰਜਵੀਂ ਵਾਰ ਜੁਲਾਈ 2000
ਛੇਵੀਂ ਵਾਰ ਅਪ੍ਰੈਲ 2003

ਮੁੱਲ : 30-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

2

ਪ੍ਰਕਾਸ਼ਕਾਂ ਵੱਲੋਂ

ਸਮੇਂ ਦੇ ਬੀਤਣ ਨਾਲ, ਸਮਾਜਿਕ/ਰਾਜਸੀ ਪ੍ਰਭਾਵਾਂ ਦੇ ਅਸਰ ਹੇਠ ਤੇ ਦੂਸਰੀਆਂ ਸਮਾਜਿਕ/ਧਾਰਮਿਕ ਸੰਸਥਾਵਾਂ ਦੇ ਨਾਲ ਅੰਤਰ-ਕਿਰਿਆ ਦੁਆਰਾ ਕਿਸੇ ਧਰਮ-ਸੰਸਥਾ ਦੀ ਮੌਲਿਕਤਾ ਨੂੰ ਖ਼ਤਰਾ ਬਣਿਆ ਹੀ ਰਹਿੰਦਾ ਹੈ। ਕੁਝ ਬਾਹਰੀ ਅਸਰ ਤਾਂ ਧਰਮ-ਸੰਸਥਾਵਾਂ ਆਪਣੇ ਵਿਚ ਜਜ਼ਬ ਕਰ ਲੈਂਦੀਆਂ ਹਨ; ਪਰ ਜਿਨ੍ਹਾਂ ਨਾਲ ਉਨ੍ਹਾਂ ਦੀ ਵਿੱਲਖਣਤਾ ਤੇ ਮੌਲਿਕਤਾ ਨੂੰ ਚੁਣੌਤੀ ਮਿਲਦੀ ਹੋਵੇ, ਉਹਨਾਂ ਪ੍ਰਤਿ ਵਿਰੋਧ ਦੀ ਭਾਵਨਾ ਪ੍ਰਜਵੱਲਤ ਹੋਣੀ ਇਤਿਹਾਸਕ ਅਮਲ ਹੈ।

ਸਿਖ-ਲਹਿਰ ਦੇ ਕ੍ਰਾਂਤੀਕਾਰੀ ਇਤਿਹਾਸ 'ਤੇ ਨਜ਼ਰ ਮਾਰਿਆਂ ਅਜਿਹੇ ਵਿਰੋਧ ਦਾ ਬਾਕਾਇਦਾ ਰੁਝਾਨ ਤੇ ਅਮਲ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਸਿਖ-ਲਹਿਰ ਦੇ ਜੀਵਿਤ ਹੋਣ ਦੇ ਨਾਲ ਨਾਲ, ਸਿੱਖਾਂ ਦੇ ਆਪਣੀਆਂ ਪਰੰਪਰਾਵਾਂ ਤੇ ਰਵਾਇਤਾਂ ਨਾਲ ਜੁੜੇ ਹੋਣ ਦਾ ਵੀ ਸੂਚਕ ਹੈ। ੧੮੭੨ ਵਿਚ ਆਰੰਭ ਹੋਈ 'ਸਿੰਘ ਸਭਾ ਲਹਿਰ' ਤੇ ੧੯੨੦-੨੫ ਵਿਚ 'ਅਕਾਲੀ ਲਹਿਰ' ਅਜਿਹੇ ਵਿਰੋਧ ਦੀਆਂ ਹੀ ਸੂਚਕ ਹਨ। ਇਹ ਗੱਲ ਸਰਵ-ਪਰਵਾਨਿਤ ਹੈ ਕਿ ਇਨ੍ਹਾਂ ਲਹਿਰਾਂ ਨੇ ਸਿਖ ਧਰਮ-ਸੰਸਥਾ ਦੇ ਤਾਤਵਿਕ ਰੂਪ ਨੂੰ ਕਾਇਮ ਰੱਖਣ ਵਿਚ ਅਹਿਮ ਰੋਲ ਅਦਾ ਕੀਤਾ। ੧੯੭੮ ਵਿਚ ਨਕਲੀ ਨਿਰੰਕਾਰੀਆਂ ਦੇ ਵਿਰੋਧ ਤੋਂ ਆਰੰਭ ਹੋਈ ਅਜੋਕੀ ਕ੍ਰਾਂਤੀਕਾਰੀ ਲਹਿਰ ਨੇ ਵੀ ਸਿੱਖਾਂ ਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੁੜਨ ਲਈ ਚੋਖਾ ਹਲੂਣਾ ਦਿੱਤਾ ਹੈ।

ਬਜ਼ੁਰਗ ਲੇਖਕ ਭਾਈ ਨਰੈਣ ਸਿੰਘ, ਜੋ ਕਿ ੧੯੪੭ ਤੋਂ ਪਹਿਲਾਂ ਸ੍ਰੀ ਨਨਕਾਣਾ ਸਾਹਿਬ ਐਸਟੇਟ ਦੇ ਮੈਨੇਜਰ ਦੀ ਸੇਵਾ ਨਿਭਾਂਦੇ ਰਹੇ ਤੇ ਹੁਣ ਵੀ ਗੁਰਮਤਿ ਪ੍ਰਚਾਰ ਲਈ ਗੁਰੂ ਨਾਨਕ ਦੇਵ ਮਿਸ਼ਨ ਰਾਹੀਂ ਵਿੱਤੋਂ ਵੱਧ ਸੇਵਾ ਕਰ ਰਹੇ ਹਨ, ਦੀ ਹੱਥਲੀ-ਪੁਸਤਕ ਔਝੜੇ ਪਈ ਸਿਖ ਕੌਮ ਨੂੰ ਆਪਣੇ ਗੌਰਵਮਈ ਵਿਰਸੇ ਤੇ ਪਰੰਪਰਾਵਾਂ ਨਾਲ ਜੋੜਨ ਵਿਚ ਸਹਾਈ ਹੋਵੇਗੀ, ਇਸੇ ਉਮੰਗ ਨਾਲ ਇਸ ਪੁਸਤਕ ਦਾ ਪ੍ਰਕਾਸ਼ਨ ਕੀਤਾ ਜਾ ਰਿਹਾ ਹੈ।

ਜਾਣ-ਪਛਾਣ

ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਨੇ 'ਹਲੂਣਾ' ਸਿਰਲੇਖ ਹੇਠ ਕੁਝ ਟ੍ਰੈਕਟ ਪ੍ਰਕਾਸ਼ਤ ਕੀਤੇ ਸਨ, ਜੋ ਸੰਨ ੧੯੭੮ ਵਿਚ ਦੋ ਭਾਗਾਂ ਵਿਚ ਪ੍ਰਕਾਸ਼ਤ ਕੀਤੇ ਗਏ ਸਨ। ਇਨ੍ਹਾਂ ਦੀ ਵਧ ਰਹੀ ਮੰਗ ਪੂਰੀ ਕਰਨ ਲਈ ਇਹ ਪੰਜੇ ਟ੍ਰੈਕਟ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਦੇ ਪਹਿਲੇ ਦੋ ਅੰਕਾਂ ਵਿਚ ਵਧੇਰੇ ਕਰਕੇ ਕੁਝ ਅਜਿਹੀਆਂ ਗੱਲਾਂ ਵਲ ਸੰਕੇਤ ਹੈ ਜੋ ਸਾਡੇ ਸਿਖ ਵੀਰ ਤੇ ਭੈਣਾਂ ਹੋਰਨਾਂ ਦੀ ਰੀਸ-ਪ੍ਰੀਸੀ ਰਿਵਾਜਨ ਅਪਣਾਉਂਦੇ ਜਾ ਰਹੇ ਹਨ, ਜਿਨ੍ਹਾਂ ਦਾ ਕੋਈ ਲਾਭ ਤਾਂ ਕੀ ਹੋਣਾ ਹੋਇਆ, ਸਗੋਂ ਉਹ ਅਜਿਹਾ ਕਰਕੇ ਹੋਰ ਲੋਕਾਂ ਦੇ ਮੌਜੂ ਦਾ ਥਾਂ ਬਣ ਰਹੇ ਹਨ। ਫਿਰ ਜਿਨ੍ਹਾਂ ਵਹਿਮਾਂ ਤੇ ਭਰਮ-ਭੁਲੇਖਿਆਂ ਵਿਚੋਂ ਗੁਰਸਿਖੀ ਨੇ ਉਨ੍ਹਾਂ ਨੂੰ ਕਢਿਆ ਸੀ, ਉਹ ਮੁੜ ਉਨ੍ਹਾਂ ਦਾ ਹੀ ਸ਼ਿਕਾਰ ਹੋ ਰਹੇ ਹਨ।

ਸਿਖ ਦਾ ਤਾਂ ਇਕ ਨਿਰੋਲ ਸੂਝ-ਬੂਝ ਪਰ ਆਧਾਰਤ (Rational) ਜੀਵਨ ਹੈ, ਪਰ ਸਾਡਾ ਨੌਜਵਾਨ ਆਪਣੇ ਅਸਲੇ ਨੂੰ ਜਾਣਨ ਵਲੋਂ ਬੇਪਰਵਾਹ ਹੋਰਨਾਂ ਦੀ ਵੇਖੋ ਵੇਖੀ, ਲਕੀਰ ਦਾ ਫ਼ਕੀਰ ਬਣ ਰਿਹਾ ਹੈ। ਸਾਡੇ ਪੜ੍ਹੇ-ਲਿਖੇ ਤੇ ਸੂਝਵਾਨ ਸੱਜਣ, ਜਿਨ੍ਹਾਂ ਨੇ ਹੋਰਨਾਂ ਨੂੰ ਅਗਵਾਈ ਦੇਣੀ ਸੀ, ਉਹ ਭੀ ਗ਼ੈਰਾਂ ਦੇ ਪ੍ਰਭਾਵ ਅਧੀਨ ਅਤੇ ਆਪਣੀ ਵਿਦਵਤਾ ਦੀ ਗ਼ਲਤ ਪ੍ਰਦਰਸ਼ਨੀ ਕਰਦੇ ਹੋਏ ਸਿਖੀ ਅਤੇ ਸਿਖ ਇਤਿਹਾਸ ਦਾ ਮੂੰਹ-ਮੱਥਾ ਵਿਗਾੜ ਰਹੇ ਹਨ। ਇਨ੍ਹਾਂ ਤੋਂ ਇਲਾਵਾ ਕਈ ਨਿਜੀ ਪ੍ਰਭਤਾ ਵਧਾਉਣ ਦੀ ਲਾਲਸਾ ਅੰਦਰ ਅਨੇਕ ਤਰ੍ਹਾਂ ਦੇ ਅਡੰਬਰ ਰਚ ਕੇ ਭੋਲੇ ਭਾਲੇ ਲੋਕਾਂ ਨੂੰ ਕੁਰਾਹੇ ਪਾ ਰਹੇ ਹਨ, ਜੋ ਇਕ ਦੂਜੇ ਦੀ ਵੇਖੋ-ਵੇਖੀ ਉਨ੍ਹਾਂ ਪਿਛੇ ਲਗ ਤੁਰਦੇ ਹਨ।

ਤੀਜੇ ਅੰਕ ਵਿਚ ਲੇਖਕ ਦੀ ਇਕ ਸਿਖ ਵਿਦਿਆਰਥੀ ਨਾਲ ਵਾਰਤਾਲਾਪ ਰਾਹੀਂ, ਸਿਖ ਸਰੂਪ ਉਤੇ ਵਿਰੋਧੀਆਂ ਵਲੋਂ ਕੀਤੇ ਜਾ ਰਹੇ ਹਮਲਿਆਂ ਸੰਬੰਧੀ ਸੁਚੇਤ ਕਰਨ ਦਾ ਜਤਨ ਕੀਤਾ ਹੈ। ਅਤੇ ਚੌਥੇ ਅੰਕ ਵਿਚ ਇਹ ਦੱਸਣ ਦਾ ਜਤਨ ਹੈ ਕਿ ਸਾਡੇ ਗਵਾਂਢੀ ਗ਼ੈਰ ਸਿਖ ਭਰਾ ਸਾਡੇ ਬਾਰੇ ਕਿਵੇਂ ਸੋਚਦੇ ਹਨ, ਉਨ੍ਹਾਂ ਦੀ ਅਜਿਹੀ ਸੋਚਣੀ ਦੇ ਕੀ ਕਾਰਨ ਹਨ ਅਤੇ ਉਨ੍ਹਾਂ ਦੇ ਕਹਿਣ ਵਿਚ ਕਿੰਨੀ ਕੁ ਸਚਾਈ ਹੈ। ਫਿਰ ਦੇਸ ਦੀ ਇਕ ਅਤਿ ਘਟ-ਗਿਣਤੀ ਕੌਮ ਹੋਣ ਦੇ ਨਾਤੇ ਸਿਖਾਂ ਨੂੰ ਕਿਨ੍ਹਾਂ

ਗੱਲਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਅਤੇ ਐਸੀ ਦਸ਼ਾ ਅੰਦਰ ਇਹ ਆਪਣੀ ਸੰਭਾਲ ਕਿਵੇਂ ਕਰ ਸਕਦਾ ਹੈ। ਲੇਖ ਅੰਦਰ ਸਿਖ ਵੀਰਾਂ ਦਾ ਧਿਆਨ ਸਿਖ ਦੇ ਉਨ੍ਹਾਂ ਗੁਣਾਂ ਵਲ ਭੀ ਦਿਵਾਇਆ ਗਿਆ ਹੈ ਜੋ ਉਸ ਨੂੰ ਸਿਖ ਪਰੰਪਰਾ ਵਲੋਂ ਵਿਰਸੇ ਵਿਚ ਮਿਲੇ ਹੋਏ ਹਨ, ਜਿਨ੍ਹਾਂ ਦੇ ਸਿਰ ਸਦਕਾ ਇਸ ਨੇ ਦੁਨੀਆ ਵਿਚ ਆਪਣਾ ਵਿਸ਼ੇਸ਼ ਥਾਉਂ ਬਣਾ ਲਿਆ ਹੋਇਆ ਹੈ, ਅਤੇ ਜੋ ਗੁਣ ਉਸ ਨੂੰ ਜੀਊਂਦੇ ਲੋਕਾਂ ਦੀ ਸ਼੍ਰੇਣੀ ਵਿਚ ਲਿਆ ਖੜਾ ਕਰਦੇ ਹਨ।

ਆਖ਼ਰ ਵਿਚ ਕੁਝ ਕੁ ਇਤਿਹਾਸਕ ਘਟਨਾਵਾਂ ਦੇ ਹਵਾਲਿਆਂ ਨਾਲ ਸਿਖ ਵੀਰਾਂ ਦਾ ਧਿਆਨ ਉਨ੍ਹਾਂ ਦੀ ਬੇ-ਮਿਸਾਲ ਤੇ 'ਨਿਆਰੇ ਭਾਂਤ' ਦੀ ਜੀਵਨੀ ਵਲ ਦਿਵਾਇਆ ਹੈ, ਜਿਸ ਨੂੰ ਕਾਇਮ ਰਖ ਕੇ ਹੀ ਓਹ ਬਤੌਰ ਕੌਮ ਦੁਨੀਆ ਅੰਦਰ ਆਪਣਾ ਮਾਣ ਸਤਿਕਾਰ ਬਣਾਈ ਰਖ ਸਕਦਾ ਹੈ।

ਨਰੈਣ ਸਿੰਘ

ੴ ਸਤਿਗੁਰਪ੍ਰਸਾਦਿ ॥

ਭੂਮਿਕਾ

ਗੁਰੂ ਨਾਨਕ ਆਗਮਨ ਸਮੇਂ ਭਾਰਤ ਅੰਦਰ ਦੋ ਵਿਚਾਰ-ਧਾਰਾ ਪ੍ਰਧਾਨ ਸਨ। ਬ੍ਰਾਹਮਣੀ ਪ੍ਰਭਾਵ ਸਮਾਜ ਅੰਦਰ ਵਰਨਾਸ਼੍ਰਮੀ ਮਰਯਾਦਾ ਅਤੇ ਅਹਿੰਸਾ ਅਤੇ ਮੰਦਰਾਂ ਅੰਦਰ ਮੂਰਤੀ ਪੂਜਾ ਪਾਠ 'ਤੇ ਮੁਕ ਜਾਂਦਾ ਸੀ ਅਤੇ ਮੁਸਲਮਾਨਾਂ ਵਿਚ ਇਸਲਾਮੀ ਸ਼ਰਹ ਅਤੇ ਜਬਰੀ ਤਬਲੀਗ਼ ਪਰਧਾਨ ਸਨ। ਦੋਨਾਂ ਅੰਦਰੋਂ ਸਵੈਮਾਨ ਵਾਲਾ ਸੁਤੰਤਰ ਜੀਵਨ ਜੀਊਣ ਅਤੇ ਹੋਰਨਾਂ ਨੂੰ ਜੀਊਣ ਦੇਣ ਦਾ ਖ਼ਿਆਲ ਗ਼ਾਇਬ ਸੀ। ਨਿਤਾਪ੍ਰਤ ਦਾ ਜੀਵਨ ਧਰਮ ਅਤੇ ਸਦਾਚਾਰ ਦੀਆਂ ਭਾਵਨਾਵਾਂ ਤੋਂ ਸਖਣਾ ਹੋ ਚੁਕਾ ਸੀ, ਭਾਵੇਂ ਵਾਦ-ਵਿਵਾਦ ਅੰਦਰ ਧਰਮ ਫ਼ਿਲਾਸਫ਼ੀ ਨੂੰ ਵਿਸ਼ੇਸ਼ ਥਾਉਂ ਪ੍ਰਾਪਤ ਸੀ। ਸਮੇਂ ਦੇ ਅਣਖਹੀਣ ਅਤੇ ਆਚਰਣ- ਹੀਣ ਜੀਵਨ ਦੀ ਤਸਵੀਰ ਇਨ੍ਹਾਂ ਸ਼ਬਦਾਂ ਅੰਦਰ ਸਹੀ ਤੌਰ 'ਤੇ ਖਿਚੀ ਹੋਈ ਹੈ:

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥੨॥੧੧॥

(ਆਸਾ ਦੀ ਵਾਰ, ਪੰਨਾ ੪੬੯)

ਅਤੇ **ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ ॥੩੦॥੧॥**

(ਭਾਈ ਗੁਰਦਾਸ ਜੀ)

ਕਥਨ ਮਾਤਰ ਤਾਂ ਸਚਾਈ ਮੌਜੂਦ ਸੀ, ਪਰੰਤੂ ਕਰਣੀ ਕੂੜ ਦੀ ਅਮਾਵਸ ਵਤ ਸੀ, ਗੁਰੂ ਨਾਨਕ ਦੇਵ ਜੀ ਨੇ ਇਹੋ ਦਸ਼ਾ ਤੱਕ ਕੇ ਕਿਹਾ ਸੀ:

ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥੧॥੧੬॥

(ਮਾਝ ਕੀ ਵਾਰ, ਪੰਨਾ ੧੪੫)

ਗੁਰੂ ਜੀ ਦਾ ਪ੍ਰਚਾਰ ਜੀਵਨ, ਪੂਰਨ ਤੌਰ 'ਤੇ ਉਸ ਸਮੇਂ ਤੋਂ ਆਰੰਭ ਹੁੰਦਾ ਹੈ ਜਦੋਂ ਆਪ ਕਈ ਸਾਲ ਸੁਲਤਾਨਪੁਰ ਦਾ ਮੋਦੀਖ਼ਾਨਾ ਚਲਾਉਣ ਮਗਰੋਂ ਵੇਈਂ ਨਦੀ ਵਿਚੋਂ ਇਹ ਕਹਿੰਦੇ ਹੋਏ ਬਾਹਰ ਨਿਕਲੇ, 'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ, ਨਾ ਕੋਈ ਹਿੰਦੂ ਹੈ ਨਾ ਮੁਸਲਮਾਨ।' ਅਤੇ ਤਦੋਂ ਤੋਂ ਆਪ ਨੇ ਅਜਿਹੀਆਂ ਜੀਵਨੀਆਂ ਹੋਂਦ ਵਿਚ ਲਿਆਉਣ ਦਾ ਜਤਨ ਅਰੰਭਿਆ, ਜੋ ਨਾ ਹਿੰਦੂ ਦਾ ਅਤੇ ਨਾ ਮੁਸਲਮਾਨ ਦਾ ਪੱਖ ਪੂਰਨ, ਬਲਕਿ ਇਕ ਨਿਆਰੀ ਹੋਂਦ ਪੈਦਾ ਕਰਨ, ਜੋ ਆਪਣੇ ਸੁਚੱਜੇ ਜੀਵਨ

ਸਿਖ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ'[1] ਦਾ ਦ੍ਰਿੜ੍ਹ-ਵਿਸ਼ਵਾਸੀ ਹੈ। ਸਿਖੀ ਇਸੇ ਲਈ ਇਕ ਵਿਸ਼ਵ ਧਰਮ ਹੈ ਕਿ ਇਹ ਸਾਰੀ ਮਨੁੱਖਤਾ ਨੂੰ ਸਾਂਝੀਵਾਲਤਾ ਦੀ ਲੜੀ ਅੰਦਰ ਪਰੁਚਿਆ ਵੇਖਦਾ ਹੈ। 'ਏਕੁ ਪਿਤਾ ਏਕਸ ਕੇ ਹਮ ਬਾਰਿਕ'[2] ਇਸ ਦਾ ਮੁਢਲਾ (Fundamental) ਅਸੂਲ ਹੈ। ਸਿਖ ਸਾਰਿਆਂ ਨੂੰ ਆਪਣੇ ਭਾਈ ਜਾਣਦਾ ਹੈ। ਉਸ ਦੀ ਦ੍ਰਿਸ਼ਟੀ ਅੰਦਰ :

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥

(ਕਾਨੜਾ ਮ: ੫, ਪੰਨਾ ੧੨੯੯)

ਮਨੁੱਖ ਮਾਤਰ ਦੀ ਸੇਵਾ ਅਤੇ ਦੀਨ ਤੇ ਮਜ਼ਲੂਮ ਦੀ ਰੱਖਿਆ ਇਸ ਦੇ ਜੀਵਨ ਕਰਮ ਹਨ, ਜਿਨ੍ਹਾਂ ਨੂੰ ਨਿਭਾਉਣ ਵਿਚ ਜ਼ਿੰਦਗੀ ਦੀ ਬਲੀ ਦੇ ਦੇਣਾ ਇਸ ਦੇ ਲਈ ਸਾਧਾਰਨ ਜਿਹੀ ਗੱਲ ਹੈ। ਸਿਮਰਨ, ਸੇਵਾ ਤੇ ਕੁਰਬਾਨੀ ਅੰਦਰ ਇਸ ਦਾ ਸਾਰਾ ਜੀਵਨ-ਫ਼ਲਸਫ਼ਾ ਆ ਜਾਂਦਾ ਹੈ। ਸਾਹਿਬ ਕਲਗੀਧਰ ਪਾਤਸ਼ਾਹ ਨੇ ਐਸੇ ਜੀਵਨ-ਫ਼ਲਸਫ਼ੇ ਵਾਲੇ ਸਿਰਲਥ ਮਰਜੀਊੜਿਆਂ ਦੀ ਇਹ ਜਮਾਤ ਕਾਇਮ ਕਰਕੇ ਇਨ੍ਹਾਂ ਨੂੰ :

ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥

(ਪਾ: ੧੦, ਬਚਿਤ੍ਰ ਨਾਟਕ, ਧਿਆ: ੯)

ਦੀ ਸੌਂਪਣਾ ਕੀਤੀ ਸੀ ਅਤੇ ਇਨ੍ਹਾਂ ਨੂੰ ਅਡਰਾ ਰੂਪ ਤੇ ਰਹਿਣੀ ਇਸੇ ਲਈ ਦਿਤੀ ਸੀ ਕਿ ਇਸ ਰੂਪ ਤੇ ਰਹਿਣੀ ਵਾਲੇ ਦੀ ਪਛਾਣ ਦੁਨੀਆ ਦੇ ਤਖ਼ਤੇ ਉਤੇ ਜਿਥੇ ਭੀ ਇਹ ਹੋਵੇ, ਸਹਿਜੇ ਹੀ ਹੋ ਜਾਵੇ ਅਤੇ ਮਨੁੱਖ ਮਾਤਰ ਲਈ ਇਸ ਦਾ ਦੀਦਾਰ ਹੀ ਇਸ ਦੀ ਵਿਚਾਰਧਾਰਾ ਦਾ ਸੂਚਕ ਹੋਵੇ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੀਨ-ਦੁਖੀ ਤੇ ਮਜ਼ਲੂਮ ਅਬਲਾ ਇਸਤ੍ਰੀਆਂ ਇਸ ਰੂਪ ਵਾਲੇ ਉਤੇ ਭਰੋਸਾ ਬੰਨ੍ਹਦੀਆਂ ਅਤੇ ਸਹਾਇਤਾ ਪ੍ਰਾਪਤ ਕਰਦੀਆਂ ਰਹੀਆਂ। ਅਜੇ ਕੱਲ੍ਹ ਦੀ ਗੱਲ ਹੈ, ਕਲਕੱਤੇ ਦੇ ਹਿੰਦੂ-ਮੁਸਲਮ ਫ਼ਸਾਦਾਂ ਸਮੇਂ ਦੋਹਾਂ ਕੌਮਾਂ ਦੇ ਮਜ਼ਲੂਮ, ਸਿਖ ਦੀ ਹਾਜ਼ਰੀ ਨੂੰ ਆਪਣੇ ਰਖਵਾਲੇ ਦੇ ਰੂਪ ਵਿਚ ਵੇਖਦੇ ਰਹੇ ਅਤੇ ਸਿਖ ਹਿੰਦੂਆਂ ਨੂੰ ਮੁਸਲਮਾਨਾਂ ਤੋਂ ਅਤੇ ਮੁਸਲਮਾਨਾਂ ਨੂੰ ਹਿੰਦੂ ਤਸ਼ੱਦਦ ਤੋਂ ਛੁਟਕਾਰਾ ਦਿਵਾ ਕੇ ਮਹਿਫ਼ੂਜ਼ ਥਾਉਂ ਪਹੁੰਚਾਉਂਦੇ ਰਹੇ। ਪੰਜਾਬ ਵਿਚ ੧੯੪੭ ਦੇ ਕਤਲਾਮ ਸਮੇਂ ਅਨੇਕਾਂ ਸਿਖਾਂ ਨੇ ਆਪਣੀ ਇਸ ਸਪਿਰਟ ਦਾ ਸਬੂਤ ਦਿਤਾ। ਸੁਨਾਮ ਨਿਵਾਸੀ ਸਿਖ ਸਰਦਾਰ ਤਾਰਾ ਸਿੰਘ ਦੇ ਇਕ ਮੁਸਲਮਾਨ ਬੱਚੀ ਦੀ ਕਿਤਨਾ ਕਾਲ ਪਾਲਨਾ ਪੋਸਨਾ ਕਰਨ ਉਪਰੰਤ

---

੧. ਪਾ: ੧੦, ਅਕਾਲ ਉਸਤਤਿ, ਅੰਕ ੧੫॥੮੫॥
੨. ਸੋਰਠਿ ਮ: ੫, ਪੰਨਾ ੬੧੧ ॥

ਸੇਵਕ-ਭਾਵਨਾ ਅਤੇ ਨਾਮ ਰਸੀਏ ਹੋਣ ਦੇ ਨਾਤੇ ਹਿੰਦੂ ਮੁਸਲਮਾਨ ਸਭ ਉਪਰ ਛਾ ਜਾਣ। ਆਪ ਦਾ ਨਿਸ਼ਾਨਾ ਸੰਸਾਰ ਦੇ ਲੋਕਾਂ ਅੰਦਰ ਕੋਈ ਨਵੇਂ ਪ੍ਰਕਾਰ ਦਾ ਫ਼ਲਸਫ਼ਾ ਜਾਂ ਗਿਆਨ ਧਿਆਨ ਪ੍ਰਚੁਰ ਕਰਨਾ ਨਹੀਂ ਸੀ, ਬਲਕਿ ਕੁਰਾਹੇ ਪੈ ਗਏ ਲੋਕਾਂ ਨੂੰ ਨਵੀਂ ਜੀਵਨ-ਜੁਗਤਿ ਦੇਣਾ ਸੀ। ਫਿਰ ਇਹ ਨਿਰੀ ਵਿਅਕਤੀਗਤ ਜੀਵਨ-ਜੁਗਤ ਹੀ ਨਹੀਂ ਸੀ, ਬਲਕਿ ਸੰਗਤੀ ਜੀਵਨ ਦੀ ਜੁਗਤੀ ਸੀ। ਆਪ ਨੇ ਅਜਿਹੇ ਬੰਦਿਆਂ ਦੀ ਜਮਾਤ ਤਿਆਰ ਕਰਨੀ ਸੀ, ਜਿਸ ਦੇ ਲਈ ਆਪ ਨੇ ਦਸ ਜਾਮੇ ਧਾਰਨ ਕੀਤੇ ਅਤੇ ਕਰੀਬਨ ਢਾਈ ਸੌ ਸਾਲ ਦੀਆਂ ਕਰੜੀਆਂ ਘਾਲਣਾਂ ਪਿਛੋਂ ਖ਼ਾਲਸਾ ਰੂਪ ਵਿਚ ਇਸ ਨੂੰ ਸੰਪੂਰਨ ਕਰ ਕੇ ਕਿਹਾ:

ਜਬ ਲਗ ਖਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੇ ਬਿਪਰਨ ਕੀ ਰੀਤ॥
ਮੈ ਨਾ ਕਰੋਂ ਇਨ ਕੀ ਪ੍ਰਤੀਤ॥

(ਸਰਬ ਲੋਹ ਗ੍ਰੰਥ)

ਗੁਰੂ ਜੀ ਦੇ ਇਸ ਕਥਨ ਦੀ ਤਹਿ ਵਿਚ ਭਾਰਤ ਦੇ ਇਤਿਹਾਸ ਦਾ ਉਹ ਪੰਨਾ ਸੀ, ਜਿਸ ਉਤੇ ਬ੍ਰਾਹਮਣੀ ਮੱਤ ਦਾ ਬੁਧ ਮੱਤ ਉਤੇ ਛਾ ਜਾਣ ਦਾ ਬ੍ਰਿਤਾਂਤ ਹੈ। ਇਤਿਹਾਸ ਦੱਸਦਾ ਹੈ ਕਿ ਜਦੋਂ ਭਾਰਤ ਬੁਧ ਮੱਤ ਦੇ ਪ੍ਰਭਾਵ ਨੂੰ ਕਬੂਲੇ ਹੋਏ ਸੀ ਅਤੇ ਬ੍ਰਾਹਮਣ ਨੇਤਾਵਾਂ ਨੂੰ ਬ੍ਰਾਹਮਣ ਮੱਤ ਦੇ ਭਾਰਤ ਅੰਦਰੋਂ ਨਾਬੂਦ ਹੋ ਜਾਣ ਦਾ ਖ਼ਤਰਾ ਭਾਸਿਆ ਤਾਂ ਇਨ੍ਹਾਂ ਨੇ ਅਹਿੰਸਾ ਆਦਿ ਬੋਧੀ ਅਸੂਲਾਂ ਨੂੰ ਅਪਨਾਅ ਕੇ ਬੋਧੀ ਜਨਤਾ ਉਤੇ ਆਪਣਾ ਪ੍ਰਭਾਵ ਪਾਉਣਾ ਅਰੰਭਿਆ ਅਤੇ ਥੋੜੇ ਸਮੇਂ ਵਿਚ ਉਹਨਾਂ ਨੂੰ ਮੁੜ ਹਿੰਦੂ ਦਾਇਰੇ ਅੰਦਰ ਲਿਆ ਕੇ ਬੁਧ ਮੱਤ ਨੂੰ ਦੇਸ਼-ਨਿਕਾਲਾ ਲੈਣ ਲਈ ਮਜਬੂਰ ਕਰ ਦਿਤਾ। ਗੁਰੂ ਜੀ ਦੇ ਉਕਤ ਕਥਨਾਂ ਅੰਦਰ 'ਬਿਪਰਨ ਕੀ ਰੀਤ' ਦਾ ਵਿਸ਼ੇਸ਼ ਜ਼ਿਕਰ ਇਸ ਗੱਲ ਦਾ ਲਖਾਇਕ ਹੈ ਕਿ ਗੁਰੂ ਜੀ ਦੇ ਮਨ ਅੰਦਰ ਇਹ ਅੰਦੇਸ਼ਾ ਸੀ ਕਿ ਸਮਾਂ ਪਾ ਕੇ ਸ਼ਾਇਦ ਸਿਖ ਮੁੜ ਬ੍ਰਾਹਮਣੀ ਰੀਤਾਂ ਰਸਮਾਂ ਦੀ ਪਕੜ ਵਿਚ ਨਾ ਆ ਜਾਂਦੇ ਹੋਣ। ਇਸ ਲਈ ਉਹਨਾਂ ਨੇ ਸਪਸ਼ਟ ਤੌਰ 'ਤੇ ਕਹਿ ਦਿਤਾ ਕਿ ਬ੍ਰਾਹਮਣੀ ਪ੍ਰਭਾਵ ਨੂੰ ਕਬੂਲ ਕਰ ਲੈਣ ਵਾਲਾ ਸਿਖ ਮੇਰੇ ਵਿਸ਼ਵਾਸ ਦਾ ਪਾਤਰ ਨਹੀਂ ਰਹੇਗਾ।

ਬ੍ਰਾਹਮਣ ਪ੍ਰਭਾਵ ਵਿਰੁੱਧ ਸਿਖ ਨੂੰ ਕਰੜੇ ਸ਼ਬਦਾਂ ਵਿਚ ਖ਼ਬਰਦਾਰ ਕਰਨ ਦਾ ਕਾਰਨ ਬ੍ਰਾਹਮਣੀ ਅਤੇ ਸਿਖ ਵਿਚਾਰਧਾਰਾ (Ideology) ਅੰਦਰ ਮੁਢਲੇ ਮਤਭੇਦ ਦਾ ਹੋਣਾ ਸੀ। ਬ੍ਰਾਹਮਣ ਮੱਤ ਦੀ ਆਪਣੀ ਹੋਂਦ ਹੀ ਵਰਣ-ਵੰਡ ਅਥਵਾ ਮਨੁੱਖਤਾ ਅੰਦਰ ਜਨਮ ਤੋਂ ਊਚ ਨੀਚ ਹੋਣ ਦੇ ਅਸੂਲ 'ਤੇ ਕਾਇਮ ਹੈ, ਜਦੋਂ ਕਿ

'ਤੇ ਕਿਸੇ ਸਮੇਂ ਬਾਬਾ ਬੁੱਢਾ ਜੀ ਅਤੇ ਭਾਈ ਮਨੀ ਸਿੰਘ ਬਿਰਾਜਮਾਨ ਸਨ, ਅਜ ਬ੍ਰਾਹਮਣੀ ਗੀਤਾਂ ਦਾ ਉਤਨਾ ਹੀ ਪ੍ਰਚਾਰਕ ਹੈ ਜਿਤਨਾ ਬ੍ਰਾਹਮਣ ਆਪ; ਕੇਵਲ ਥੋੜੀ ਜਹੀ ਸ਼ਕਲ ਬਦਲੀ ਗਈ ਹੈ। ਛੋਟੀਆਂ ਥਾਵਾਂ ਦਾ ਤਾਂ ਕਹਿਣਾ ਹੀ ਕੀ ਹੈ, ਸਿੱਖਾਂ ਦੇ ਕਈ ਇਤਿਹਾਸਕ ਗੁਰਦੁਆਰਿਆਂ ਅੰਦਰ ਮੂਰਤੀ ਪੂਜਾ ਉਸੇ ਪ੍ਰਕਾਰ ਕੀਤੀ ਜਾ ਰਹੀ ਹੈ ਜਿਸ ਤਰ੍ਹਾਂ ਕਿਸੇ ਹਿੰਦੂ ਮੰਦਰ ਅੰਦਰ। ਕੇਵਲ ਇਤਨਾ ਫ਼ਰਕ ਹੈ ਕਿ ਗੁਰਦੁਆਰਿਆਂ ਅੰਦਰ ਹਿੰਦੂ ਮੂਰਤੀ ਦੀ ਬਜਾਏ ਕਿਸੇ ਗੁਰੂ ਦੀ ਤਸਵੀਰ ਰਖੀ ਹੈ ਅਤੇ ਨਾਲ ਹੀ ਇਕ ਬੰਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ; ਪਰੰਤੂ ਸ਼ਰਧਾਲੂ ਲੋਕ ਗੁਰੂ-ਮੂਰਤੀ ਅਗੇ ਹੀ ਮਥੇ ਰਗੜਦੇ ਅਤੇ ਫੁੱਲ ਪੈਸੇ ਚੜ੍ਹਾਉਂਦੇ ਵੇਖੇ ਜਾਂਦੇ ਹਨ। ਇਹ ਸਭ ਕੁਝ ਉਹਨਾਂ ਲੋਕਾਂ ਦੀਆਂ ਨਜ਼ਰਾਂ ਥੱਲੇ ਹੋ ਰਿਹਾ ਹੈ, ਜੋ ਗੁਰਮਤਿ ਪ੍ਰਚਾਰ ਦੇ ਦਾਹਵੇਦਾਰ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧਕ ਹਨ। ਇਸ ਸਭ ਕੁਝ ਦੇ ਹੁੰਦੇ ਹੋਏ ਅਜਿਹੇ ਸਿੱਖਾਂ ਨੂੰ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਕਹਿਣਾ ਵਾਜਬ ਹੈ ਜਾਂ ਬ੍ਰਾਹਮਣੀ ਗੀਤ ਦੇ ਪੁਜਾਰੀ ? ਕੀ ਅਸੀਂ ਕਦੀ ਸੋਚਿਆ ਹੈ ਕਿ ਸਿਖ ਕਿਧਰ ਨੂੰ ਜਾ ਰਿਹਾ ਹੈ ? ਅਗਰ ਉਕਤ ਪ੍ਰਕਾਰ ਦੇ ਪ੍ਰਭਾਵ ਕੁਝ ਕਾਲ ਹੋਰ ਜਾਰੀ ਰਹੇ ਅਤੇ ਸਿਖ ਨੂੰ ਇਹਨਾਂ ਤੋਂ ਛੁਟਕਾਰਾ ਦਿਵਾਉਣ ਦੇ ਸਾਧਨ ਨਾ ਕੀਤੇ ਗਏ, ਤਾਂ ਉਹ ਦਿਨ ਦੂਰ ਨਹੀਂ ਜਦੋਂ ਸਿਖ ਮੁੜ ਉਸੇ ਵਿਸ਼ਾਲ ਬ੍ਰਾਹਮਣੀ ਸਾਗਰ ਅੰਦਰ ਸਮਾ ਜਾਏਗਾ, ਜਿਸ ਵਿਚੋਂ ਢਾਈ ਸੌ ਸਾਲ ਦੀਆਂ ਕਰੜੀਆਂ ਘਾਲਣਾਂ ਨੇ ਇਸ ਨੂੰ ਬਾਹਰ ਲਿਆਂਦਾ ਸੀ, ਅਤੇ ਸਿੱਖੀ ਨੂੰ ਜਿਸ ਵਿਸ਼ਵ ਧਰਮ ਹੋਣ ਦਾ ਮਾਣ ਗੁਰੂ ਜੀ ਨੇ ਬਖ਼ਸ਼ਿਆ ਸੀ, ਉਹ ਭਾਰਤੀ ਹਿੰਦੂ ਦਾ ਇਕ ਛੋਟਾ ਜਿਹਾ ਫ਼ਿਰਕਾ ਬਣ ਕੇ ਰਹਿ ਜਾਏਗੀ।

ਮੁਗ਼ਲ ਹਕੂਮਤ ਸਿਖ ਨੂੰ ਤਲਵਾਰ ਦੇ ਜ਼ੋਰ ਮਿਟਾਉਣ ਦਾ ਜਤਨ ਕਰਦੀ ਰਹੀ, ਪਰੰਤੂ ਨਾ ਮਿਟਾ ਸਕੀ ਅਤੇ ਕਿਸੇ ਕਵੀ ਦੇ ਕਥਨ ਅਨੁਸਾਰ :

ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਇ।
ਜਿਉਂ ਜਿਉਂ ਮੰਨੂੰ ਵਢਦਾ ਅਸੀਂ ਦੂਣ ਸਵਾਏ ਹੋਇ।

ਇਹ ਕੱਟੀ ਹੋਈ ਵੇਲ ਵਾਂਗੂ ਵਧਦੇ ਫੁਲਦੇ ਹੀ ਰਹੇ।

ਪਰੰਤੂ ਜੋ ਹਥਿਆਰ ਅਜ ਦਾ ਸਮਾਜ ਸਿਖ ਦੇ ਖ਼ਿਲਾਫ਼ ਵਰਤ ਰਿਹਾ ਹੈ ਉਹ ਵਰਤਮਾਨ ਕਾਲ ਦੇ ਜੰਗੀ ਸਾਧਨਾਂ (warfare) ਦਾ ਉਹ ਹਥਿਆਰ ਹੈ ਜਿਸ ਤੋਂ ਬਚ ਸਕਣਾ ਕਿਸੇ ਵਿਸ਼ੇਸ਼ ਜਤਨ ਤੋਂ ਬਿਨਾਂ ਸੰਭਵ ਨਹੀਂ। ਉਹ ਹਥਿਆਰ ਪ੍ਰਾਪੇਗੰਡੇ ਦਾ ਹੈ, ਜੋ ਬੜੇ ਮਿਠੇ ਤੇ ਮਨ-ਭਾਉਣੇ ਤਰੀਕੇ ਨਾਲ ਸਿੱਖਾਂ ਨੂੰ ਜੜ੍ਹਾਂ ਤੋਂ ਉਖੇੜ ਰਿਹਾ ਹੈ। ਜੇਕਰ ਇਹ ਸਿਖ ਦਾ ਨੰਗਾ ਵਿਰੋਧ ਕਰਦੇ, ਤਦ ਤਾਂ ਸਿਖ ਆਪਣੇ ਅਸੂਲਾਂ ਦੀ ਉਚਤਾ ਅਤੇ ਪੁਰਾਤਨ ਸਿੱਖੀ ਰਵਾਇਤਾਂ ਦੇ ਸਿਰ ਤੇ ਉਸ ਨਾਲ ਬੜੀ ਸਫਲ ਟੱਕਰ ਲੈ ਸਕਦਾ ਸੀ, ਪਰੰਤੂ ਇਹਨਾਂ ਦੇ ਪ੍ਰਾਪੇਗੰਡੇ ਦੇ ਅਰੰਭਕ

ਉਸ ਦੇ ਮੁਸਲਮਾਨ ਮਾਪਿਆਂ ਨੂੰ ਪਾਕਿਸਤਾਨ ਤੋਂ ਤਲਾਸ਼ ਕਰ ਕੇ ਕਈ ਸਾਲਾਂ ਦੀ ਵਿਛੜੀ ਨੂੰ ਉਨ੍ਹਾਂ ਦੇ ਹਵਾਲੇ ਕਰਨ ਦੀ ਪਰਸੰਸਾ ਅਮਰੀਕਾ ਦੇ ਅਖ਼ਬਾਰਾਂ ਨੇ ਭੀ ਕੀਤੀ ਸੀ।

ਇਹ ਸੀ ਨਿਸ਼ਾਨਾ ਸ੍ਰੀ ਦਸਮੇਸ਼ ਜੀ ਦੇ ਇਸ ਨਿਆਰੀ ਕੌਮ ਨੂੰ ਸਾਜਣ ਅਤੇ ਇਸ ਨੂੰ ਸੰਸਾਰ ਨਾਲੋਂ ਅਡਰੀ ਰਹਿਣੀ ਤੇ ਰੂਪ ਦੇਣ ਦਾ, ਪਰੰਤੂ ਸਮੇਂ ਦੇ ਗੇੜ ਅਤੇ ਮਨੁੱਖੀ ਮਨ ਦੀ ਈਰਖਾ ਨੂੰ ਸਿੱਖੀ ਦੀ ਇਹ ਵਡਿਆਈ ਭੀ ਨਾ ਭਾਈ, ਅਤੇ ਇਸ ਦੀ ਵਿਰੋਧਤਾ ਆਪਣੀ ਬੁਕਲ ਵਿਚੋਂ ਹੀ ਹੋਣੀ ਸ਼ੁਰੂ ਹੋ ਗਈ। ਪੰਜਾਬੀ ਲੋਕ ਹੀ, ਜਿਨ੍ਹਾਂ ਵਿਚੋਂ ਜਨਮ ਲੈ ਕੇ ਸਿੱਖਾਂ ਨੇ ਵਿਸ਼ਵ ਧਰਮੀ ਹੋਣ ਦਾ ਨਮੂਨਾ ਪੇਸ਼ ਕੀਤਾ ਸੀ, ਇਸ ਦੀ ਵਧਦੀ ਪ੍ਰਭਤਾ ਨੂੰ ਨਾ ਸਹਾਰ ਸਕੇ, ਅਤੇ ਇਕ ਟੋਲੇ ਨੇ ਸਮੁਚੇ ਤੌਰ 'ਤੇ ਸਿਖ ਜਜ਼ਬੇ ਨਾਲ ਖੇਡਣੋਂ ਭੀ ਫ਼ਰਕ ਨਾ ਕੀਤਾ। ਜਦੋਂ ਭੀ ਮੌਕਾ ਬਣਿਆ, ਇਨ੍ਹਾਂ ਨੇ ਸਿਖ ਇਤਿਹਾਸ ਨੂੰ ਕਾਲਾ ਕਰਨ, ਸਿਖ ਧਰਮ ਦੀ ਅਪਣਾਈ ਬੋਲੀ ਤੇ ਲਿਪੀ ਦਾ ਕਟੜ ਵਿਰੋਧ ਅਤੇ ਸਿਖ ਰਸਮਾਂ ਤੇ ਸਿਖ ਰੂਪ ਉਤੇ ਚੋਟ ਕਰਨ ਵਿਚ ਢਿਲ ਨਹੀਂ ਕੀਤੀ। ਇਸ ਦਾ ਵਿਰੋਧ ਆਜ਼ਾਦ ਭਾਰਤ ਸਰਕਾਰ ਦੇ ਹੋਂਦ ਵਿਚ ਆਉਣ ਪਿਛੋਂ ਬਹੁਤ ਹਾਨੀਕਾਰਕ ਸਾਬਤ ਹੋਇਆ ਹੈ, ਕਿਉਂਕਿ ਕਹੀ ਜਾਂਦੀ ਭਾਰਤ ਦੀ ਸੈਕੂਲਰ ਸਰਕਾਰ ਦਾ ਬਹੁਤ ਵੱਡਾ ਹਿੱਸਾ ਉਕਤ ਸ਼੍ਰੇਣੀ ਦੇ ਫ਼ਿਰਕੂਪਣੇ ਤੋਂ ਪ੍ਰਭਾਵਤ ਹੈ। ਪਰੰਤੂ ਅਜਿਹੇ ਪ੍ਰਭਾਵ ਤੋਂ ਵਧੇਰੇ ਹਾਨੀਕਾਰਕ ਉਨ੍ਹਾਂ ਸੋਸਾਇਟੀਆਂ ਦਾ ਪ੍ਰਭਾਵ ਹੈ ਜੋ ਸਿਖ ਹੋਂਦ ਨੂੰ ਅੰਦਰੋਂ ਅੰਦਰ ਖੋਖਲਾ ਕਰ ਕੇ ਇਹ ਸਿਧ ਕਰਨ ਵਲ ਲਗੀਆਂ ਹੋਈਆਂ ਹਨ ਕਿ ਸਿਖ ਹਿੰਦੂ ਸਮਾਜ ਦਾ ਹੀ ਅਗਾਂਹ-ਵਧੂ ਫ਼ਿਰਕਾ ਹੈ ਅਤੇ ਸਿਖ ਨੂੰ ਆਪਣਾ ਜੰਮਿਆ-ਜਣਿਆ ਦੱਸ ਕੇ ਇਸ ਉਤੇ ਛਾ ਰਹੇ ਹਨ।

ਇਹਨਾਂ ਦੀਆਂ ਕਈ ਸੰਸਥਾਵਾਂ ਨੇ ਤਾਂ ਸਿੱਖਾਂ ਉਤੇ ਪ੍ਰਭਾਵ ਪਾਉਣ ਲਈ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰਖ ਕੇ ਅਤੇ ਕਈ ਥਾਈਂ ਸਿਖੀ ਸ਼ਕਲ ਕੇਸ ਤੇ ਦਾੜ੍ਹੀ ਅਤੇ ਸਿੰਘ ਨਾਮ ਦੇ ਲੇਬਲ ਹੇਠ ਬ੍ਰਾਹਮਣੀ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ। ਸਿਖ ਕਹਾਉਣ ਵਾਲੇ ਸੰਤ, ਸਾਧ, ਹਿੰਦੂ ਰੀਤਾਂ ਨੂੰ ਸਿਖੀ ਰੰਗਤ ਦੇਣ ਲਈ ਗੁਰੂ ਗ੍ਰੰਥ ਸਾਹਿਬ ਨੂੰ ਕੜ੍ਹਾਹ ਪ੍ਰਸ਼ਾਦ, ਚਾਹ, ਸਰਦਾਈ ਅਤੇ ਲੰਗਰ ਦੇ ਭੋਗ ਲੁਆਉਂਦੇ, ਗੁਰੂ ਗ੍ਰੰਥ ਸਾਹਿਬ ਨੂੰ ਪੰਘੂੜੇ ਝੁਟਾਉਂਦੇ, ਅਤੇ ਉਹਨਾਂ ਦੀ ਮੂਰਤੀਆਂ ਵਾਂਗ ਪੂਜਾ ਆਰਤੀ ਆਦਿ ਉਤਾਰਦੇ, ਮਰੇ ਪਿੱਛੋਂ ਸਨਬੰਧੀ ਦੀਆਂ ਹੱਡੀਆਂ ਗੰਗਾ ਦੀ ਬਜਾਏ ਕੀਰਤਪੁਰ ਪਾਉਂਦੇ, ਗੁਰੂ ਨਾਨਕ ਦਾ ਸਰਾਧ ਕਰਦੇ, ਇਤਿਆਦਿ ਅਨੇਕ ਰੀਤਾਂ ਰਸਮਾਂ ਕਰਦੇ ਹਨ, ਜਿਨ੍ਹਾਂ ਵਿਚੋਂ ਗੁਰੂ ਜੀ ਨੇ ਇਹਨਾਂ ਨੂੰ ਕਢਿਆ ਸੀ। ਜਿਸ 'ਬਿਪਰਨ ਕੀ ਰੀਤ' ਤੋਂ ਬਚ ਕੇ ਰਹਿਣ ਲਈ ਗੁਰੂ ਜੀ ਨੇ ਸਿਖ ਨੂੰ ਵਿਸ਼ੇਸ਼ ਤੌਰ 'ਤੇ ਸੂਚਨਾ ਦਿਤੀ ਸੀ, ਅਜ ਦਾ ਸਿਖ ਉਹਨਾਂ ਰੀਤਾਂ ਦੇ ਕਰਨ ਵਿਚ ਹਿੰਦੂ ਨਾਲੋਂ ਵੀ ਅਗੇ ਜਾ ਰਿਹਾ ਹੈ। ਸਿਖ ਭਾਈ ਜੀ, ਜਿਸਦੀ ਪਦਵੀ

ਸ਼ਬਦ ਹੀ ਇਹ ਹਨ ਕਿ "ਹਿੰਦੂ ਸਿਖ ਇਕੋ ਰੁਖ ਦੀਆਂ ਦੋ ਟਹਿਣੀਆਂ ਹਨ, ਇਹ ਤਾਂ ਇਕ ਪਿਉ ਦੇ ਦੋ ਪੁੱਤਰ ਹਨ, ਇਕ ਸਿਖ ਹੈ ਤਾਂ ਦੂਜਾ ਹਿੰਦੂ।" ਗੁਰੂ ਸਾਹਿਬ ਨੇ ਜੰਞੂ ਤਿਲਕ ਦੀ ਰਖਿਆ ਖ਼ਾਤਰ ਆਪਣਾ ਬਲੀਦਾਨ ਦਿੱਤਾ, ਗੁਰੂ ਗੋਬਿੰਦ ਸਿੰਘ ਜੀ ਨੇ ਨੈਣਾਂ ਦੇਵੀ 'ਤੇ ਬੜਾ ਭਾਰਾ ਹਵਨ ਕਰ ਕੇ ਦੇਵੀ ਨੂੰ ਖ਼ੁਸ਼ ਕੀਤਾ, ਜਿਸ ਤੋਂ ਪ੍ਰਸੰਨ ਹੋ ਕੇ ਦੇਵੀ ਨੇ ਗੁਰੂ ਜੀ ਨੂੰ ਆਪਣੀ ਤਲਵਾਰ ਦੇ ਕੇ ਪੁਰਾਤਨ ਕਸ਼ੱਤਰੀਆਂ ਵਾਲੇ ਕਰਮ ਦੀ ਪ੍ਰੇਰਨਾ ਦਿਤੀ। ਦਸਮੇਸ਼ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤਾ ਹੈ 'ਪ੍ਰਿਥਮ ਭਗੌਤੀ ਸਿਮਰਿ ਕੈ' ਆਦਿ।

ਹਿੰਦੂ ਪ੍ਰੈਸ ਇਸ ਪ੍ਰਕਾਰ ਸਿਖ ਇਤਿਹਾਸ ਨੂੰ ਆਪਣੀ ਰੰਗਤ ਅੰਦਰ ਪੇਸ਼ ਕਰਦਾ ਹੋਇਆ ਸੱਚ ਅਤੇ ਝੂਠ ਦੀ ਮਨ-ਭਾਉਣੀ ਮਿਲਾਵਟ ਕਰ ਕੇ ਝੂਠ ਨੂੰ ਸੱਚ ਦੇ ਤੌਰ ਪੇਸ਼ ਕਰਦਾ ਹੈ ਅਤੇ ਭੋਲੇ ਭਾਲੇ ਸਿੱਖਾਂ ਨੂੰ ਪੁਰਾਤਨ ਬ੍ਰਾਹਮਣੀ ਰੀਤਾਂ ਦੀ ਵਡਿਆਈ ਦ੍ਰਿੜ੍ਹ ਕਰਾਉਂਦਾ ਹੈ। ਇਸ ਤਰ੍ਹਾਂ ਦੇ ਇਤਿਹਾਸਕ ਨੁਕਤਿਆਂ ਤੋਂ ਇਲਾਵਾ ਇਹ ਪ੍ਰੈਸ, ਮਨੋ-ਵਿਗਿਆਨਕ ਢੰਗ ਨਾਲ ਅਜਿਹੇ ਸੁਝਾਉ ਦੇਂਦਾ ਹੈ ਕਿ ਸਿਖ ਆਪਣੇ ਆਪ ਵਿਚ ਹੌਲਾ ਪ੍ਰਤੀਤ ਕਰੇ ਅਤੇ ਇਸ ਤਰ੍ਹਾਂ ਸਿਖ ਮੌਰੇਲ ਨੂੰ ਨੀਵਾਂ ਕਰ ਕੇ ਸਾਧਾਰਨ ਸਿਖ ਨੂੰ ਸਿੱਖੀ ਜੀਵਨ ਅਤੇ ਸਿੱਖੀ ਰਹਿਣੀ ਵਲੋਂ ਮੁਤਨਫ਼ਰ ਕੀਤਾ ਜਾਂਦਾ ਹੈ। ਅਜਿਹੇ ਪ੍ਰਭਾਵ ਦਾ ਹੀ ਅਸਰ ਹੈ ਕਿ ਸਿਖ ਨੌਜਵਾਨ ਦਾੜ੍ਹੀ ਰਖਣ ਨੂੰ ਓਪਰਾ ਪ੍ਰਤੀਤ ਕਰਦਾ ਅਤੇ ਸਾਂਝਾ 'ਸਿੰਘ' ਨਾਮ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਦਿਤਾ ਸੀ, ਛੱਡਣ ਦੇ ਰੁਖ ਤੁਰ ਰਿਹਾ ਹੈ। ਅੱਜ ਸਿਖ ਨੌਜਵਾਨ ਆਪਣੇ ਨਾਮ ਨਾਲ 'ਸਿੰਘ' ਪਦ ਲਾਉਣ ਤੋਂ ਸ਼ਰਮ ਖਾਂਦਾ ਹੈ।

ਜੇਕਰ ਇਹ ਗਿਰਾਵਟ ਵਾਲੀ ਦਸ਼ਾ ਨਿਰਾ ਪਿਛੇ ਰਹੇ ਲੋਕਾਂ ਦੀ ਹੁੰਦੀ ਤਾਂ ਸ਼ਾਇਦ ਇਹ ਇਤਨੀ ਦੁਖਦਾਈ ਨਾ ਹੁੰਦੀ, ਪਰੰਤੂ ਨਿਤ ਨਵੇਂ ਸੂਰਜ ਕੇਸ ਕਤਲ ਕਰਾਉਣ ਅਤੇ ਦਾੜ੍ਹੀ ਕਟਵਾਉਣ ਦੀਆਂ ਘਟਨਾਵਾਂ ਆਦਿ ਸਿਖ ਘਰਾਣਿਆਂ ਅਤੇ ਗੁਰੂ-ਘਰ ਦੀ ਸੂਝ ਬੂਝ ਰਖਣ ਵਾਲੇ ਪੜ੍ਹੇ-ਲਿਖੇ ਖ਼ਾਨਦਾਨਾਂ; ਜਿਨ੍ਹਾਂ ਦੇ ਬਜ਼ੁਰਗ ਅਜ ਵੀ ਸਿਖ ਨੇਤਾਵਾਂ ਦੀ ਸ਼੍ਰੇਣੀ ਵਿਚ ਕਦਮ ਰਖਦੇ ਹਨ, ਅੰਦਰ ਵਰਤ ਰਹੀਆਂ ਹਨ। ਇਕ ਸਮਾਂ ਸੀ ਕਿ ਦੇਸ਼ ਦੀ ਕਿਸੇ ਨੁਕਰੇ ਕੋਈ ਸਿਖ ਨੌਜਵਾਨ ਕੇਸ ਕਤਲ ਕਰਾ ਦੇਂਦਾ, ਤਾਂ ਸਾਰੇ ਦੇਸ ਵਿਚ ਹਾਹਾਕਾਰ ਮਚ ਜਾਂਦਾ, ਪਰੰਤੂ ਅੱਜ ਕੋਈ ਦਿਨ ਖ਼ਾਲੀ ਨਹੀਂ ਜਾਂਦਾ ਜਦੋਂ ਅਜਿਹੀ ਘਟਨਾ ਨਾ ਵਾਪਰਦੀ ਹੋਵੇ। ਕੀ ਇਹ ਸਿਖ ਨੇਤਾਵਾਂ ਅਤੇ ਗੁਰਦੁਆਰਿਆਂ ਦੇ ਦਾਅਵੇਦਾਰ ਨੂੰ ਇਕ ਵੱਡਾ ਚੈਲੰਜ ਨਹੀਂ ?

ਇਹ ਹੈ ਅਸਰ ਉਹ ਭਿਆਨਕ ਸਿਖ-ਵਿਰੋਧੀ ਪ੍ਰਚਾਰ ਅਤੇ ਐਂਟੀ-ਸਿਖ ਪ੍ਰਾਪੇਗੰਡੇ ਦਾ, ਜਿਸ ਦੇ ਮੁਕਾਬਲੇ ਦਾ ਹਥਿਆਰ ਅਵਲ ਤਾਂ ਸਿਖ ਪਾਸ ਹੈ ਹੀ ਨਹੀਂ, ਅਤੇ ਜੇ ਥੋੜਾ ਬਹੁਤ ਹੈ ਤਾਂ ਉਹ ਸਮੁਚੀ ਕੌਮ ਦੀ ਬਜਾਏ ਕੌਮ ਦੇ ਅੱਡੋ ਅੱਡ ਧੜਿਆਂ ਤੇ ਪਾਰਟੀਆਂ ਦੇ ਹੱਥ ਹੈ, ਜਿਸ ਦਾ ਸਾਰਾ ਤਰਾਣ ਪਾਰਟੀ ਪ੍ਰਾਪੇਗੰਡੇ

ਲਈ ਲਗ ਜਾਂਦਾ ਹੈ ਅਤੇ ਸਾਂਝੇ ਕੌਮੀ ਮੁਫ਼ਾਦ ਅਣਛੋਹੇ ਹੀ ਧਰੇ ਰਹਿ ਜਾਂਦੇ ਹਨ। ਇਸ ਤਰ੍ਹਾਂ ਨਾਲ ਪ੍ਰਾਪੇਗੰਡੇ ਦੇ ਜੰਗ ਅੰਦਰ ਸਿਖ ਦੀ ਐਨ ਉਹੀ ਦਸ਼ਾ ਹੈ ਜੋ ਹਵਾਈ ਬੰਬਾਰੀ ਹੇਠ ਉਨ੍ਹਾਂ ਲੋਕਾਂ ਦੀ ਹੁੰਦੀ ਹੈ ਜਿਨ੍ਹਾਂ ਪਾਸ ਐਂਟੀ-ਏਅਰ-ਕਰਾਫ਼ਟ-ਗੰਨ ਹੈ ਨਹੀਂ, ਅਤੇ ਜੇ ਹੈ ਤਾਂ ਉਹ ਮਿਸ ਫ਼ਾਇਰ ਕਰਦੀ ਹੈ।

ਆਰਥਕ ਤੇ ਰਾਜਨੀਤਿਕ ਪਹਿਲੂ ਤੋਂ ਸਿਖ ਦੀ ਮੌਜੂਦਾ ਦਸ਼ਾ ਸਮਝਾਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਸਿਖ ਸਭ ਤੋਂ ਪਹਿਲੋਂ ਇਕ ਫ਼ੌਜੀ ਜੀਵਨ ਸੀ ਜਾਂ ਹਲ ਵਾਹਕ ਕਾਸ਼ਤਕਾਰ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਲੈ ਕੇ ਸਿਖ ਰਾਜ ਦੇ ਅੰਤ ਤਕ ਇਸ ਦਾ ਵਿਸ਼ੇਸ਼ ਕਿੱਤਾ ਫ਼ੌਜ ਅੰਦਰ ਸੀ। ਭਾਵੇਂ ਇਹ ਸੇਵਾ ਭਾਵ ਅਥਵਾ ਮਜ਼ਲੂਮ ਦੀ ਰੱਖਿਆ ਅਤੇ ਦੇਸ਼ ਦੀ ਆਜ਼ਾਦੀ ਲਈ ਬਿਨਾਂ ਦਾਮੋਂ ਖ਼ਾਲਸਾ ਫ਼ੌਜ ਦਾ ਸਿਪਾਹੀ ਬਣਿਆ ਤੇ ਭਾਵੇਂ ਨੌਕਰੀ ਦੀ ਭਾਵਨਾ ਲੈ ਕੇ ਸਿਖ ਸਰਦਾਰਾਂ ਅਤੇ ਰਾਜੇ ਮਹਾਰਾਜਿਆਂ ਪਾਸ ਭਰਤੀ ਹੋਇਆ, ਇਹ ਵਿਸ਼ੇਸ਼ ਕਰਕੇ ਫ਼ੌਜੀ ਸਿਪਾਹੀ ਸੀ। ਅੰਗਰੇਜ਼ ਦੇ ਪੰਜਾਬ ਲੈਣ ਮਗਰੋਂ ਇਸਦੀ ਤਲਵਾਰ ਇਸ ਦੇ ਹੱਥੋਂ ਜਾਂਦੀ ਰਹੀ ਅਤੇ ਕੁਝ ਸਮਾਂ ਇਸ ਨੇ ਬੜੀ ਡਾਵਾਂ-ਡੋਲ ਦਸ਼ਾ ਵਿਚ ਗੁਜ਼ਾਰੀ। ਪਰੰਤੂ ਛੇਤੀ ਹੀ ਅੰਗਰੇਜ਼ ਦੇ ਅੰਦਰ ਇਸ ਦੀ ਫ਼ੌਜੀ ਸਮਰੱਥਾ ਦਾ ਅਹਿਸਾਸ ਜਾਗਿਆ ਅਤੇ ਇਸ ਨੂੰ ਮੁੜ ਫ਼ੌਜ ਵਿਚ ਥਾਂ ਮਿਲਣੀ ਅਰੰਭ ਹੋ ਗਈ ਅਤੇ ਜੋ ਫ਼ੌਜ ਅੰਦਰ ਨਾ ਸਮਾਏ ਜਾ ਸਕੇ, ਉਹਨਾਂ ਨੂੰ ਖੇਤੀ-ਬਾੜੀ ਵਲ ਲਾਈ ਰਖਣ ਲਈ ਅੰਗਰੇਜ਼ ਨੇ ਇਸ ਦੇ ਲਈ ਸਾਂਦਲ, ਨੀਲੀ ਤੇ ਗੰਜੀ ਬਾਰਾਂ ਦੇ ਦਰ ਖੋਲ੍ਹ ਦਿਤੇ, ਜਿਨ੍ਹਾਂ ਅੰਦਰ ਇਹ ਨਿਰਾ ਰੁਝ ਹੀ ਨਾ ਗਿਆ, ਬਲਕਿ ਇਸ ਨੇ ਆਪਣੀ ਆਰਥਕ ਦਸ਼ਾ ਭੀ ਉੱਨਤ ਕਰ ਲਈ ਅਤੇ ਘਰੋਗੀ ਸੁਖਿਆਰਾ ਜੀਵਨ ਬਿਤਾਉਣ ਦਾ ਸਵਾਦ ਭੀ ਇਸ ਨੂੰ ਪੈ ਗਿਆ। ਸਿੱਖਾਂ ਦੀ ਵਧਦੀ ਵਸੋਂ ਨੂੰ ਰੁਝਾਈ ਰੱਖਣ ਲਈ ਤੀਜਾ ਕਿੱਤਾ, ਜਿਸ ਵਲ ਇਸ ਦਾ ਰੁੱਖ ਹੋਇਆ, ਉਹ ਟਰਾਂਸਪੋਰਟ ਦਾ ਕੰਮ ਸੀ, ਜਿਸ ਵਿਚ ਭੀ ਇਸ ਨੇ ਚੰਗੀ ਥਾਂ ਪ੍ਰਾਪਤ ਕਰ ਲਈ। ਦੇਸ਼ ਆਜ਼ਾਦ ਹੋਣ ਸਮੇਂ ਸਿਖ ਨੇ ਸਮੁਚੇ ਤੌਰ 'ਤੇ ਇਕ ਉਚੇਰੀ ਮਿਡਲ ਕਲਾਸ (ਦਰਮਿਆਨੀ ਸ਼ਰੇਣੀ) ਵਿਚ ਆਪਣੀ ਥਾਉਂ ਬਣਾ ਲਈ ਹੋਈ ਸੀ ਅਤੇ ਉਕਤ ਤਿੰਨਾਂ ਹੀ ਕਿਤਿਆਂ ਅੰਦਰ ਉਹ ਚੰਗੀ ਵਡਿਆਈ ਵਾਲੀ ਪਦਵੀ ਰਖਦਾ ਸੀ।

ਆਜ਼ਾਦੀ ਮਿਲਣ ਮਗਰੋਂ ਉਹ ਬਾਰਾਂ, ਜਿਨ੍ਹਾਂ ਨੇ ਇਸ ਦੀ ਆਰਥਕ ਦਸ਼ਾ ਨੂੰ ਉਚਿਆਂ ਕੀਤਾ ਸੀ, ਇਸ ਪਾਸੋਂ ਖੁਸ ਗਈਆਂ ਅਤੇ ਜੋ ਥੋੜੀਆਂ ਬਹੁਤ ਜ਼ਮੀਨਾਂ ਉਹ ਇਧਰ ਆ ਕੇ ਪ੍ਰਾਪਤ ਕਰ ਸਕਿਆ ਜਾਂ ਹੋਰ ਪ੍ਰਾਪਤ ਕਰਨ ਦੀ ਆਸ ਰਖਦਾ ਸੀ, ਉਹ ਆਮ ਜ਼ਮੀਨਾਂ ਦੀ ਮਾਲਕੀ ਉਪਰ ਸਾਢੇ 7 ਹੈਕਟਰ ਦੀ ਪਾਬੰਦੀ ਵਾਲੇ ਕਾਨੂੰਨ ਨੇ ਖ਼ਤਮ ਕਰ ਦਿਤੀ ਅਤੇ ਇਸਦੀ ਦਸ਼ਾ ਹੇਠਲੇ ਦਰਜੇ ਦੀ ਮਿਡਲ ਕਲਾਸ ਤੋਂ ਭੀ ਨੀਵੀਂ ਹੋਣੀ ਸ਼ੁਰੂ ਹੋ ਗਈ। ਘੱਟ-ਗਿਣਤੀ ਕੌਮਾਂ ਵਾਲੀਆਂ ਸਾਰੀਆਂ

ਅੰਦਰ ਉਹ ਪਵਿੱਤਰਤਾ, ਜੋ ਨਾਮ-ਸਿਮਰਨ ਅਤੇ ਸੇਵਾ ਨਾਲ ਹੀ ਪੈਦਾ ਹੋ ਸਕਦੀ ਹੈ, ਨਹੀਂ ਰਹੀ। ਸਾਡੇ ਜੀਵਨ ਗੁਰਬਾਣੀ ਦੀ ਸੂਝ ਹੁੰਦਿਆਂ ਹੋਇਆਂ ਅਮਲ-ਹੀਣ ਅਤੇ ਨਾਮ-ਸਿਮਰਨ ਤੋਂ ਕੋਰੇ ਹੋ ਚੁਕੇ ਹਨ। ਸੇਵਾ ਭਾਵਨਾ ਉੱਕਾ ਹੀ ਜਾਂਦੀ ਰਹੀ ਹੈ। ਵਿਰੋਧੀ ਪ੍ਰਭਾਵ ਨਾਲ ਸਫਲ ਟੱਕਰ ਲੈਣ ਲਈ ਭੀ ਆਪਣੇ ਅੰਦਰ 'ਆਤਮ-ਬਲ' ਪੈਦਾ ਕਰਨ ਦੀ ਲੋੜ ਹੋਇਆ ਕਰਦੀ ਹੈ, ਜੋ ਕੇਵਲ ਸਿਮਰਨ ਤੇ ਸੇਵਾ ਨਾਲ ਗੁਰਬਾਣੀ ਦੀ ਰਹਿਨੁਮਾਈ ਵਿਚ ਹੋ ਸਕਦਾ ਹੈ।

ਦਸਮੇਸ਼ ਪਿਤਾ ਜੀ ਨੇ ਇਸ ਨੂੰ 'ਸਿਮਰਨ', 'ਸੇਵਾ' ਅਤੇ 'ਸ਼ਹੀਦੀ' ਦੀ ਕੁਠਾਲੀ ਅੰਦਰ ਢਾਲ ਕੇ ਖ਼ਾਲਸ ਕੁੰਦਨ ਕੀਤਾ ਸੀ ਅਤੇ ਸੰਸਾਰ ਦੀਆਂ ਮੈਲਾਂ ਕੁਚੇਲਾਂ ਦੇ ਪ੍ਰਭਾਵਾਂ ਤੋਂ ਬੱਚ ਕੇ ਰਹਿਣ ਦੀ ਸੂਚਨਾ ਦੇਂਦੇ ਹੋਏ ਕਿਹਾ ਸੀ ਕਿ:

ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥

ਹਾਂ, ਹਜ਼ੂਰ ਨੇ ਖ਼ਾਲਸੇ ਨੂੰ ਨਿਆਰਾ ਬਣਾਇਆ ਸੀ, ਨਿਰਾ ਰੂਪ ਵਿਚ ਨਹੀਂ, ਬਲਕਿ ਇਸਦਾ ਨਿਆਰਾਪਣ ਇਸ ਦੇ ਨਿਤਾਪ੍ਰਤ ਦੇ ਜੀਵਨ ਵਿਚ ਸੀ, ਇਸ ਦੇ ਆਚਰਨ ਵਿਚ ਸੀ, ਇਸ ਦੀ ਕਥਨੀ, ਕਰਨੀ ਤੇ ਰਹਿਣੀ ਵਿਚ ਸੀ। ਇਹ ਰਾਜ-ਜੋਗੀ ਸੀ, ਇਹ ਨਿਰਲੇਪ ਗ੍ਰਿਹਸਥੀ ਸੀ, ਇਹ ਸ਼ਸਤ੍ਰ-ਧਾਰੀ ਭਗਤ ਸੀ, ਇਹ ਨਾਮ-ਰਸੀਆ ਸੂਰਮਾ ਸੀ, ਮੌਤ ਇਸ ਦਾ ਜੀਵਨ, ਤੇ ਦੁਖ ਇਸ ਦਾ ਦਾਰੂ ਸੀ, ਇਹ ਦੀਨ ਦੁਖੀ ਤੇ ਅਬਲਾ ਦਾ ਸਹਾਰਾ ਸੀ, ਇਸ ਦਾ ਧਨ ਧਾਮ ਤੇ ਆਪਣਾ-ਆਪ ਗੁਰੂ ਦਾ ਸੀ, ਇਹ ਧਰਮ ਦੀ ਕਿਰਤ ਕਰਦਾ ਤੇ ਵੰਡ ਛਕਦਾ ਸੀ, ਇਹ ਸਰਬੱਤ ਦੇ ਭਲੇ ਵਿਚ ਆਪਣਾ ਭਲਾ ਲੱਭਦਾ ਸੀ। ਇਸ ਦਾ ਜੀਊਣਾ ਮਰਨਾ ਮਨੁੱਖਤਾ ਲਈ ਸੀ। ਇਸ ਨੂੰ ਆਉਂਦਾ ਤਕ ਮਜ਼ਲੂਮ ਨੂੰ ਜਾਨ ਪੈਂਦੀ ਅਤੇ ਜ਼ਾਲਮ ਭੈ ਖਾਂਦਾ ਸੀ, ਮੁਸੀਬਤ ਵਿਚ ਘਿਰੀ ਅਬਲਾ ਇਸਤ੍ਰੀ ਲਈ ਇਸ ਦਾ ਆਉਣਾ ਸਕੇ ਵੀਰ ਦੇ ਬਹੁੜਨ ਤੁੱਲ ਸੀ। ਪਰ-ਇਸਤ੍ਰੀ ਨੂੰ ਇਹ ਧੀ ਭੈਣ ਸਮਝਦਾ ਅਤੇ ਪਰਾਏ ਮਾਲ ਅਤੇ ਪੂਜਾ ਦੇ ਧਾਨ ਨੂੰ 'ਵਿਹੁ ਖੰਡੂ ਪਾਜ' ਜਾਣਦਾ ਸੀ।

ਇਹ ਸੀ ਇਸਦਾ ਨਿਆਰਾਪਣ! ਇਸਦੀ ਪਛਾਣ ਇਸਦੀ ਸਾਬਤ ਸੂਰਤ ਅਤੇ ਸਿਰ ਪਰ ਦਸਤਾਰ ਤੋਂ ਕੀਤੀ ਜਾਂਦੀ ਸੀ। ਇਹ ਨਿਆਰਾਪਣ ਸਾਡੇ ਵਿਚੋਂ ਜਾ ਰਿਹਾ ਹੈ ਅਤੇ ਅਸੀਂ ਚੁਰਾਸੀ ਦੇ ਧੂੰਆਂ-ਧਾਰ ਅੰਦਰ ਅਲੋਪ ਹੁੰਦੇ ਜਾ ਰਹੇ ਹਾਂ।

ਸਾਡੇ ਕਈ ਸਿਖ ਨੇਤਾ ਆਪਣੇ ਭਾਸ਼ਨਾਂ ਅੰਦਰ 'ਰਾਜ ਬਿਨਾ ਨਹੀਂ ਧਰਮ ਚਲੈ ਹੈ' ਦਾ ਸਹਾਰਾ ਲੈ ਕੇ ਸਿਖ ਸੋਚਣੀ ਨੂੰ ਰਾਜਨੀਤੀ ਦਾ ਦੁਬੇਲ ਬਣ ਤੁਰਨ ਦੀ ਪ੍ਰੇਰਨਾ ਦੇਂਦੇ ਹਨ ਅਤੇ ਇਸ ਵਿਚ ਸ਼ੱਕ ਭੀ ਕੋਈ ਨਹੀਂ ਕਿ ਸਾਡਾ ਜ਼ੋਰ ਵਧੇਰੇ ਕਰਕੇ ਸਿਆਸੀ ਸਥਿਤੀ ਨੂੰ ਉੱਚਾ ਉਠਾਉਣ 'ਤੇ ਹੀ ਲੱਗ ਰਿਹਾ ਹੈ। ਸੱਤਾ-ਧਾਰੀ ਹੋਣਾ ਮਾੜੀ ਗੱਲ ਨਹੀਂ, ਬਸ਼ਰਤੇ ਕਿ ਅਸੀਂ ਇਸੇ ਨੂੰ ਹੀ ਆਪਣਾ ਨਿਸ਼ਾਨਾ ਜਾਂ

ਰਿਆਇਤਾਂ, ਜੋ ਇਸ ਨੂੰ ਵੱਖਰੀ ਕੌਮ ਹੋਣ ਦੇ ਨਾਤੇ ਅੰਗਰੇਜ਼ ਦੇ ਸਮੇਂ ਪ੍ਰਾਪਤ ਸਨ, ਇਸ ਪਾਸੋਂ ਜਾਂਦੀਆਂ ਰਹੀਆਂ। ਫ਼ੌਜੀ ਭਰਤੀ ਬਾਰੇ ਸਰਕਾਰ ਦੀ ਨੀਤੀ, ਜਿਸ ਅਨੁਸਾਰ ਹਰ ਕੌਮ ਅਤੇ ਹਰ ਇਲਾਕੇ ਦੇ ਗਭਰੂਆਂ ਦੀ ਗਿਣਤੀ ਦੇ ਤਨਾਸਬ ਨਾਲ ਉਨ੍ਹਾਂ ਵਿਚੋਂ ਫ਼ੌਜੀ ਰੰਗਰੂਟ ਤੇ ਅਫ਼ਸਰ ਲੈ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ, ਨੇ ਸਿਖ ਦੀ ਉੱਨਤੀ ਅਤੇ ਆਰਥਕ ਖ਼ੁਸ਼ਹਾਲੀ ਨੂੰ ਇਸ ਬੰਨੇ ਵੀ ਠੱਲ੍ਹ ਪਾ ਦਿਤੀ ਹੈ। ਜਿਥੇ ਇਸ ਤੋਂ ਪਹਿਲੋਂ 30 ਤੋਂ 40 ਸਿਖ ਗੱਭਰੂ ਲਏ ਜਾਂਦੇ ਸਨ ਉਥੇ ਹੁਣ ਦੋ ਤੋਂ ਵੱਧ ਨਹੀਂ ਲਏ ਜਾਣਗੇ। ਇਸ ਤਰ੍ਹਾਂ ਫ਼ੌਜੀ ਅਤੇ ਹੋਰ ਨੌਕਰੀਆਂ ਅੰਦਰ ਵੀ ਇਸ ਦੀ ਵਿਸ਼ੇਸ਼ ਥਾਉਂ ਨਾ ਰਹਿ ਸਕੀ ਅਤੇ ਹੁਣ ਟਰਾਂਸਪੋਰਟ ਦੇ ਸਣੇ ਸਣੇ ਨੈਸ਼ਨਲਾਈਜ਼ ਹੁੰਦੇ ਜਾਣ ਨੇ ਸਿਖ ਆਸ ਦਾ ਉਧਰ ਭੀ ਲੱਕ ਤੋੜ ਦਿਤਾ ਹੈ। ਇਹ ਹਨ ਸਿਖ ਦੀ ਆਰਥਕ ਦਸ਼ਾ ਨੂੰ ਨੀਵੇਂ ਲੈ ਜਾਣ ਦੇ ਕੁਝ ਕੁ ਕਾਰਨ, ਜਿਨ੍ਹਾਂ ਦੀ ਜ਼ਿੰਮੇਵਾਰੀ ਮੁੜ ਘਿੜ ਕੇ ਦੇਸ਼ ਦੀ ਆਜ਼ਾਦ ਸਰਕਾਰ 'ਤੇ ਆਉਂਦੀ ਹੈ, ਜਿਸ ਦੇ ਅੰਦਰ ਰਾਜਨੀਤਕ ਤੌਰ 'ਤੇ ਸਿਖ ਦੀ ਆਵਾਜ਼ ਨਾ ਹੋਣ ਦੇ ਤੁੱਲ ਹੈ, ਕਿਉਂਕਿ ਇਸ ਰਾਜ ਦੀ ਬਣਤਰ ਦਾ ਸਾਧਨ ਸਿਰਾਂ ਦੀ ਗਿਣਤੀ ਹੈ, ਜਿਨ੍ਹਾਂ ਵਿਚ ਸਿਖ ਦੀ ਥਾਂ ੧.੮ ਪ੍ਰਤੀਸ਼ਤ ਤੋਂ ਵਧ ਨਹੀਂ।

ਉਕਤ ਸਮਾਜਕ, ਮਨੋ-ਵਿਗਿਆਨਕ, ਆਰਥਕ ਤੇ ਰਾਜਨੀਤਕ ਵਿਰੋਧ ਆਪਣਾ ਕੰਮ ਇਤਨੀ ਤੇਜ਼ੀ ਨਾਲ ਕਰ ਰਹੇ ਹਨ ਕਿ ਸਾਲ ਦਾ ਕੰਮ ਦਿਨਾਂ ਵਿਚ ਹੀ ਮੁਕਾ ਰਿਹਾ ਹੈ। ਵਿਰੋਧੀ ਪ੍ਰਭਾਵ ਸਿੱਖੀ ਦੇ ਕਿਲ੍ਹੇ ਦਾ ਦਰਵਾਜ਼ਾ ਤੋੜ ਚੁਕੇ ਹਨ, ਪਰੰਤੂ ਇਹ ਆਪਣੇ ਧਿਆਨ ਮਸਤ ਦਾਲ ਰੋਟੀ ਵੰਡ ਰਿਹਾ ਹੈ—ਖ਼ਾਲਸਾ! ਰਤਾ ਕੁ ਸੋਚ ਕਿ ਤੂੰ ਕਿਧਰ ਜਾ ਰਿਹਾ ਹੈਂ? ਕੀ ਤੂੰ ਹੀ ਸੈਂ ਜਿਸ ਲਈ ਦਸਮੇਸ਼ ਜੀ ਨੇ ਕਿਹਾ ਸੀ:

ਖਾਲਸਾ ਮੇਰੋ ਰੂਪ ਹੈ ਖਾਸ ?

ਸਿਖ ਦੀ ਮੌਜੂਦਾ ਹੀਣਤਾ ਵਾਲੀ ਦਸ਼ਾ ਦਾ, ਉਤੇ ਲਿਖੇ ਜਾ ਚੁਕੇ ਕਾਰਨਾਂ ਤੋਂ ਇਲਾਵਾ, ਇਕ ਵਿਸ਼ੇਸ਼ ਤੇ ਵੱਡਾ ਕਾਰਨ ਸਿਖ ਨੇਤਾਵਾਂ, ਗੁਰਦੁਆਰਾ ਪ੍ਰਬੰਧਕਾਂ ਅਤੇ ਧਰਮ ਪ੍ਰਚਾਰਕਾਂ ਅੰਦਰ ਸੁਆਰਥ-ਸਿਧੀ ਦੇ ਜਜ਼ਬੇ ਦਾ ਜ਼ੋਰ ਅਤੇ ਤਿਆਗ ਬਿਰਤੀ ਦਾ ਘਟ ਹੋ ਜਾਣਾ ਹੈ। ਇਹੋ ਕਾਰਨ ਹੈ ਕਿ ਜਿਸ਼ ਲਈ ਅਸੀਂ ਇਕ ਦੂਸਰੇ ਨੂੰ ਨੀਵਾਂ ਵਿਖਾਉਣ ਦਾ ਹੀ ਸਦਾ ਸੋਚਦੇ ਹਾਂ, ਜਿਸ ਨਾਲ ਧੜੇਬਾਜ਼ੀ ਦੇ ਪੈਰ ਮਜ਼ਬੂਤ ਹੁੰਦੇ ਜਾ ਰਹੇ ਹਨ। ਅਤੇ ਫਿਰ ਅਸੀਂ ਕੌਮ ਦੀ ਸਮੁੱਚੀ ਭਲਾਈ ਨਾਲੋਂ ਆਪਣੇ ਆਪਣੇ ਧੜੇ ਦੇ ਵਾਧੇ ਵਲ ਲਗ ਜਾਂਦੇ ਹਾਂ, ਜਿਸ ਗੱਲ ਨੇ ਕੌਮ ਦਾ ਸਿਰ ਇਤਨਾ ਨੀਵਾਂ ਕਰ ਰਖਿਆ ਹੈ। ਜਿਸ ਦਾ ਮੁਢਲਾ ਕਾਰਨ, ਇਹੋ ਤਿਆਗ-ਬਿਰਤੀ ਦੀ ਅਣਹੋਂਦ ਹੀ ਹੈ, ਜਿਸ ਦਾ ਵਾਹਿਦ ਇਲਾਜ ਸਿੱਖੀ ਆਚਰਨ ਦਾ ਮੁੜ ਵਿਕਾਸ ਹੈ। ਸਾਡੇ

ਅੱਜ ਸਿੱਖਾਂ ਦੀ ਸ਼੍ਰੋਮਣੀ ਜਮਾਤ ਪੰਜਾਬ ਅੰਦਰ ਸੱਤਾਧਾਰੀ ਹੈ, ਕੀ ਪੰਜਾਬ ਦੀ ਜਨਤਾ ਸਮੁੱਚੇ ਤੌਰ ਅਤੇ ਸਿਖ ਵਿਸ਼ੇਸ਼ ਤੌਰ 'ਤੇ ਕੋਈ ਆਸ ਕਰ ਸਕਦੇ ਹਨ ਕਿ ਉਨ੍ਹਾਂ ਦੇ ਸਮੇਂ ਅੰਦਰ ਧਰਮ ਤੇ ਸਦਾਚਾਰ ਦੀਆਂ ਭਾਵਨਾਵਾਂ ਨੂੰ ਜਗਾਇਆ ਤੇ ਉਭਾਰਿਆ ਜਾਵੇਗਾ ? ਬਤੌਰ ਸਿਖ ਸਾਡੀ ਇੱਛਾ ਹੋਵੇਗੀ ਕਿ ਅਸੀਂ ਵੇਖੀਏ ਕਿ ਇਸ ਸਮੇਂ ਅੰਦਰ ਸਿੱਖੀ ਕਿਥੋਂ ਤਾਈਂ ਪ੍ਰਫੁੱਲਤ ਹੋਈ ਹੈ। ਕੀ ਸਾਡੇ ਬੱਚੇ, ਸਾਡੇ ਵਿਦਿਆਰਥੀ ਤੇ ਸਾਡੇ ਨੌਜਵਾਨ ਫ਼ੈਸ਼ਨ-ਪ੍ਰਸਤੀ ਤੇ ਆਚਰਣ-ਹੀਨਤਾ ਅੰਦਰ ਪਹਿਲੇ ਵਾਂਙ ਹੀ ਗ੍ਰਸਤ ਹਨ ਜਾਂ ਇਨ੍ਹਾਂ ਦਾ ਕੋਈ ਕਰਮ-ਧਰਮ ਨੇਕੀ ਸੇਵਾ ਵਲ ਭੀ ਵਧਿਆ ਹੈ। ਕਿਉਂ ਨਾ ਪੰਜਾਬ ਸਰਕਾਰ ਸਕੂਲਾਂ ਕਾਲਜਾਂ ਅੰਦਰ ਧਰਮ ਤੇ ਸਦਾਚਾਰ ਦੀ ਸਿਖਿਆ ਵਿਚ ਭੀ ਭਾਰਤ ਨੂੰ ਉਵੇਂ ਹੀ ਅਗਵਾਈ ਦੇਵੇ, ਜਿਵੇਂ ਇਸ ਨੇ ਇਸ ਦੇ ਕਈ ਹੋਰ ਮਾਮਲਿਆਂ ਵਿਚ ਕੀਤਾ ਹੈ ? ਕਿਉਂ ਨਾ ਪੇਂਡੂ ਪੰਚਾਇਤਾਂ ਨੂੰ ਧਰਮ ਤੇ ਸਦਾਚਾਰ ਦੇ ਵਾਧੇ ਅਤੇ ਸ਼ਰਾਬ ਆਦਿ ਨਸ਼ਿਆਂ ਦੀ ਰੋਕ-ਥਾਮ ਲਈ ਵਿਸ਼ੇਸ਼ ਪ੍ਰੋਗਰਾਮ ਦਿਤੇ ਜਾਣ ਅਤੇ ਅਜਿਹੇ ਪੱਖਾਂ ਤੋਂ ਉਨ੍ਹਾਂ ਨੂੰ ਸਤਿਕਾਰ ਤੇ ਪ੍ਰਸੰਸਾ-ਪੱਤਰ ਭੇਟ ਕੀਤੇ ਜਾਣ, ਥਾਂ-ਪਰ-ਥਾਂ ਜਲਸੇ ਕਰ ਕੇ ਸਮੁੱਚੇ ਤੌਰ 'ਤੇ ਪੇਂਡੂ ਸੁਧਾਰ ਦੇ ਕਾਰਜ ਕੀਤੇ ਜਾਣ ਅਤੇ ਮੁਖ ਥਾਂ ਹਾਸਲ ਕਰਨ ਵਾਲੇ ਪਿੰਡਾਂ ਨੂੰ ਵਿਸ਼ੇਸ਼ ਰਿਆਇਤਾਂ ਦਿਤੀਆਂ ਜਾਣ ?

ਅੰਗਰੇਜ਼ ਰਾਜ ਸਮੇਂ ਭੀ ਦਿਹਾਤ-ਸੁਧਾਰ ਨਾਮ ਦਾ ਵਿਸ਼ੇਸ਼ ਮਹਿਕਮਾ ਪਿੰਡਾਂ ਦੀ ਭਲਾਈ ਦੇ ਅਨੇਕ ਕਿਸਮ ਦੇ ਪ੍ਰੋਗਰਾਮ ਨਿਭਾਇਆ ਕਰਦਾ ਸੀ, ਕੀ ਸਾਡੀ ਆਪਣੀ ਸਰਕਾਰ ਐਸਾ ਕਰਨ ਦੇ ਸਮਰੱਥ ਨਹੀਂ ? ਇਹ ਠੀਕ ਹੈ ਕਿ ਕਈ ਥਾਈਂ ਪਿੰਡਾਂ ਦੀਆਂ ਪੰਚਾਇਤਾਂ ਨੇ ਗਲੀਆਂ ਸੜਕਾਂ ਨਾਲੀਆਂ ਆਦਿ ਬਣਾ ਦੇਣ ਦੇ ਚੰਗੇ ਉਦਮ ਕੀਤੇ ਹਨ, ਪ੍ਰੰਤੂ ਕੀ ਇਖ਼ਲਾਕੀ ਤੇ ਧਾਰਮਿਕ ਤੌਰ 'ਤੇ ਲੋਕ-ਰੁਚੀ ਨੂੰ ਉੱਚਾ ਚੁੱਕਣਾ ਸਾਡੀ ਸਰਕਾਰ ਦਾ ਫ਼ਰਜ਼ ਨਹੀਂ ? ਸਿੱਖੀ ਦਾ ਮੁਖ ਕਰਮ ਹੀ ਆਚਰਣ-ਉਸਾਰੀ ਹੈ, ਜਿਸ ਦੇ ਲਈ ਧਰਮ-ਸਿਖਿਆ ਇਕ ਮੁਖ ਸਾਧਨ ਹੈ, ਜਿਸ ਵਲ ਸਰਕਾਰਾਂ ਨੂੰ ਖ਼ਾਸ ਧਿਆਨ ਦੇਣਾ ਚਾਹੀਦਾ ਹੈ।

ਜਿਥੋਂ ਤਕ ਮੌਜੂਦਾ ਸਿਖ ਦਸ਼ਾ (ਖ਼ਾਸ ਕਰ ਪਿੰਡਾਂ ਅਤੇ ਸਕੂਲਾਂ ਕਾਲਜਾਂ ਅੰਦਰ) ਦਾ ਸਵਾਲ ਹੈ, ਸਾਡੀਆਂ ਧਾਰਮਿਕ ਜਮਾਤਾਂ, ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ ਤੇ ਸਟੂਡੈਂਟਸ ਫ਼ੈਡਰੇਸ਼ਨ ਨੂੰ ਇਸ ਬੰਨੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

੧੯੨੦-੨੫ ਦੀ 'ਅਕਾਲੀ ਲਹਿਰ' ਤੋਂ ਪਿਛੋਂ ਅਸੀਂ ਤਕਰੀਬਨ ਸੌਂ ਹੀ ਗਏ ਹਾਂ। ਖ਼ਾਸ ਕਰ ਦੇਸ਼ ਆਜ਼ਾਦ ਹੋਣ ਪਿਛੋਂ ਤਾਂ ਸਾਡੇ ਨੌਜਵਾਨਾਂ ਨੇ ਸ਼ਾਇਦ ਇਹ ਹੀ ਸੰਮਝ ਲਿਆ ਹੈ ਕਿ ਉਹ ਧਰਮ ਵਲੋਂ ਭੀ ਆਜ਼ਾਦ ਹੋ ਗਏ ਹਨ। ਸਾਡੀਆਂ ਕਈ ਨਿਜੀ ਕਮਜ਼ੋਰੀਆਂ ਅਤੇ ਕੋਤਾਹੀਆਂ ਤੋਂ ਇਲਾਵਾ ਕਈ ਐਸੀਆਂ ਸ਼੍ਰੇਣੀਆਂ

ਗੋਲ ਨਾ ਬਣਾ ਲਈਏ। ਸੱਤਾ ਕਿਸੇ ਉਚੇਰੇ ਆਦਰਸ਼ ਦੀ ਪੂਰਤੀ ਲਈ ਹੋਵੇ, ਤਦ ਤਾਂ ਇਸ ਦਾ ਹੋਣਾ ਠੀਕ ਹੈ। ਆਪਣੇ ਆਪ ਵਿਚ ਇਹ ਇਕ ਸਾਧਨ ਹੈ, ਉਦੇਸ਼ ਨਹੀਂ। ਸਿੱਖੀ ਦਾ ਉਪਦੇਸ਼ ਸਤਿਗੁਰਾਂ ਨੇ 'ਧਰਮ ਚਲਾਵਨ ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ' ਵਿਚ ਅੰਕਤ ਕੀਤਾ ਹੈ, ਪ੍ਰੰਤੂ ਜੇ ਨਿਸ਼ਾਨਾ ਨਿਰਾ ਰਾਜ ਸੰਭਾਲਣਾ ਹੀ ਹੋਵੇ ਤਾਂ :

ਐਸੋ ਰਾਜ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥

(ਸੂਹੀ ਮ: ੫, ਪੰਨਾ ੭੪੫)

ਨਿਰੀ ਨਿਜੀ ਪ੍ਰਭਤਾ ਸਿਖ ਦਾ ਮੰਤਵ ਨਹੀਂ।

ਅਸਾਂ ਰਾਜ-ਸੱਤਾ ਨੂੰ ਧਰਮ, ਨੇਕੀ ਤੇ ਸਦਾਚਾਰ ਦੇ ਵਾਧੇ ਲਈ ਵਰਤਣਾ ਹੈ। ਜਿਸ ਕਿਸੇ ਥਾਉਂ ਭੀ ਸਾਨੂੰ ਇਹ ਪ੍ਰਾਪਤ ਹੈ, ਘੱਟੋ ਘੱਟ ਉਸ ਥਾਉਂ ਨੂੰ ਅਸੀਂ ਇਹ ਕਹਿਣ ਯੋਗ ਬਣਾ ਦੇਈਏ :

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥
ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥

(ਸਿਰੀਰਾਗੁ ਮ: ੫, ਪੰਨਾ ੭੪)

ਜੋ ਲੋਕ 'ਰਾਜ ਬਿਨਾ ਨਹੀਂ ਧਰਮ ਚਲੈ ਹੈ' ਦੀ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਇਮਾਨਦਾਰੀ ਨਾਲ ਆਪਣੇ ਅੰਦਰ ਝਾਤੀ ਮਾਰ ਕੇ, ਜਿਸ ਦੀ ਉਹ ਜਾਚਨਾ ਕਰਦੇ ਹਨ, ਉਸ ਦੇ ਚਿਹਨ-ਚਕ੍ਰ ਤਾਂ ਉਲੀਕਣੇ ਚਾਹੀਦੇ ਹਨ ਕਿ ਉਨ੍ਹਾਂ ਦਾ ਉਹ ਰਾਜ ਕੈਸਾ ਹੋਵੇਗਾ। ਉਹ ਧਰਮ ਦੇ ਵਾਧੇ ਲਈ ਉਸ ਰਾਜ ਵਿਚ ਕੀ ਕਰਨਗੇ, ਉਥੇ ਧਰਮ ਕਿਵੇਂ ਪ੍ਰਫੁੱਲਤ ਹੋਵੇਗਾ; ਭ੍ਰਿਸ਼ਟਾਚਾਰੀ, ਬਦ-ਦਿਆਨਤੀ; ਗਰੀਬ-ਮਾਰ ਕਿਵੇਂ ਖ਼ਤਮ ਕੀਤੀ ਜਾਵੇਗੀ ? ਹਰ ਗੱਲ ਕਰਨ ਤੋਂ ਪਹਿਲੋਂ ਉਸ ਦਾ ਪਲੈਨ ਉਲੀਕਿਆ ਜਾਂਦਾ ਹੈ, ਉਸ ਦੇ ਕਈ ਮੂਲ ਸੂਤਰ ਘੜੇ ਜਾਂਦੇ ਹਨ, ਉਸ ਦਾ ਚਿੱਤਰ ਉਲੀਕਿਆ ਜਾਂਦਾ ਹੈ। ਕੀ ਸਾਡੇ ਰਾਜ-ਅਭਿਲਾਸ਼ੀਆਂ ਤੇ 'ਰਾਜ ਕਰੇਗਾ ਖ਼ਾਲਸਾ' ਕਹਿਣ ਵਾਲਿਆਂ ਨੇ ਕਦੀ ਸੋਚਿਆ ਹੈ ਕਿ ਉਹ 'ਖ਼ਾਲਸਾ ਰਾਜ' ਕੀ ਤੇ ਕੈਸਾ ਹੋਵੇਗਾ ?

ਘੱਟੋ ਘੱਟ ਪੰਜਾਬ ਅੰਦਰ ਸਿੱਖੀ ਦੇ ਦਾਅਵੇਦਾਰ ਲੋਕਾਂ ਨੂੰ ਅਜਿਹੇ ਅਵਸਰ ਪ੍ਰਾਪਤ ਹੋਏ ਹਨ ਅਤੇ ਹੁਣ ਭੀ ਇਹ ਪ੍ਰਾਪਤ ਹੈ, ਪ੍ਰੰਤੂ ਉਨ੍ਹਾਂ ਦੇ ਸਾਹਮਣੇ ਕਿਸੇ ਮੁਸਤਕਿਲ ਦੋਰਪਾ ਪ੍ਰੋਗਰਾਮ ਦੀ ਉਲੀਕਣਾ ਨਾ ਹੋਈ ਹੋਣ ਕਰਕੇ ਉਹ ਆਪਣੀ ਸੱਤਾਧਾਰੀ ਸਥਿਤੀ ਦਾ ਕੋਈ ਵਿਸ਼ੇਸ਼ ਲਾਭ ਕੌਮ ਜਾਂ ਦੇਸ ਨੂੰ ਨਹੀਂ ਦੇ ਸਕਦੇ, ਕੇਵਲ ਵਕਤੀ ਗੱਲਾਂ ਨਜਿਠਣ (ਉਹ ਭੀ ਕੋਈ ਕੋਈ ਹੀ) 'ਤੇ ਹੀ ਸਮਾਂ ਗਵਾ ਲਿਆ ਜਾਂਦਾ ਹੈ।

ਸਾਡੇ ਵਿਚੋਂ ਹੀ ਉਭਰ ਆਈਆਂ ਹਨ, ਜਿਨ੍ਹਾਂ ਨੇ ਨਿਜੀ ਪ੍ਰਭਤਾ ਬਨਾਉਣ ਹਿਤ ਗੁਰੂ ਵਲ ਕੰਡ ਕਰਨ ਤੋਂ ਭੀ ਸੰਕੋਚ ਨਹੀਂ ਕੀਤਾ। ਗੁਰਮਤਿ ਦੇ ਵਿਖਾਵੇ ਹੇਠ ਕਈ ਤਰ੍ਹਾਂ ਦੀ ਮਨਮਤਿ ਪ੍ਰਚਾਰੀ ਜਾ ਰਹੀ ਹੈ, ਜਿਸ ਦੇ ਪ੍ਰਭਾਵ ਅਧੀਨ ਅਨੇਕ ਭੋਲੇ ਤੇ ਸਾਧਾਰਨ ਬੁਧੀ ਦੇ ਮਾਲਕ ਸਿੱਖੀ ਵਲੋਂ ਹੀ ਮੂੰਹ ਮੋੜ ਰਹੇ ਹਨ। ਅਨਮਤੀ ਲੋਕਾਂ ਨੇ ਸਾਡੀ ਇਸ ਕਮਜ਼ੋਰੀ ਦਾ ਲਾਭ ਲੈਂਦੇ ਹੋਏ, ਸਾਨੂੰ ਭਰਮਾਉਣ ਲਈ ਆਪਣੇ ਅੱਡੇ ਕਾਇਮ ਕੀਤੇ ਹੋਏ ਹਨ, ਬਲਕਿ ਕਈ ਤਰ੍ਹਾਂ ਦੀਆਂ ਬਦੇਸ਼ੀ ਵਿਚਾਰਧਾਰਾਂ ਪੈਸੇ ਦੇ ਜ਼ੋਰ ਸਾਨੂੰ ਖ਼ਰੀਦ ਰਹੀਆਂ ਹਨ। ਇਨ੍ਹਾਂ ਸਾਰਿਆਂ ਵਲੋਂ ਸਾਨੂੰ ਚੌਕਸ ਹੋਣ ਤੇ ਆਪਾ ਸੰਭਾਲਣ ਦੀ ਲੋੜ ਹੈ।

ਇਸ ਲਈ ਐ ਖ਼ਾਲਸਾ ਪੰਥ! ਆਪਣੇ ਬਚਾਉ ਦੀ ਸੂਰਤ ਕਰਨ ਦਾ ਕੋਈ ਹੀਲਾ ਕਰ, ਜਿਸ ਨਾਲ ਸਮੇਂ ਦੇ ਝੁਲ ਰਹੇ ਤੂਫ਼ਾਨ ਅੰਦਰ ਤੂੰ ਚਟਾਨ ਵਾਂਗ ਅਡੋਲ ਤੇ ਅਹਿਲ ਰਹਿ ਸਕੇਂ। ਇਸ ਵੇਲੇ ਇਧਰ ਉਧਰ ਦੀਆਂ ਆਸਾਂ ਲਾਹ ਕੇ 'ਨਿਰੋਲ ਖ਼ਾਲਸਾ' ਹੋ ਜਾਹ! ਆਪਣੀ ਨਵੀਂ ਪੁੰਗਰਦੀ ਪਨੀਰੀ ਨੂੰ ਸੰਭਾਲ! ਆਪਣੇ ਬੱਚਿਆਂ ਤੇ ਨੌਜਵਾਨਾਂ ਨੂੰ ਸਿਖ ਰਵਾਇਤਾਂ ਦਾ ਵਾਸਤਾ ਪਾ! ਸਿਖ ਇਤਿਹਾਸ ਸੁਣਾ ਤੇ ਇਹ ਦ੍ਰਿੜ੍ਹ ਕਰਾ ਕਿ ਉਹ ਸਿਖ ਹਨ, ਉਹੀ ਸਿੱਖੀ ਦੇ ਨਿਆਰੇ ਰੂਪ ਵਿਚ ਹੀ ਸੋਹਣੇ ਲਗ ਸਕਦੇ ਹਨ, ਕੋਈ ਹੋਰ ਰੂਪ ਲੈ ਕੇ ਉਹ ਬੇ-ਅੰਤਤਾ ਦੇ ਮਹਾਂ ਸਾਗਰ ਵਿਚ ਡੁਬ ਜਾਣਗੇ, ਉਨ੍ਹਾਂ ਦੀ ਪਛਾਣ ਭੀ ਜਾਂਦੀ ਰਹੇਗੀ। ਇਹ ਕੇਵਲ ਖ਼ਾਲਸਾ ਰੂਪ ਹੀ ਹੈ ਜਿਸ ਵਿਚ ਉਹ ਸੰਸਾਰ ਤੋਂ ਨਿਰਾਲੇ ਪ੍ਰਗਟ ਹੋ ਵਿਚਰਨਗੇ। ਇਹ ਸਰਾਦਰੀ ਰੂਪ ਹੈ, ਇਸ ਨੂੰ ਤਿਆਗ ਕੇ ਇਸ ਨੂੰ ਕਿਧਰੇ ਢੋਈ ਨਹੀਂ ਮਿਲੇਗੀ।

ਇਹ ਸੰਭਾਲ, ਬਲ ਧਾਰਨ ਤੋਂ ਬਿਨਾਂ ਨਹੀਂ ਹੋ ਸਕੇਗੀ। ਬਲ ਆਪਾ ਸੰਭਾਲਣ ਅਤੇ ਗੁਰੂ ਦੀ ਓਟ ਵਿਚ ਹੈ, ਨਿਜੀ ਜੀਵਨ ਉੱਚਾ ਕਰਨ ਵਿਚ ਹੈ, ਆਪ ਸਿਖ ਬਣਨ ਅਤੇ ਆਪਣੇ ਆਲੇ-ਦੁਆਲੇ ਸਿੱਖੀ ਵਾਤਾਵਰਣ ਪੈਦਾ ਕਰਨ ਵਿਚ ਹੈ, ਜਿਸ ਦੇ ਲਈ ਫ਼ੀ-ਜ਼ਮਾਨਾ ਸਭ ਤੋਂ ਵੱਡਾ ਹਥਿਆਰ ਪ੍ਰੈਸ ਅਤੇ ਪਲੇਟਫ਼ਾਰਮ ਹੈ। ਧੜੇ ਪੱਖ ਤੋਂ ਬਾਹਰ ਹੋ ਕੇ ਨਿਰੋਲ ਸਿਖ ਪ੍ਰੈਸ ਪੈਦਾ ਕਰ। ਇਹ ਕਿਸੇ ਇਕੱਲੇ ਦੁਕੱਲੇ ਦਾ ਕੰਮ ਨਹੀਂ। ਸਿਖ ਜੀਵਨੀਆਂ ਦੀ ਸੰਗਤ ਕਰ, ਜਿਸ ਸੰਗਤ ਦੇ ਹਰ ਪ੍ਰਾਣੀ ਦਾ ਇਹ ਮਾਟੋ ਹੋਵੇ, 'ਮੈਂ ਗੁਰੂ ਕਲਗੀਧਰ ਦਾ ਖ਼ਾਲਸਾ ਹਾਂ, ਮੇਰਾ ਅੰਦਰ ਬਾਹਰ, ਮੇਰਾ ਅੰਤਸ਼ਕਰਣ ਤੇ ਮੇਰਾ ਰੂਪ ਖ਼ਾਲਸਾ ਹੈ, ਮੈਂ ਖ਼ਾਲਸਾ ਰਹਾਂਗਾ।'

ਖਾਲਸਾ ਮੇਰੀ ਜਾਨ ਕੀ ਜਾਨ॥ ਖਾਲਸਾ ਮੇਰੋ ਪਿੰਡ ਅਰ ਪ੍ਰਾਣ॥

ਇਹ ਖ਼ਾਲਸਾ ਵਾਹਿਗੁਰੂ ਜੀ ਦਾ ਹੈ, ਇਸ ਲਈ ਇਹ ਸਦੀਵ-ਕਾਲ ਰਹੇਗਾ।

(੧)

ਦੇਖਾ-ਦੇਖੀ ਫ਼ੈਸ਼ਨ, ਸਿਨੇਮਾ, ਟੈਲੀਵੀਜ਼ਨ ਆਦਿ

ਅਤੇ

ਸਿੱਖੀ ਰੂਪ ਤੇ ਰਹਿਣੀ

ਆਮ ਕਰਕੇ ਲੋਕ-ਸੁਭਾਅ ਸੋਚਣ ਦਾ ਨਹੀਂ ਹੁੰਦਾ, ਬਲਕਿ ਵੇਖਾ ਵੇਖੀ ਤੁਰਨ ਦਾ ਹੁੰਦਾ ਹੈ। ਇਹ ਪਸ਼ੂ ਸੁਭਾਅ ਹੈ। ਕਿਹਾ ਹੈ: 'ਜਗ ਕੀ ਭੇਡਾ ਚਾਲ, ਚਲਤੇ ਕੇ ਪਾਛੇ ਚਲੇਂ।'

ਨੀਵੇਂ ਦਰਜੇ ਦੇ ਅਤੇ ਮਾਦਾ (ਜ਼ਨਾਨੇ) ਪਸ਼ੂਆਂ ਵਿਚ ਪਿਛੇ ਲਗ ਤੁਰਨ ਦੀ ਵਾਦੀ ਬਹੁਤ ਹੁੰਦੀ ਹੈ। ਨਰ ਅਥਵਾ ਮਰਦਊਪੁਣੇ ਵਾਲੇ ਪਸ਼ੂ, ਯਥਾ ਸ਼ੇਰ, ਘੋੜਾ, ਬਾਜ਼ ਕਿਸੇ ਦੂਜੇ ਦੇ ਪਿਛੇ ਘਟ ਤੁਰਦੇ ਹਨ।

ਆਜ਼ਾਦਾਨਾ ਸੋਚਣ ਵਾਲੇ ਮਨੁੱਖ ਭੀ ਦਲੇਰ ਤੇ ਲੀਡਰ-ਤਬਾ ਹੁੰਦੇ ਹਨ। ਇਸ ਦੇ ਉਲਟ ਜਿਨ੍ਹਾਂ ਦੀ ਬਿਰਤੀ ਆਜ਼ਾਦਾਨਾ ਤੌਰ 'ਤੇ ਸੋਚਣ ਦੀ ਨਹੀਂ ਹੁੰਦੀ, ਉਹ ਗ਼ੁਲਾਮਾਨਾ ਸੁਭਾਅ, ਕਮਜ਼ੋਰ, ਡਰੂ ਅਤੇ ਜੀ-ਹਜ਼ੂਰੀਏ ਹੁੰਦੇ ਹਨ।

ਸਦੀਆਂ ਬੱਧੀ ਭਾਰਤ ਦੀ ਗ਼ੁਲਾਮੀ ਦਾ ਕਾਰਨ ਭੀ ਭਾਰਤੀਆਂ ਦੀ ਇਹੋ ਬਿਰਤੀ ਸੀ। ਵਰਣ-ਵੰਡ ਨੇ ਜਦੋਂ ਇਕ ਸ਼੍ਰੇਣੀ ਨੂੰ ਉਪਰ ਚਾੜ੍ਹ ਕੇ ਹੋਰ ਸਾਰੀ ਜਨਤਾ ਨੂੰ ਇਨ੍ਹਾਂ ਦੇ ਪਾਣੀਹਾਰ ਕਰ ਦਿਤਾ ਅਤੇ ਜਨਤਾ ਅੰਦਰੋਂ ਸਵੈ-ਮਾਣ ਤੇ ਸਵੈ-ਸਤਿਕਾਰ ਵਾਲੇ ਅੰਸ਼ ਦਾ ਮਲੀਆਮੇਟ ਕਰ ਕੇ, ਉਨ੍ਹਾਂ ਲੋਕਾਂ ਨੂੰ ਬ੍ਰਾਹਮਣ ਦੇਵਤਾ ਦੇ ਪਿਛੇ ਪਿਛੇ ਤੁਰਨ ਦੀ ਵਾਦੀ ਪਾਈ, ਤਾਂ ਇਹ ਲੋਕ ਸਾਹਸ-ਹੀਣ ਹੋ ਗਏ। ਇਹਨਾਂ ਦੇ ਸਾਰੇ ਕਰਮ ਧਰਮ, ਰਹਿਣ ਸਹਿਣ ਬ੍ਰਾਹਮਣ-ਪ੍ਰਾਇਣ ਹੋ ਗਏ। ਇਹਨਾਂ ਅੰਦਰੋਂ ਆਪਣੀ ਸੋਚ-ਵਿਚਾਰ ਦਾ ਮਾਦਾ ਜਾਂਦਾ ਰਿਹਾ ਅਤੇ ਹਰ ਹਮਲਾ-ਆਵਰ ਅਗੇ ਇਹ ਭੇਡਾਂ ਵਾਂਙ ਹਿਕੇ ਜਾਂਦੇ ਰਹੇ।

ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦੀ ਮਰਜ਼ ਦੀ ਸਹੀ ਤਸ਼ਖ਼ੀਸ ਕੀਤੀ

ਅਤੇ ਹਰ ਮਨੁੱਖ ਨੂੰ, ਜੋ ਆਪ ਦਾ ਅਨਸਾਰੀ ਹੋਇਆ, 'ਦਾਸ' ਤੋਂ 'ਸਿੰਘ' ਬਣ ਕੇ ਵਿਚਰਨ ਦਾ ਹੁਕਮ ਦਿਤਾ। ਆਪ ਦੀ ਹਰ ਗੱਲ ਕ੍ਰਾਂਤੀ ਵਾਲੀ ਸੀ। ਇਹ ਕ੍ਰਾਂਤੀ ਬ੍ਰਾਹਮਣ ਦੇ ਅਤੇ ਦੇਸ ਦੀ ਮੁਗ਼ਲ ਰਾਜ-ਸੱਤਾ ਦੇ ਉਲਟ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਜ਼ਾਲਮ ਹਕੂਮਤ ਅਤੇ 'ਬਿਪਰਨ ਕੀ ਰੀਤ' ਦੇ ਉਲਟ ਨੰਗੀ ਬਗ਼ਾਵਤ ਕਰਨ ਦਾ ਐਲਾਨੀਆ ਹੁਕਮ ਦਿਤਾ। ਜਿਸ ਦਾ ਸਿੱਟਾ ਉਹ ਪਲਟਾ ਸੀ ਜੋ ਭਾਰਤ ਦੇ ਅਠਾਰ੍ਹਵੀਂ ਸਦੀ ਦੇ ਇਤਿਹਾਸ ਨੇ ਤਕਿਆ।

ਇਸ ਨੇ ਮੁਗ਼ਲ ਰਾਜ ਦਾ ਫ਼ਾਤਿਹਾ ਤਾਂ ਪੜ੍ਹ ਦਿਤਾ ਅਤੇ ਉਤਰ ਪਛਮੋਂ ਉਤਰਦੇ ਦੱਰੇ ਭੀ ਮੁੰਦ ਦਿਤੇ, ਪਰ ਇਹ ਪੰਜਾਹ ਸਠ ਸਾਲ ਦਾ ਸਮਾਂ ਇਨ੍ਹਾਂ ਲਈ ਆਪਣਾ ਘਰ ਸੰਭਾਲਣਾ ਕਠਨ ਹੋ ਗਿਆ, ਅਤੇ ਇਨ੍ਹਾਂ ਦੇ ਬਾਲ ਬੱਚੇ ਤੇ ਪਰਵਾਰ ਮੁੜ ਉਸੇ ਬ੍ਰਾਹਮਣੀ ਵਾਤਾਵਰਣ ਦੇ ਪ੍ਰਭਾਵ ਹੇਠ ਆ ਕੇ ਸੁਤੰਤਰ ਤੌਰ 'ਤੇ ਸੋਚਣਾ ਭੁੱਲ ਗਏ। ਉਹੋ ਰਸਮਾਂ ਰੀਤਾਂ ਕਰਨ ਅਤੇ ਓਹੋ ਪਿਛੇ ਲਗ ਤੁਰਨ ਦੀ ਵਾਦੀ, ਜਿਸ ਤੋਂ ਸਤਿਗੁਰਾਂ ਨੇ ਇਨ੍ਹਾਂ ਨੂੰ ਹੋੜਿਆ ਸੀ, ਇਨ੍ਹਾਂ ਨੂੰ ਫਿਰ ਪੈ ਗਈ।

ਅੰਧਾ-ਧੁੰਦ ਨਕਲ ਕਰਨ ਦੀ ਰੁਚੀ

ਲੋਕਾਂ ਦੇ ਵੇਖਾ-ਵੇਖੀ ਕਰਨ ਦੀ ਵਾਦੀ ਅੱਜ ਵੀ ਸਾਡੇ ਵਿਚ ਪ੍ਰਧਾਨ ਹੈ, ਜਿਸ ਦੀ ਇਕ ਛੋਟੀ ਜਿਹੀ ਘਟਨਾ ਮੇਰੇ ਸਾਹਮਣੇ ਵਾਪਰਨ ਨੇ ਮੈਨੂੰ ਇਸ ਬੰਨੇ ਸੋਚਣ ਦਾ ਮੌਕਾ ਦਿਤਾ, ਜਿਸ ਦਾ ਫਲਸਰੂਪ ਇਹ ਲੇਖ ਹੈ, ਜੋ ਪਾਠਕ ਅਗਲੇ ਪਤਰਿਆਂ ਵਿਚ ਪੜ੍ਹਨਗੇ। ਇਹ ਲਿਖਣ ਤੋਂ ਮੇਰਾ ਭਾਵ ਕਿਸੇ ਉਪਰ ਕੋਈ ਉਟੰਕਣ ਕਰਨ ਦਾ ਨਹੀਂ, ਸਗੋਂ ਇਹ ਦਸਣਾ ਹੈ ਕਿ ਅੰਧਾ-ਧੁੰਦ ਕਿਸੇ ਗੱਲ ਨੂੰ ਅਪਣਾਅ ਲੈਣਾ ਕੋਈ ਸਿਆਣਪ ਨਹੀਂ, ਖ਼ਾਸ ਕਰ ਜਦੋਂ ਅਜਿਹਾ ਕਰਨ ਦਾ ਕੋਈ ਲਾਭ ਨਾ ਹੋਵੇ, ਅਤੇ ਜਿਸ ਨਾਲ ਕਿਸੇ ਅਸੂਲ ਦਾ ਘਾਤ ਹੁੰਦਾ ਹੋਵੇ ਜਾਂ ਸਾਡੇ ਆਚਰਨ ਉਤੇ ਉਸ ਦਾ ਮਾੜਾ ਅਸਰ ਪੈਂਦਾ ਹੋਵੇ। **ਸਾਡੇ ਪਾਸ ਗੁਰਮਤਿ ਦੀ ਇਕ ਨਿਹਾਇਤ ਸੱਚੀ ਤੇ ਸੁੱਚੀ ਕਸਵੱਟੀ ਹੈ। ਜਿਹੜੀ ਗੱਲ ਇਸ ਕਸਵੱਟੀ 'ਤੇ ਪੂਰੀ ਨਹੀਂ ਉਤਰਦੀ, ਉਹ ਖੋਟੀ ਹੈ ਅਤੇ ਉਸ ਦਾ ਗ੍ਰਹਿਣ ਕਰਨਾ ਸਾਡੇ ਲਈ ਅਯੋਗ ਹੈ।**

ਘਟਨਾ ਇਉਂ ਹੈ ਕਿ ਇਕ ਸਿਖ ਬੱਚੀ ਦੀ ਪਹਿਲੀ ਵਰ੍ਹੇ-ਗੰਢ ਮਨਾਉਣ ਦਾ ਬੁਲਾਵਾ ਮੈਨੂੰ ਭੀ ਦਿਤਾ ਗਿਆ ਹੋਇਆ ਸੀ। ਬੁਲਾਉਣ ਵਾਲੇ ਆਪਣੇ ਅਜ਼ੀਜ਼ ਹੀ ਸਨ। ਭਾਵੇਂ ਮੈਂ ਅਜਿਹੇ ਅਵਸਰਾਂ 'ਤੇ ਘਟ ਜਾਂਦਾ ਹਾਂ, ਪਰ ਅੱਜ ਮੈਂ ਉਥੇ ਪੁਜਣ ਦਾ ਮਨ ਬਣਾ ਲਿਆ। ਘਰ ਵਾਲੇ ਮੇਰੀ ਉਡੀਕ ਕੁਝ ਤੀਬਰਤਾ ਨਾਲ ਕਰ ਰਹੇ ਸੀ। ਜਿਉਂ ਹੀ ਮੈਂ ਪੁਜਾ, ਸਭ ਨੇ ਮੈਨੂੰ 'ਜੀ ਆਇਆਂ' ਕਿਹਾ

ਅਤੇ ਉਸ ਮੇਜ਼ ਦੇ ਲਾਗੇ, ਜਿਥੇ ਭਾਂਤੋ-ਭਾਂਤ ਦੇ ਪਦਾਰਥ ਪਰੋਸੇ ਹੋਏ ਸਨ, ਮੈਨੂੰ ਇਕ ਵਿਸ਼ੇਸ਼ ਕੁਰਸੀ 'ਤੇ ਬਿਠਾਇਆ ਗਿਆ। ਇਸ ਇਕੱਠ ਵਿਚ ਬਹੁਤੇ ਲੋਕ ਮੇਰੇ ਅਣਜਾਣੂੰ ਸਨ, ਖ਼ਾਸ ਕਰ ਉਹ ਨੌਜਵਾਨ ਕੁੜੀਆਂ ਤੇ ਮੁੰਡੇ, ਜਿਨ੍ਹਾਂ ਦੇ ਭਾਂਤ-ਭਾਂਤ ਦੇ ਫ਼ੈਸ਼ਨ-ਦਾਰ ਪਹਿਰਾਵੇ, ਚੁਲਬੁਲੀਆਂ ਤਬੀਅਤਾਂ, ਨਖਰੇਲੂ ਹਰਕਤਾਂ ਅਤੇ ਹੋਰ ਹਾਹਾ, ਹੂ ਹੂ ਮੇਰੇ ਘੁਟਵੇਂ ਅਧਮੀਟੇ ਜਿਹੇ ਸੁਭਾਉ ਨਾਲ ਢੁਕਦੇ ਨਹੀਂ ਸਨ। ਮੈਂ ਕੁਝ ਹੈਰਾਨ ਜਿਹਾ ਸੀ ਕਿ ਮੈਂ ਇਥੇ ਕਿਸ ਤਰ੍ਹਾਂ ਨਿਬੜਾਂਗਾ ਅਤੇ ਮੈਨੂੰ ਮੇਰੇ ਇਕ ਦੋਸਤ ਦਾ ਇਹ ਕਹਿਣਾ ਮੁੜ ਮੁੜ ਚੇਤੇ ਆਉਂਦਾ ਸੀ ਕਿ :

ਇਸ ਭੀੜ ਸਜੀਲੀ ਅੰਦਰ ਜਿਥੇ ਹੈ ਨਖਰਾ ਟਖਰਾ,
ਇਹ ਸੁਕਾ ਢੀਂਗਰ ਬੁਢੜਾ ਲਗਦਾ ਏ ਵਖਰਾ ਵਖਰਾ।

ਖ਼ੈਰ, ਮੈਂ ਇਸ ਉਡੀਕ ਵਿਚ ਸੀ ਕਿ ਕਦੋਂ ਕਾਰਵਾਈ ਸ਼ੁਰੂ ਹੋਵੇ ਅਤੇ ਕਦੋਂ ਲੋਕਾਂ ਦਾ ਧਿਆਨ ਓਧਰ ਲਗੇ, ਕਿ ਵਰ੍ਹੇ-ਗੰਢ ਵਾਲੀ ਬੱਚੀ ਨੂੰ ਗੋਦੀ ਵਿਚ ਲਈ ਉਸ ਦੀ ਮਾਂ ਮੇਜ਼ ਵਲ ਨੂੰ ਵਧੀ ਅਤੇ ਮੇਜ਼ 'ਤੇ ਪਈ ਥਾਲੀ ਜੇਡੀ ਕੇਕ ਦੇ ਉਤੇ ਟਿਕਾਈ ਮੋਮ-ਬੱਤੀ ਨੂੰ ਤੀਲੀ ਲਾ ਕੇ ਰੌਸ਼ਨ ਕੀਤਾ ਅਤੇ ਫਿਰ ਬੱਚੀ ਨੂੰ ਕਹਿਣਾ ਸ਼ੁਰੂ ਕੀਤਾ ਕਿ ਮੂੰਹ ਦੀ ਫੂਕ ਨਾਲ ਬੱਤੀ ਬੁਝਾ ਦੇਵੇ। ਭਲਾ, ਉਸ ਅਣਜਾਣ ਬੱਚੀ ਨੂੰ ਫੂਕ ਮਾਰਨੀ ਕਿਥੋਂ ਆਵੇ ? ਅਖ਼ੀਰ ਮਾਂ ਨੇ ਬੱਚੀ ਦੇ ਮੂੰਹ ਨਾਲ ਮੂੰਹ ਜੋੜ ਕੇ ਫੂਕ ਮਾਰ ਦਿਤੀ ਤੇ ਮੋਮ-ਬੱਤੀ ਬੁੱਝ ਗਈ। ਹੁਣ ਬੱਚੀ ਦੇ ਹੱਥ ਵਿਚ ਛੁਰੀ ਦੇ ਕੇ ਅਤੇ ਉਸ ਦਾ ਨਾਜ਼ਕ ਜਿਹਾ ਹੱਥ ਆਪਣੇ ਹੱਥ ਵਿਚ ਲੈ ਕੇ ਮਾਂ ਨੇ ਕੇਕ ਕੱਟੀ ਅਤੇ ਸਾਰੇ ਹਾਜ਼ਰਾਂ ਨੇ ਤਾਲੀਆਂ ਵਜਾ ਕੇ ਬੱਚੀ ਦੇ ਇਸ ਕਰਤਵ 'ਤੇ ਖ਼ੁਸ਼ੀ ਪਰਗਟ ਕੀਤੀ। ਉਪਰੰਤ ਸਭ ਨੂੰ ਉਸ ਕੇਕ ਦਾ ਇਕ ਇਕ ਟੁਕੜਾ ਅਤੇ ਹੋਰ ਮਿਠਾਈ ਆਦਿ ਭੇਟ ਕੀਤੇ ਗਏ, ਜੋ ਸਭ ਨੇ ਬੜੇ ਚਾਅ ਨਾਲ ਛਕੇ।

ਇਹ ਸਾਰਾ ਦ੍ਰਿਸ਼ ਮੇਰੇ ਮਨ ਉੱਤੇ ਅੰਕਤ ਹੋ ਚੁਕਾ ਸੀ ਅਤੇ ਮੈਂ ਆਪਣੇ ਸੁਭਾਉ ਅਨੁਸਾਰ ਇਹ ਸੋਚ ਰਿਹਾ ਸੀ ਕਿ ਇਸ ਸਾਰੀ ਰਚਨਾ ਦਾ ਮਤਲਬ ਕੀ ਹੋਇਆ। ਮੇਰਾ ਵਿਚਾਰ ਹੈ ਕਿ ਇਸ ਦੇ ਭਾਵ ਨੂੰ ਉਸ ਸਾਰੇ ਇਕੱਠ ਵਿਚੋਂ ਕੋਈ ਵਿਰਲਾ ਹੀ ਸਮਝਦਾ ਹੋਵੇਗਾ, ਪਰ ਇਸ ਨੂੰ ਸਭ ਨੇ ਮਾਣਿਆ, ਅਤੇ ਇਹੋ ਕੁਝ ਹਰ ਅਜਿਹੇ ਸਮਾਗਮ 'ਤੇ ਕੀਤਾ ਜਾਂਦਾ ਹੈ। ਕਹਿੰਦੇ ਹਨ ਕਿ ਸਾਡੇ ਪੱਛਮੀ ਹੁਕਮਰਾਨ ਆਪਣੇ ਸੌ ਵਰ੍ਹੇ ਦੇ ਰਾਜ ਸਮੇਂ ਅਨੇਕ ਨਵੀਆਂ ਨਵੀਆਂ ਗੱਲਾਂ ਸਾਨੂੰ ਦੇ ਗਏ, ਜਿਨ੍ਹਾਂ ਵਿਚੋਂ ਇਕ ਇਹ ਵੀ ਸੀ।

ਅਸਾਂ ਲਕੀਰ ਦੇ ਫ਼ਕੀਰਾਂ ਨੇ ਇਹ ਕਦੀ ਨਹੀਂ ਸੋਚਿਆ ਕਿ ਅਜਿਹਾ ਕਿਉਂ ਕੀਤਾ ਜਾਂਦਾ ਹੈ। ਅਵਲ ਤਾਂ ਹਰ ਬੱਚੇ ਬੱਚੀ ਦੀ ਵਰ੍ਹੇ-ਗੰਢ ਮਨਾਉਣਾ

ਹੀ ਵੇਖੋ-ਵੇਖੀ ਰਿਵਾਜ ਬਣ ਜਾਣ ਵਾਲੀ ਗੱਲ ਹੈ। ਕਿਸੇ ਵੱਡੇ ਵਡੇਰੇ ਗੁਰੂ ਪੀਰ ਦਾ ਦਿਨ-ਦਿਹਾੜਾ ਮਨਾਉਣਾ ਤਾਂ ਭਲਾ ਕੁਝ ਅਰਥ ਰਖਦਾ ਹੈ, ਕਿਉਂਕਿ ਉਸਦੀ ਯਾਦ ਤੋਂ 'ਜੀਵਨ ਛੋਹ' ਮਿਲਦੀ ਅਤੇ ਉਸ ਤੋਂ ਕੁਝ ਸਿਖ ਮੱਤ ਪ੍ਰਾਪਤ ਹੁੰਦੀ ਹੈ, ਪਰ ਜਿਸ ਮਾਸੂਮ ਨੇ ਹਾਲਾਂ ਜ਼ਿੰਦਗੀ ਤੱਕੀ ਹੀ ਨਹੀਂ, ਉਸਦੀ ਯਾਦ ਦੇ ਕੀ ਅਰਥ ਹਨ। ਪਰ ਭਲਾ ਜੇ ਵਰ੍ਹੇ-ਗੰਢਾਂ ਮਨਾਉਣ ਨਾਲ ਮਾਪਿਆਂ ਤੇ ਸੰਬੰਧੀਆਂ ਦੀ ਖ਼ੁਸ਼ੀ ਵਿਚ ਵਾਧਾ ਹੁੰਦਾ ਹੈ ਤਾਂ ਇਸ ਵਿਚ ਹਰਜ ਵੀ ਕੋਈ ਨਹੀਂ, ਖ਼ੁਸ਼ੀ ਹੋਣਾ ਭੀ ਵੱਡੀ ਲਾਭ ਵਾਲੀ ਗੱਲ ਹੈ। ਪਰ ਬੱਤੀਆਂ ਜਗਾਉਣ ਅਤੇ ਕੇਕ ਕੱਟਣ ਦਾ ਜੋ ਰਿਵਾਜ ਚਲ ਪਿਆ ਹੈ, ਇਸ ਨੂੰ ਓਪਰੇ ਖ਼ਿਆਲਾਂ ਦੀ ਅੰਧਾ-ਧੁੰਦ ਗ਼ੁਲਾਮੀ ਤੋਂ ਛੁਟ ਹੋਰ ਕੀ ਕਹਿ ਸਕਦੇ ਹਾਂ।

ਫ਼ੈਸ਼ਨ

ਅਜਿਹੀ ਗ਼ੁਲਾਮੀ ਦੀਆਂ ਅਣਗਿਣਤ ਮਿਸਾਲਾਂ ਨਿਤ ਨਵੇਂ ਸੂਰਜ ਸਾਡੇ ਸਾਮ੍ਹਣੇ ਆਉਂਦੀਆਂ ਅਤੇ ਅਸੀਂ ਉਨ੍ਹਾਂ ਨੂੰ ਚਾਈਂ ਚਾਈਂ ਅਪਣਾਉਂਦੇ ਤੁਰੇ ਜਾਂਦੇ ਹਾਂ, ਪਰ ਮੂੰਹੋਂ ਇਹੋ ਹੀ ਕਹਿੰਦੇ ਹਾਂ ਕਿ ਅਸੀਂ ਆਜ਼ਾਦ ਦੇਸ਼ ਦੇ ਆਜ਼ਾਦ ਮਨੁੱਖ ਹਾਂ। ਕੋਈ ਮਨਚਲਾ ਕੋਈ ਅਜਿਹੀ ਗੱਲ ਕਰ ਦੇਂਦਾ ਹੈ ਜਿਸ ਵਿਚ ਕੁਝ ਨਵੱਪਣ ਜਾਂ ਨਵੀਨਤਾ ਹੁੰਦੀ ਹੈ, ਜਿਸ ਵਿਚ ਵਿਸ਼ੇਸ਼ ਵਡਿਆਈ ਤਾਂ ਕੋਈ ਨਹੀਂ, ਬਲਕਿ ਆਮ ਕਰਕੇ ਕਿਸੇ ਨਾ ਕਿਸੇ ਪੱਖੋਂ ਇਹ ਹੀਨਤਾ ਦਿਵਾਉਣ ਵਾਲੀ ਹੁੰਦੀ ਹੈ, ਪ੍ਰੰਤੂ ਨਵੀਂ ਤੇ ਕਈ ਵਾਰ ਅਸਚਰਜ ਹੋਣ ਕਰਕੇ ਇਹ ਖਿਚ ਵਾਲੀ ਜ਼ਰੂਰ ਲਗਦੀ ਹੈ, ਜਿਸ ਲਈ ਓਹੋ ਜਿਹੇ ਹੋਰ ਮਨਚਲੇ ਉਸਨੂੰ ਅਪਣਾਅ ਲੈਂਦੇ ਹਨ, ਅਤੇ ਫਿਰ ਜਿਵੇਂ ਖਰਬੂਜ਼ੇ ਨੂੰ ਵੇਖ ਖਰਬੂਜ਼ਾ ਰੰਗ ਵਟਾਉਂਦਾ ਹੈ, ਇਵੇਂ ਹੀ ਵੇਖੋ-ਵੇਖੀ ਲੋਕ ਅੰਨ੍ਹੇ ਵਾਹ ਪਿਛੇ ਲਗ ਤੁਰਦੇ ਹਨ। ਕੇਵਲ ਸਰੀਰ ਢੱਕਣ ਦੇ ਸਾਧਨ ਨੂੰ ਹੀ ਲੈ ਲਈਏ ਤਾਂ ਇਸ ਵਿਚ ਏਨੀਆਂ ਤਬਦੀਲੀਆਂ ਆਈਆਂ ਹਨ, ਕਿ ਜਿੰਨਾ ਝੂਠ ਮਾਰੀਏ। ਸਾਡੇ ਵੇਖਣ ਦੀ ਗੱਲ ਹੈ ਨੌਜਵਾਨ ਗਭਰੂ ਖੁਲ੍ਹੀਆਂ ਬਾਹਾਂ ਵਾਲੇ ਲੰਮੇ ਕੁੜਤੇ, ਲੱਕ ਲੁੰਗੀ ਜਾਂ ਛੇ ਸੱਤ ਗਜ਼ੀ ਵਲਦਾਰ ਸਲਵਾਰ ਪਹਿਨਦੇ ਅਤੇ ਸਿਰ ਉਤੇ ਤੁਰੇਦਾਰ ਪਗ ਸਜਾਉਂਦੇ, ਫਿਰ ਲੰਮੀ ਕਮੀਜ਼ ਉਪਰ ਛੋਟਾ ਲੱਕ ਤਕ ਕੋਟ ਦਾ ਰਿਵਾਜ ਪਿਆ, ਕੋਈ ਕੋਈ ਖੁਲ੍ਹੀ ਪੈਂਟ ਤੇ ਛੋਟਾ ਕੋਟ ਪਹਿਨਦਾ, ਹੌਲੀ ਹੌਲੀ ਪੈਂਟ ਲੱਤਾਂ ਨੂੰ ਚਿੰਬੜਦੀ ਗਈ ਅਤੇ ਇਸ ਵਿਚ ਭੀ ਸ਼ੱਕ ਹੋਣ ਲੱਗਾ ਕਿ ਲੱਤਾਂ ਨੇ ਪੈਂਟ ਪਾਈ ਹੈ ਜਾਂ ਪੈਂਟ ਨੇ ਲੱਤਾਂ ਦਾ ਰੂਪ ਲਿਆ ਹੋਇਆ ਹੈ। ਕੋਟ ਵਟਦਾ ਵਟਦਾ ਬੂਸ਼ਰਟ ਹੋ ਗਿਆ ਅਤੇ ਸਿਰ ਦੀ ਪੱਗ ਤੇ ਟੋਪੀ ਊਂ ਹੀ ਹਵਾ ਹੋ ਗਏ। ਸਾਡੀਆਂ ਧੀਆਂ ਭੈਣਾਂ ਨੇ, ਜੋ ਇਸ ਕੰਮ ਵਿਚ ਆਪਣੇ ਭਰਾਵਾਂ ਨਾਲੋਂ ਚਾਰ ਕਦਮ ਅਗੇ

ਅਗੇ ਰਹਿਣ ਦੀ ਵਾਦੀ ਪਾ ਚੁਕੀਆਂ ਸਨ, ਅਤੇ ਸਾਡੇ ਵੇਖਣ ਵਿਚ ਦੂਹਰੀਆਂ ਚਾਦਰਾਂ ਹੇਠ ਆਪਾ ਵਲ੍ਹੇਟ ਬਾਹਰ ਨਿਕਲਦੀਆਂ ਸਨ, ਚਾਦਰ ਓੜ੍ਹਨੀ ਤਾਂ ਛੱਡੀ ਹੀ ਸੀ, ਡੂਢ ਗਜ਼ੀ ਚੁੰਨੀ ਭੀ ਗਲ ਵਿਚ ਪਾ ਲਈ। ਇਨ੍ਹਾਂ ਦੀ ਕਮੀਜ਼ ਸਲੀਵ ਲੈਸ ਫ਼ਰਾਕ ਵਿਚ ਬਦਲ ਗਈ ਅਤੇ ਸਲਵਾਰ ਨੇ ਸਕਰਟ ਤੇ ਜਰਾਬ ਦਾ ਰੂਪ ਲੈ ਲਿਆ ਅਤੇ ਜੋ ਭੈਣਾਂ ਵਧੇਰੇ ਅਗਾਂਹ ਵਧੂ ਸਨ, ਉਨ੍ਹਾਂ ਘੁਟਵੀਆਂ ਕਮੀਜ਼ਾਂ ਤੇ ਚਮੁਟਵੇਂ ਪਜਾਮੇ ਜਾਂ ਪੈਂਟ ਬੂਸ਼ਰਟ ਪਹਿਨ ਸਿਰੋਂ ਨੰਗੇ ਫਿਰਨ ਨੂੰ ਮਾਡਰਨ ਫ਼ੈਸ਼ਨ ਸਮਝਿਆ। ਅਸਲ ਵਿਚ ਭਾਵੇਂ ਕੋਈ ਗਭਰੂ ਮੁੰਡਾ ਸੀ ਜਾਂ ਮੁਟਿਆਰ, ਹਰ ਇਕ ਦੀ ਚਾਹ ਆਪਣੇ ਸਡੌਲ ਸਰੀਰ ਦੀ ਪ੍ਰਦਰਸ਼ਨੀ ਕਰਨਾ ਹੀ ਸੀ, ਭਾਵੇਂ ਅਜਿਹੀ ਪ੍ਰਦਰਸ਼ਨੀ ਕਿਸੇ ਮੁੱਲ ਪਵੇ। ਇਨ੍ਹਾਂ ਦਾ ਨਿਸ਼ਾਨਾ ਦਰਸ਼ਕਾਂ ਨੂੰ ਇਹੋ ਹੀ ਦੱਸਣਾ ਸੀ ਕਿ ਉਹ Most Modern ਤੇ Up-to-date (ਬਹੁਤ ਹੀ ਨਵੇਂ ਫ਼ੈਸ਼ਨ ਦੇ ਵਿਅਕਤੀ) ਹਨ, ਅਤੇ ਨਵੇਂ ਪ੍ਰਚਲਤ ਹੋਏ ਫ਼ੈਸ਼ਨਾਂ ਨੂੰ ਠੀਕ ਤਰ੍ਹਾਂ ਗ੍ਰਹਿਣ ਕਰ ਲਿਆ ਹੈ। ਉਨ੍ਹਾਂ ਨੇ ਆਪਣੇ ਤੌਰ 'ਤੇ ਕਦੇ ਨਹੀਂ ਸੋਚਿਆ ਕਿ ਜਿਸ ਗੱਲ ਨੂੰ ਉਨ੍ਹਾਂ ਅਪਣਾਇਆ ਹੈ ਇਸ ਦੇ ਕੋਈ ਹਾਨ ਜਾਂ ਲਾਭ ਭੀ ਹਨ। ਉਨ੍ਹਾਂ ਦੀ ਨਿਜੀ ਸੋਚ ਤਾਂ ਹੁੰਦੀ ਹੀ ਨਹੀਂ, ਉਹ ਕਿਸੇ ਦੂਜੇ ਦੇ ਦਿਤੇ ਖ਼ਿਆਲਾਂ ਦੇ ਪੂਰੀ ਤਰ੍ਹਾਂ ਗ਼ੁਲਾਮ ਹੁੰਦੇ ਹਨ। ਜੇਕਰ ਉਨ੍ਹਾਂ ਦੇ ਅੰਦਰ ਰਤਾ ਭਰ ਭੀ ਖ਼ੁਦਦਾਰੀ ਹੁੰਦੀ ਜਾਂ ਸੁਤੰਤਰ ਤੌਰ 'ਤੇ ਸੋਚਣ ਦਾ ਉਨ੍ਹਾਂ ਦਾ ਸੁਭਾਅ ਹੁੰਦਾ ਤਾਂ ਉਹ ਕਿਸੇ ਨਵੇਂ ਫ਼ੈਸ਼ਨ ਨੂੰ ਅਪਨਾਉਣ ਤੋਂ ਪਹਿਲੋਂ ਇਸਦੇ ਨਫ਼ੇ ਨੁਕਸਾਨ ਨੂੰ ਜ਼ਰੂਰ ਸੋਚਦੇ।

ਜਿਸ ਸਰੀਰਕ ਪ੍ਰਦਰਸ਼ਨੀ ਦੇ ਲਈ ਅੱਜ ਦੇ ਨਵੇਂ ਫ਼ੈਸ਼ਨ ਅਪਣਾਏ ਜਾਂਦੇ ਹਨ, ਜੇ ਸੋਚਿਆ ਜਾਏ, ਤਾਂ ਉਸਦੇ ਪਿਛੇ ਇਕੋ ਹੀ ਇੱਛਾ ਹੈ ਕਿ ਲੋਕ ਉਨ੍ਹਾਂ ਨੂੰ ਵੇਖਣ ਤੇ ਮੋਹੇ ਜਾਣ। ਉਨ੍ਹਾਂ ਦੀ ਇਹ ਇੱਛਾ ਉਨ੍ਹਾਂ ਦੇ ਆਪਣੇ ਅਤੇ ਉਨ੍ਹਾਂ ਨੂੰ ਵੇਖਣਹਾਰੇ, ਦੋਹਾਂ ਦੇ ਅੰਦਰ ਕਾਮ-ਚੇਸ਼ਟਾ ਉਪਜਾਉਣ ਅਤੇ ਦੋਨਾਂ ਦੇ ਮਨਾਂ ਨੂੰ ਵਿਕਾਰ ਵਲ ਪ੍ਰੇਰਨ ਤੋਂ ਛੁਟ ਹੋਰ ਕੀ ਅਰਥ ਰਖਦੀ ਹੈ ? ਅਜਿਹੇ ਪਹਿਰਾਵੇ ਨੂੰ ਹੀ ਗੁਰੂ ਜੀ ਖੁਆਰੀ ਦਾ ਕਾਰਨ ਦੱਸਦੇ ਹੋਏ ਇਸ ਤੋਂ ਵਰਜਦੇ ਹਨ :

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥

(ਸਿਰੀ ਰਾਗੁ ਮ: ੧, ਪੰਨਾ ੧੬)

ਮਨੁੱਖ ਦੀ ਅਸਲੀ ਸੁੰਦਰਤਾ ਉਸਦੇ ਆਚਰਨ ਵਿਚ ਹੈ। ਸੀਲ ਤੇ ਸੰਜਮ ਮਨੁੱਖੀ ਆਚਰਨ ਦੇ ਵਿਸ਼ੇਸ਼ ਅੰਗ ਹਨ, ਸੰਜਮ-ਰਹਿਤ ਅਸ਼ਲੀਲ ਮਨ ਸੁੰਦਰ ਤੇ ਦਿਲ ਨੂੰ ਮੋਹਣ ਵਾਲੇ ਪਹਿਰਾਵੇ ਹੇਠ ਓਵੇਂ ਹੈ ਜਿਵੇਂ ਕਿਸੇ ਹਲਕੀ ਧਾਤ

ਨੂੰ ਮੁਲੰਮਾ ਕੀਤਾ ਹੋਵੇ।

ਨੰਗੇ ਸਿਰ ਵਿਚਰਨਾ ਭਾਰਤੀ ਸਭਿਅਤਾ ਅੰਦਰ ਸੋਗ ਦੀ ਨਿਸ਼ਾਨੀ ਸੀ। ਅੱਜ ਵੀ ਹਿੰਦੂ ਘਰਾਂ ਵਿਚ, ਜਿਥੇ ਕਿਧਰੇ ਪੱਗ ਜਾਂ ਟੋਪੀ ਪਹਿਨਣ ਦਾ ਸੁਭਾਉ ਹਾਲਾਂ ਕਾਇਮ ਹੈ, ਘਰ ਵਿਚ ਮੌਤ ਹੋ ਜਾਣ 'ਤੇ ਇਹ ਉਤਾਰ ਕੇ ਰਖੀ ਜਾਂਦੀ ਹੈ। ਪੰਜਾਬੀ ਵਿਚ ਇਸਤ੍ਰੀ ਦੇ 'ਸਿਰੋਂ ਨੰਗੀ ਹੋ ਜਾਣ' ਅਥਵਾ ਉਸਦਾ ਰੰਡੀ ਹੋ ਜਾਣਾ ਹੈ, ਤਾਂ ਨੰਗੇ ਸਿਰ ਰਹਿਣ ਵਾਲੀਆਂ ਇਸਤ੍ਰੀਆਂ ਬਾਰੇ ਕੀ ਸਮਝਿਆ ਜਾਵੇਗਾ ?

ਸਿਖ, ਜਿਸਦਾ ਧਰਮ ਹੀ ਚੜ੍ਹਦੀ ਕਲਾ ਅਤੇ ਖੇੜਾ ਹੈ, ਨੰਗੇ ਸਿਰ ਕਿਵੇਂ ਰਹਿ ਸਕਦਾ ਹੈ! ਕਈ ਵੀਰ ਅਤੇ ਖ਼ਾਸ ਕਰ ਸਾਡੀਆਂ ਭੈਣਾਂ ਨੇ ਵੇਖੋ-ਵੇਖੀ ਇਸ ਰਿਵਾਜ ਨੂੰ ਅਪਣਾਅ ਲਿਆ ਹੈ, ਜੋ ਓਪਰੇ ਖ਼ਿਆਲਾਂ ਦੇ ਦੁਬੇਲ ਅਥਵਾ ਓਪਰੀ ਵਿਚਾਰ-ਧਾਰਾ ਦੀ ਅਤਿ ਨੀਵੇਂ ਪੱਧਰ ਦੀ ਗ਼ੁਲਾਮੀ ਹੈ।

ਇਕ ਹੋਰ ਨੁਕਤਾ, ਜਿਸ ਨੂੰ ਸਾਡੇ ਅਜਿਹੇ ਵੀਰ ਤੇ ਭੈਣਾਂ ਨੇ ਭੁਲਾ ਦਿੱਤਾ ਹੈ, ਉਹ ਹੈ ਸਿੱਖੀ ਅੰਦਰ ਕੇਸਾਂ ਦੇ ਬਹੁਤ ਵੱਡੇ ਸਨਮਾਨ ਦਾ ਵਿਚਾਰ। ਸਾਡੇ ਲਈ ਕੇਸਾਂ ਦੀ ਮਹੱਤਤਾ ਹੋਰ ਧਰਮਾਂ ਦੇ ਮੁਕਾਬਲੇ ਵਿਚ ਬਹੁਤ ਜ਼ਿਆਦਾ ਹੈ। ਅਸੀਂ ਕੇਸ-ਹੀਨ ਹੋ ਕੇ ਸਿੱਖੀ ਤੋਂ ਖ਼ਾਰਜ ਹੋ ਜਾਂਦੇ ਹਾਂ। ਜਿਨ੍ਹਾਂ ਕੇਸਾਂ ਦਾ ਦਾਨ ਅਸੀਂ ਆਪਣੀ ਅਰਦਾਸ ਵਿਚ ਅਕਾਲ ਪੁਰਖ ਪਾਸੋਂ ਰੋਜ਼ਾਨਾ ਮੰਗਦੇ ਹਾਂ, ਉਨ੍ਹਾਂ ਦਾ ਵਧ ਤੋਂ ਵਧ ਸਤਿਕਾਰ ਤੇ ਪਿਆਰ ਸੱਚ-ਮੁੱਚ ਹੀ ਕਾਇਮ ਹੈ ਤਾਂ ਇਨ੍ਹਾਂ ਦੀ ਗਲੀਆਂ, ਬਜ਼ਾਰਾਂ ਤੇ ਰਾਹਾਂ 'ਤੇ ਪ੍ਰਦਰਸ਼ਨੀ ਕਰਦੇ ਫਿਰਨਾ ਸਤਿਕਾਰ ਵਾਲੀ ਗੱਲ ਨਹੀਂ। ਲਾਲ ਜਵਾਹਰ ਕਦੀ ਛੱਜਾਂ ਵਿਚ ਨਹੀਂ ਛੱਟੇ ਜਾਂਦੇ, ਇਹ ਤਾਂ ਛਿਪਾ ਰਖਣ ਵਾਲੀਆਂ ਚੀਜ਼ਾਂ ਹਨ। ਇਉਂ ਹੀ ਸਾਡੇ ਸਿਰ ਦੇ ਕੇਸ ਹਨ।

ਫਿਰ ਸਾਡੀਆਂ ਕਈ ਭੈਣਾਂ ਮਹਿਜ਼ ਪ੍ਰਦਰਸ਼ਨੀ ਲਈ ਓਪਰੇ ਨਿਰਜਿੰਦ ਵਾਲਾਂ ਨੂੰ ਆਪਣੇ ਕੇਸਾਂ ਦਾ ਭਾਗ ਬਣਾ ਕੇ ਬਨਾਉਟੀ ਰੂਪ ਅੰਦਰ ਵਿਚਰਨ ਵਿਚ ਖ਼ੁਸ਼ੀ ਮੰਨਦੀਆਂ ਹਨ। ਕੇਸ ਇਸਤ੍ਰੀ ਦੀ ਲਜ-ਪਤ ਦਾ ਉਤਮ ਪ੍ਰਗਟਾਵਾ ਹਨ, ਪਰ ਸਾਡੀਆਂ ਇਹ ਭੈਣਾਂ ਮੁਰਦਾ ਵਾਲਾਂ ਨੂੰ ਇਨ੍ਹਾਂ ਵਿਚ ਰਖ ਕੇ ਕੇਸਾਂ ਦੀ ਵੱਡੀ ਤੌਹੀਨ ਕਰਦੀਆਂ ਹਨ।

ਜਾਤੀ ਨਾਮ

ਸਾਡੀ ਨਕਲ ਉਤਾਰਨ ਦੀ ਵਾਦੀ ਨਿਰੀ ਪਹਿਰਾਵੇ ਤਕ ਹੀ ਸੀਮਤ ਨਹੀਂ, ਅਸੀਂ ਆਪਣੇ ਨਾਮ ਭੀ ਪਛਮੀ ਲੀਹਾਂ 'ਤੇ ਧਰ ਲਏ ਹਨ। ਅਸੀਂ ਵੇਖਿਆ ਕਿ ਅੰਗਰੇਜ਼ ਲੋਕ ਆਪਣੇ ਜਾਤੀ ਨਾਮ ਨਾਲ ਪੁਕਾਰੇ ਜਾਂਦੇ ਹਨ। ਜਿਵੇਂ ਮਿਸਟਰ ਵਾਦਨ, ਹਰਵੇ, ਹੇਲੀ, ਡਲਹੌਜ਼ੀ, ਜਿਸ ਦੀ ਨਕਲ ਕਰਦੇ ਹੋਏ ਭਾਰਤ ਵਿਚ

ਨਹਿਰੂ, ਗਾਂਧੀ, ਚੈਟਰਜੀ, ਤਿਲਕ ਨਾਮ ਪ੍ਰਚਲਤ ਕੀਤੇ ਗਏ ਅਤੇ ਅਸਲ ਨਾਮ ਯਥਾ ਜਵਾਹਰ ਲਾਲ, ਮੋਹਨ ਦਾਸ ਕਰਮ ਚੰਦ, ਬਾਲ ਗੰਗਾ ਧਰ ਆਦਿ ਸਾਨੂੰ ਭੁੱਲ ਹੀ ਗਏ। ਇਸੇ ਤਰ੍ਹਾਂ ਸਾਡੇ ਵੀਰਾਂ ਤੇ ਭੈਣਾਂ ਨੇ ਭੀ ਆਪਣੇ ਆਪ ਨੂੰ ਮਿਸਟਰ ਗਿੱਲ, ਕੋਹਲੀ, ਨਾਰੰਗ, ਕੰਬੋਜ, ਚੀਮਾ ਜਾਂ ਮਿਸਜ਼ ਢਿਲੋਂ, ਮਿਸ ਚੋਪੜਾ, ਮਿਸ ਗਰੇਵਾਲ ਕਹਾਉਣ ਵਿਚ ਵਡਿਆਈ ਸਮਝੀ ਹੈ। ਇਹ ਨਿਰੀ ਹੀ ਅੰਧਾ-ਧੁੰਦ ਰੀਸ ਅਤੇ ਗ਼ੈਰਾਂ ਦੇ ਖ਼ਿਆਲਾਂ ਦੀ ਗ਼ੁਲਾਮੀ ਨਹੀਂ ਤਾਂ ਹੋਰ ਕੀ ਹੈ! ਅਸਾਂ ਇਹ ਭੀ ਕਦੀ ਨਹੀਂ ਸੋਚਿਆ ਕਿ ਸਾਡਾ ਗੁਰੂ ਤਾਂ ਆਖਦਾ ਹੈ 'ਫਕੜ ਜਾਤੀ, ਫਕੜੁ ਨਾਉ', ਤਾਂ ਫਿਰ ਅਸੀਂ ਜਾਤੀ ਨਾਮ ਰਖ ਕੇ ਫੱਕੜ ਹੀ ਤੋਲਦੇ ਹਾਂ ਨਾ! ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਾਨੂੰ ਅੰਮ੍ਰਿਤ ਬਖ਼ਸ਼ ਕੇ ਕਿਹਾ ਸੀ, 'ਤੁਸੀਂ ਅਜ ਗੁਰੂ ਕੇ ਜਨਮੇ ਹੋ, ਤੁਹਾਡਾ ਪਿਤਾ ਸਤਿਗੁਰੂ ਹੈ। ਗੁਰੂ ਦਾ ਰੂਪ ਤੁਹਾਡਾ ਰੂਪ ਅਤੇ ਗੁਰੂ ਦੀ ਕੁਲ ਤੁਹਾਡੀ ਕੁਲ ਹੈ' ਅਤੇ 'ਕਰਮ ਨਾਸ਼, ਕੁਲ ਨਾਸ਼' ਆਦਿ ਸ਼ਬਦ ਉਚਾਰ ਕੇ ਸਾਡੇ ਪਿਛਲੇ ਕਰਮ, ਧਰਮ ਤੇ ਕੁਲ ਨੂੰ ਸਦਾ ਲਈ ਖ਼ਤਮ ਕਰ ਦਿਤਾ ਸੀ, ਪ੍ਰੰਤੂ ਅਸੀਂ ਅੰਮ੍ਰਿਤ ਛਕ ਕੇ ਭੀ ਗਿੱਲ ਤੇ ਕੋਹਲੀ ਰਹਿ ਜਾਂਦੇ ਹਾਂ। ਕੀ ਗੁਰੂ ਕਾ 'ਕੁਲ ਨਾਸ਼' ਵਾਲਾ ਹੁਕਮ ਕਿਸੇ ਹੋਰ ਲਈ ਸੀ? ਅੱਜ ਕਲ੍ਹ ਸਾਡੇ ਇਸ਼ਤਿਹਾਰ ਛਪਦੇ ਹਨ ਕਿ ਅਮਕੀ ਸਭਾ ਦੇ ਪਰਬੰਧ ਹੇਠ ਅੰਮ੍ਰਿਤ ਪ੍ਰਚਾਰ ਹੋਵੇਗਾ, ਅੰਮ੍ਰਿਤ ਅਭਿਲਾਸ਼ੀ ਸੱਜਣ ਤਿਆਰ-ਬਰ-ਤਿਆਰ ਹੋ ਕੇ ਆਉਣ ਅਤੇ ਇਸ਼ਤਿਹਾਰ ਦੇ ਹੇਠਾਂ ਪ੍ਰਬੰਧਕਾਂ ਦੇ ਨਾਮ ਲਿਖੇ ਹੁੰਦੇ ਹਨ, 'ਅਮਕਾ ਸਿੰਘ ਸੇਠੀ, ਅਮਕਾ ਸਿੰਘ ਸੰਧੂ'। ਕਿੰਨੇ ਸ਼ੋਕ ਦੀ ਗੱਲ ਹੈ ਕਿ ਸਾਡੇ ਅੰਮ੍ਰਿਤ ਪ੍ਰਚਾਰ ਦੇ ਮੁਦਈ ਆਪੂੰ ਅੰਮ੍ਰਿਤ ਦੀ ਸਪਿਰਿਟ ਤੋਂ ਕਿਤਨੇ ਦੂਰ ਖੜੋਤੇ ਹਨ।

ਫਿਰ ਸਤਿਗੁਰੂ ਪਾਤਸ਼ਾਹ ਦੀ ਬਖ਼ਸ਼ਿਸ਼ 'ਸਿੰਘ' ਦੇ ਨਾਮ ਨੂੰ ਅਸੀਂ ਤਿਲਾਂਜਲੀ ਦੇ ਰਹੇ ਹਾਂ। ਪੜ੍ਹਿਆਂ ਲਿਖਿਆਂ ਦੇ 'ਸਿੰਘ' ਨਾਮ ਨੇ ਤਾਂ 'ਐਸ' ਦਾ ਰੂਪ ਲੈ ਲੀਤਾ ਹੈ ਤੇ ਉਹ ਕਰਮ ਸਿੰਘ ਦੀ ਥਾਂ ਕੇ.ਐਸ. ਚੱਢਾ ਆਦਿ ਬਣ ਗਏ ਹਨ ਅਤੇ ਜੋ ਬਹੁਤ ਜ਼ਿਆਦਾ ਪੜ੍ਹ ਗਏ ਹਨ ਜਾਂ ਉੱਕਾ ਅਨਪੜ੍ਹ ਹਨ, ਪਰ ਨਕਲ ਉਤਾਰਨ ਵਿਚ ਨੰਬਰ ਇਕ ਹਨ, ਉਨ੍ਹਾਂ ਨੂੰ 'ਸਿੰਘ' ਜਾਂ 'ਕੌਰ' ਪਦ ਵਰਤਣ ਵਿਚ ਵੱਡੀ ਸ਼ਰਮ ਮਹਿਸੂਸ ਹੁੰਦੀ ਹੈ। ਨਿੱਤ ਦੀ ਬੋਲ-ਚਾਲ ਦੀ ਕੀ ਗੱਲ ਕਰਨੀ ਹੋਈ, ਸਾਡੇ ਵਿਆਹਾਂ ਸ਼ਾਦੀਆਂ ਦੇ ਕਾਰਡਾਂ ਵਿਚ ਇਉਂ ਹੀ ਲਿਖਿਆ ਹੁੰਦਾ ਹੈ, 'ਜਸਬੀਰ ਦੀ ਸ਼ਾਦੀ ਅਵਤਾਰ ਨਾਲ' ਜਾਂ 'ਸੁਰਿੰਦਰ ਦੀ ਮਹਿੰਦਰ ਨਾਲ' ਹੋਵੇਗੀ। ਪੜ੍ਹਨ ਵਾਲਾ ਨਹੀਂ ਸਮਝ ਸਕਦਾ ਕਿ ਜਸਬੀਰ ਕੁੜੀ ਹੈ ਜਾਂ ਅਵਤਾਰ ਕੁੜੀ ਹੈ। ਪਰ ਅਸੀਂ ਅਜਿਹਾ ਲਿਖ ਕੇ ਆਪਣੇ ਵਿਚ ਫੁੱਲੇ ਨਹੀਂ ਸਮਾਉਂਦੇ ਕਿ ਅਸਾਂ ਕੇਡੀ ਸੋਹਣੀ ਨਕਲ ਉਤਾਰੀ ਹੈ। ਅਫ਼ਸੋਸ ਹੈ ਕਿ

ਸਾਡੀ ਇਸ ਪਰ-ਅਧੀਨਤਾ ਅਤੇ ਅੰਧ-ਵਿਸ਼ਵਾਸੀ 'ਤੇ।

ਵਿਆਹ ਸ਼ਾਦੀਆਂ ਸਮੇਂ ਰੀਸ ਪ੍ਰੀਸੀ ਜੋ ਕੁਝ ਕੀਤਾ ਜਾਂਦਾ ਹੈ, ਇਸ ਦਾ ਤਾਂ ਕਹਿਣਾ ਹੀ ਕੀ ਹੋਇਆ! ਇਕ ਸਰਦਾ ਪੁਜਦਾ ਆਦਮੀ ਕੋਈ ਲੀਹ ਪਾ ਦੇਂਦਾ ਹੈ, ਉਹ ਸਮਰੱਥ ਹੁੰਦਾ ਹੈ ਕਿਸੇ ਵਿਸ਼ੇਸ਼ ਦਿਖਾਵੇ ਆਦਿ ਦੇ ਕਰਨ ਲਈ, ਤਾਂ ਉਸਦੇ ਗਵਾਂਢੀ ਜਾਂ ਸ਼ਰੀਕ ਭਾਈ, ਭਾਵੇਂ ਉਨ੍ਹਾਂ ਦੀ ਮਾਲੀ ਦਸ਼ਾ ਕਿੰਨੀ ਸਾਧਾਰਨ ਹੋਵੇ (ਵਿਸ਼ੇਸ਼ ਕਰਕੇ ਘਰ ਦੀਆਂ ਜ਼ਨਾਨੀਆਂ) ਇਹੋ ਸੋਚਣਗੇ ਕਿ ਅਮਕੇ ਸਰਦਾਰ ਜਾਂ ਸੇਠ ਨੇ ਐਉਂ ਕੀਤਾ ਸੀ, ਅਸੀਂ ਭੀ ਉਸੇ ਤਰ੍ਹਾਂ ਕਰਾਂਗੇ, ਅਤੇ ਭਾਵੇਂ ਉਨ੍ਹਾਂ ਦਾ ਘਰ-ਘਾਟ ਨੀਲਾਮ ਹੋ ਜਾਵੇ, ਗਵਾਂਢੀ ਜਾਂ ਸ਼ਰੀਕ ਦੀ ਰੀਸ ਜ਼ਰੂਰ ਕੀਤੀ ਜਾਵੇਗੀ। ਘਰ ਦੀ ਸਜਾਵਟ ਤੇ ਜਗਮਗਾਹਟ, ਵਰੀ ਅਤੇ ਦਾਜ-ਦਾਉਣ ਉਤੇ ਕੀਤਾ ਬੇਤਹਾਸ਼ਾ ਖ਼ਰਚ, ਵਿਸ਼ੇਸ਼ ਹੋਟਲਾਂ ਰਾਹੀਂ ਖਾਣ ਪੀਣ ਦੇ ਪਰਬੰਧ, ਪਾਰਟੀਆਂ ਤੇ ਸ਼ਰਾਬ ਕਬਾਬ, ਜਨੇਤੀਆਂ ਦਾ ਜਲੌ ਤੇ ਗਿਣਤੀ, ਨਾਚ ਭੰਗੜੇ ਤੇ ਕਵਾਲੀ, ਗ੍ਰਾਮੋਫ਼ੋਨ ਤੇ ਲਾਊਡ ਸਪੀਕਰ, ਬੈਂਡ ਬਾਜੇ—ਕਿਹੜੀ ਕਿਹੜੀ ਗੱਲ ਕੀਤੀ ਜਾਵੇ—ਬਸ ਨਕਲ ਪੂਰੀ ਹੋਵੇ ਭਾਵੇਂ ਵਿਆਹ ਪਿਛੋਂ ਰੋਟੀ ਨਸੀਬ ਹੋਵੇ ਜਾਂ ਨਾ—ਜੇਕਰ ਰਤਾ ਭਰ ਵੀ ਅਕਲ ਤੋਂ ਕੰਮ ਲਿਆ ਜਾਏ ਤਾਂ ਮਨੁੱਖ ਆਪਣਾ ਵਿੱਤ ਵੇਖ ਕੇ ਤੁਰੇ। ਪਰ ਵਿੱਤ ਸਹੁਰੇ ਦਾ ਕੀ ਹੈ, ਜੇ ਇਉਂ ਨਾ ਹੋਇਆ ਤਾਂ ਸ਼ਰੀਕ ਦੇ ਬੂਹੇ ਅਗੋਂ ਖੰਘੂਰਾ ਮਾਰ ਕੇ ਕਿਵੇਂ ਲੰਘੂੰ—ਸ਼ਰੀਕ ਕੀ ਕਹਿਣਗੇ 'ਸ਼ੋਹਦਾ ਹੀ ਨਿਕਲਿਆ'—ਇਹ ਨਹੀਂ ਅਖਵਾਉਣਾ ਭਾਵੇਂ ਕੰਘਾ ਹੋ ਜਾਵੇ।

ਵਾਹ! ਰੀਸ ਹੋਵੇ ਤਾਂ ਐਸੀ!!

ਸਿਨੇਮਾ ਤੇ ਟੈਲੀਵੀਜ਼ਨ

ਕੋਈ ਕਹੇਗਾ, 'ਜੀ ਵਿਆਹ ਸ਼ਾਦੀ ਕਿਹੜੇ ਨਿਤ ਆਉਂਦੇ ਹਨ।' ਲਉ ਨਿਤਾਪ੍ਰਤ ਦੀ ਗੱਲ ਸੁਣ ਲਵੋ। ਸਾਡੇ ਦੇਸ਼ ਦਾ, ਵਿਸ਼ੇਸ਼ ਕਰਕੇ ਸਿਖ ਸੁਭਾਉ ਸੀ ਪ੍ਰਾਤਹਕਾਲ ਉਠਣਾ, ਦਾਤਣ ਕਰਨਾ, ਸੋਚ ਇਸ਼ਨਾਨ ਕਰਨਾ, ਮੰਦਰ ਧਰਮ-ਸਾਲ ਦੀ ਸੁਰਤ ਕਰਨੀ, ਸੰਗਤ ਵਿਚ ਜੁੜਨਾ, ਕੀਰਤਨ ਪਾਠ ਪੂਜਾ ਦੇ ਨਿਤਨੇਮ ਤੋਂ ਵਿਹਲੇ ਹੋ ਕੇ ਘਰ ਪਰਤਣਾ, ਛਾਹ ਵੇਲਾ ਕਰਨਾ ਅਤੇ ਆਪਣੇ ਧੰਧੇ ਵਿਚ ਜੁਟ ਜਾਣਾ, ਸ਼ਾਮੀਂ ਘਰ ਬਾਲ ਬੱਚੇ ਦੇ ਪਿਆਰ ਤੇ ਹਾਸ-ਬਿਲਾਸ ਦਾ ਸਵਾਦ ਮਾਣਨਾ, ਪ੍ਰਸ਼ਾਦ ਛਕਣਾ ਅਤੇ ਸ਼ੁਕਰ ਸ਼ੁਕਰ ਕਰਦੇ ਰਾਤ ਦੇ ਆਰਾਮ ਲਈ ਟਿਕ ਜਾਣਾ—ਕਿਤਨਾ ਸਾਦਾ ਤੇ ਸੰਤੁਸ਼ਟ ਜੀਵਨ ਸੀ। ਪੱਛਮ ਦੇ ਕਲੱਬ-ਘਰ, ਨਾਚ-ਘਰ, ਸਿਨੇਮਾ ਤੇ ਰੇਡੀਓ ਸੰਗੀਤ ਸਾਡੇ ਲਈ ਖਿਚ ਦਾ ਕਾਰਨ ਬਣੇ,

ਉਨ੍ਹਾਂ ਲੋਕਾਂ ਨੂੰ ਇਨ੍ਹਾਂ ਦਾ ਰਸ ਮਾਣਦੇ ਵੇਖ ਸਾਨੂੰ ਭੀ ਰੀਸ ਆਈ। ਅਸੀਂ ਉਨ੍ਹਾਂ ਦੀਆਂ ਲੀਹਾਂ 'ਤੇ ਆਪਣੇ ਆਪ ਨੂੰ ਢਾਲਿਆ, ਸਾਡਾ ਪ੍ਰਾਤਹਕਾਲ, ਸਾਡੀ ਧਰਮਸਾਲਾ ਤੇ ਸਾਡੀ ਸੰਗਤ ਤੇ ਕੀਰਤਨ ਨੇ ਰੂਪ ਵਟਾਇਆ। ਪ੍ਰਾਤਹਕਾਲ ਦੀ ਥਾਂ ਸੰਧਿਆ ਕਾਲ, ਧਰਮਸਾਲ ਤੇ ਸੰਗਤ ਦੀ ਥਾਂ ਕਲੱਬ-ਘਰ ਤੇ ਸਿਨੇਮਾ ਨੇ ਲਈ ਅਤੇ ਕੀਰਤਨ ਦੀ ਜਗ੍ਹਾ ਰੇਡਿਓ ਸੰਗੀਤ ਨੇ ਸੰਭਾਲੀ। ਅਸੀਂ ਸਵਾ ਪਹਿਰ ਰਾਤ ਗਈ ਤਕ ਕਲੱਬ-ਘਰਾਂ ਤੇ ਥੀਏਟਰਾਂ ਵਿਚ ਸਮਾਂ ਬਿਤਾਉਣ ਲਗੇ, ਜਿਸ ਦਾ ਕੁਦਰਤੀ ਸਿੱਟਾ ਅੱਧ ਪਹਿਰ ਦਿਨ ਆਏ ਤਕ ਨੀਂਦ ਦੀ ਮੌਜ ਮਾਣਨਾ ਸੀ। ਇਸ ਦੇ ਨਾਲ ਹੀ ਪ੍ਰਾਤਹਕਾਲ ਦੇ ਦਾਤਣ ਕੁਰਲੇ ਦਾ ਕੰਮ ਬੈੱਡ-ਟੀ ਨੇ ਸਾਂਭ ਲਿਆ ਅਤੇ ਬੱਚੇ, ਜੋ ਸ਼ਾਮ ਦੇ ਘਰ ਅੰਦਰ ਮਿਲਦੇ ਹਾਸ-ਬਿਲਾਸ ਰਾਹੀਂ ਪਿਤਾ-ਪੁਰਖੀ ਪ੍ਰਭਾਵ ਤੋਂ ਵਾਂਝੇ ਗਏ ਸਨ, ਉਨ੍ਹਾਂ ਨੇ ਭੀ ਸਿਨੇਮਾ ਦਾ ਰੁਖ਼ ਕੀਤਾ। ਅਸਾਂ ਕਦੀ ਨਹੀਂ ਸੋਚਿਆ ਕਿ ਸਾਡੇ ਬੱਚੇ ਜਿਨ੍ਹਾਂ ਨੇ ਕੱਲ੍ਹ ਨੂੰ ਕੌਮ ਤੇ ਦੇਸ਼ ਦੀ ਵਾਗ-ਡੋਰ ਸੰਭਾਲਣੀ ਹੈ, ਦੇ ਜੀਵਨ ਘੜਨ ਦੀ ਟਕਸਾਲ ਸਿਨੇਮਾ ਘਰਾਂ ਵਿਚ ਵਿਖਾਏ ਜਾਂਦੇ ਚਿਤਰ ਅਤੇ ਸੁਣਾਏ ਜਾਂਦੇ ਇਸ਼ਕੀਆ ਗੀਤ ਹੀ ਹੋਣਗੇ ਅਤੇ ਇਸ ਟਕਸਾਲ ਅੰਦਰ ਘੜੇ ਜੀਵਨ ਦੇਸ਼ ਤੇ ਕੌਮ ਲਈ ਕਿੰਨੇ ਕੁ ਲਾਭਦਾਇਕ ਹੋਣਗੇ ? ਇਹ ਠੀਕ ਹੈ ਕਿ ਵਕਤੀ ਤੌਰ 'ਤੇ ਅਸਾਂ ਉਨ੍ਹਾਂ ਦੀ ਖ਼ੁਸ਼ੀ ਹਾਸਲ ਕਰ ਲਈ ਅਤੇ ਸਮੇਂ ਅਨੁਕੂਲ ਉਨ੍ਹਾਂ ਨੂੰ ਅਪ-ਟੂ-ਡੇਟ ਕਰ ਦਿਤਾ, ਪ੍ਰੰਤੂ ਕੀ ਸਾਡੇ ਬੱਚੇ ਅਗੋਂ ਨੂੰ ਆਉਣ ਵਾਲੀਆਂ ਨਸਲਾਂ ਲਈ ਸਿਖ ਨਜ਼ਰੀਆ ਪੇਸ਼ ਕਰਨਗੇ ਜਾਂ ਕੁਝ ਹੋਰ ? ਅਤੇ ਇਸ ਦੇ ਸਿੱਟੇ ਲਈ ਕੌਣ ਜ਼ਿੰਮੇਵਾਰ ਹੋਵੇਗਾ ? ਅਸੀਂ ਅੰਨ੍ਹੇਵਾਹ ਪੱਛਮ ਦੀਆਂ ਪਾਈਆਂ ਲੀਹਾਂ 'ਤੇ ਤੁਰ ਕੇ ਆਪਣਾ ਅੱਗਾ ਵਿਗਾੜ ਰਹੇ ਹਾਂ। ਇਸ ਬੰਨੇ ਸਾਨੂੰ ਵਡੀ ਦੀਰਘ ਦ੍ਰਿਸ਼ਟੀ ਨਾਲ ਸੋਚਣਾ ਚਾਹੀਦਾ ਹੈ। ਜੇਕਰ ਸਮੇਂ ਅਨੁਕੂਲ ਕਲੱਬ-ਘਰਾਂ ਅਤੇ ਸਿਨੇਮਾ ਵਲੋਂ ਕੰਡ ਨਹੀਂ ਕੀਤੀ ਜਾ ਸਕਦੀ, ਤਾਂ ਹਰ ਗੱਲ ਨੂੰ ਸੰਜਮ ਅਤੇ ਬੰਧੇਜ ਅੰਦਰ ਰਖ ਕੇ ਪ੍ਰਾਤਹਕਾਲ ਵਾਲੇ ਪੁਰਾਤਨ ਸਿੱਖੀ ਕਿਰਤ ਵਿਰਤ ਦੇ ਸਾਧਨ ਨੂੰ ਭੁਲਣਾ ਭੀ ਯੋਗ ਨਹੀਂ।

ਅਸੀਂ ਨਹੀਂ ਕਹਿੰਦੇ ਕਿ ਕਲੱਬ-ਘਰ ਥੀਏਟਰ ਮਾੜੇ ਹਨ। ਇਨ੍ਹਾਂ ਤੋਂ ਭੀ ਬਹੁਤ ਕੁਝ ਪ੍ਰਾਪਤ ਹੋ ਸਕਦਾ ਹੈ। ਨਿਰੇ ਹਾਸ ਬਿਲਾਸ ਦਾ ਭੀ ਮਨੁੱਖੀ ਜੀਵਨ ਅੰਦਰ ਆਪਣਾ ਮੁੱਲ ਹੈ, ਵਰਨਾ ਜੀਵਨ ਰੁਖਾ ਤੇ ਬੇ-ਸੁਆਦਾ ਹੋ ਜਾਏ। ਪਰ ਇਸ ਦੀ ਭੀ ਕੋਈ ਲਿਮਟ (ਹੱਦ) ਹੈ, ਜਿਸ ਨੂੰ ਉਲੰਘਣਾ ਹਾਨੀਕਾਰਕ ਹੋ ਜਾਂਦਾ ਹੈ। ਇਹ ਤਾਂ ਮੰਨਣਾ ਪਵੇਗਾ ਕਿ ਜ਼ਿੰਦਗੀ ਇਕ ਭਾਰੀ ਸੰਘਰਸ਼ ਹੈ, ਇਕ ਵੱਡਾ ਘੋਲ ਹੈ, ਜਿਸ ਨੂੰ ਸਫਲ ਤਰ੍ਹਾਂ ਘੁਲਣ ਲਈ ਮਨ ਦੀ ਇਕ-ਸੁਰਤਾ ਤੇ ਦ੍ਰਿੜ੍ਹਤਾ ਨਾਲ ਪੂਰਾ ਤ੍ਰਾਣ ਲਾਉਣਾ ਪੈਂਦਾ ਹੈ। ਇਸ ਪ੍ਰਕਾਰ ਦੀ ਇਕ-ਸੁਰਤਾ ਬਣਾਏ

ਅੰਦਰ ਵਾਰ ਵਾਰ ਵੇਖੇ ਚਿੱਤਰ ਤੇ ਸੁਣੇ ਗੀਤ ਨੌਜਵਾਨ ਮਨਾਂ ਨੂੰ ਛੇਤੀ ਟੁੰਬਦੇ ਅਤੇ ਉਨ੍ਹਾਂ ਜਿਹੇ ਬਣਨ ਦੀ ਪ੍ਰੇਰਨਾ ਦੇਂਦੇ ਹਨ।

ਨੌਜਵਾਨ ਮਨ ਆਪਣੇ ਘਾਟੇ ਵਾਧੇ ਬਾਰੇ ਓਨਾ ਅੱਛਾ ਨਹੀਂ ਸੋਚ ਸਕਦਾ ਜਿੰਨਾ ਵਡੇਰੀ ਅਵਸਥਾ ਵਾਲਾ, ਇਸ ਲਈ ਇਹ ਮਾਪਿਆਂ ਅਤੇ ਅਧਿਆਪਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਨੌਜਵਾਨ ਨੂੰ ਮਾੜੇ ਪ੍ਰਭਾਵ ਵਾਲੇ ਰਾਹੇ ਤੁਰਨ ਤੋਂ ਬਚਾਉਣ। ਜਿਥੇ ਉਹ ਆਪਣੇ ਬੱਚਿਆਂ ਉਪਰ ਹੋਰ ਕਈ ਤਰ੍ਹਾਂ ਦੀਆਂ ਬੰਦਸ਼ਾਂ ਲਾਉਂਦੇ ਹਨ, ਉਥੇ ਇਹ ਭੀ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਦੇ ਬੱਚੇ ਗ਼ਲਤ ਪ੍ਰਭਾਵ ਨੂੰ ਨਾ ਕਬੂਲਣ।

ਤਿਉਹਾਰ ਤੇ ਪਾਠ

ਵੇਖੋ-ਵੇਖੀ ਦੂਜਿਆਂ ਦੀ ਨਕਲ ਉਤਾਰਨ ਵਿਚ ਸਾਡੇ ਨੌਜਵਾਨ ਕੀ ਕੁਝ ਨਹੀਂ ਕਰਦੇ, ਇਨ੍ਹਾਂ ਵੇਖਿਆ ਹਿੰਦੂ ਮੁੰਡੇ ਰੰਗ ਘੋਲ ਕੇ ਆਪਣਾ ਮੂੰਹ ਸਿਰ ਰੰਗਦੇ ਅਤੇ ਇਕ ਦੂਜੇ 'ਤੇ ਰੰਗ ਛਿੜਕਦੇ ਹਨ, ਇਨ੍ਹਾਂ ਭੀ ਗੂੜ੍ਹੇ-ਰੰਗ-ਪਾਣੀ ਦੀਆਂ ਪਿਚਕਾਰੀਆਂ ਭਰੀਆਂ ਅਤੇ ਲੰਘਦੇ ਜਾਂਦੇ ਭਲੇ-ਮਾਣਸਾਂ ਉਤੇ ਚਲਾਉਣੀਆਂ ਸ਼ੁਰੂ ਕਰ ਦਿਤੀਆਂ, ਚਲਦੀ ਗੱਡੀ ਵਿਚ ਬੈਠੇ ਮੁਸਾਫ਼ਰਾਂ ਉਤੇ ਦੂਰੋਂ ਹੀ ਪਿਚਕਾਰੀ ਨਾਲ ਸੁੱਟਣ ਤੋਂ ਭੀ ਫ਼ਰਕ ਨਹੀਂ ਕੀਤਾ। ਜੇ ਹਿੰਦੂ ਕੁੜੀਆਂ ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹਦੀਆਂ ਵੇਖੀਆਂ ਤਾਂ ਸਾਡੀਆਂ ਭੈਣਾਂ ਭੀ ਘਰ ਘਰ ਰੱਖੜੀਆਂ ਖ਼ਰੀਦਣ ਅਤੇ ਦੂਰ ਬੈਠੇ ਸਿਖ ਵੀਰਾਂ ਨੂੰ ਡਾਕ ਰਾਹੀਂ ਰੱਖੜੀਆਂ ਭੇਜਣ ਦੇ ਰਾਹੇ ਤੁਰ ਪਈਆਂ। ਜੇ ਅਸਾਂ ਡਿਠਾ ਕਿ ਹਿੰਦੂ ਕੁੜੀ ਘਰ ਆਏ ਲਾੜੇ ਨੂੰ ਜੈ-ਮਾਲਾ ਪਾਉਂਦੀ ਹੈ ਤਾਂ ਅਸਾਂ ਭੀ ਬਿਨਾਂ ਸੋਚੇ ਸਮਝੇ ਇਸਨੂੰ ਅਪਣਾਅ ਲਿਆ। ਅਸਾਂ ਕਦੀ ਨਹੀਂ ਸੋਚਿਆ ਕਿ ਗੁਰਮਤਿ ਵਿਆਹ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਹੁੰਦਾ ਹੈ। ਜੇਕਰ ਇਸ ਤੋਂ ਪਹਿਲੋਂ ਹੀ ਲੜਕੀ ਨੇ ਲਾੜੇ ਨੂੰ ਜੈ-ਮਾਲਾ ਪਾ ਕੇ ਪਤੀ ਮਿਥ ਲਿਆ ਤਾਂ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਲਾਵਾਂ ਲੈਣ ਤੇ ਇਹ ਅਰਦਾਸ ਕਰਨ ਦੇ ਕੀ ਅਰਥ ਹੋਏ ਕਿ 'ਅਮਕੇ ਸਿੰਘ ਦਾ ਅਮਕੀ ਬੀਬੀ ਨਾਲ ਅਨੰਦ ਕਾਰਜ ਹੋਣ ਲੱਗਾ ਹੈ' ਅਤੇ 'ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ'[੧] ਗਾਉਣ ਦਾ ਕੀ ਅਰਥ ਹੋਇਆ, ਜਦੋਂ ਅਸਾਂ ਜੈ-ਮਾਲਾ ਪਾ ਕੇ ਕੁੜੀ ਨੂੰ ਪਹਿਲੋਂ ਹੀ ਲਾੜੇ ਦੀ ਬਣਾ ਦਿਤਾ ਹੈ। ਵਿਆਹੁਣ ਆਏ ਬਰਾਤੀਆਂ ਨੂੰ 'ਜੀ ਆਇਆਂ' ਕਹਿਣ ਲਈ ਬੂਹੇ 'ਤੇ ਬੜੇ ਬੜੇ ਮਾਟੋ ਲਾਉਣੇ 'ਹਮ ਘਰਿ ਸਾਜਨ

---

੧. ਸਿਰੀ ਰਾਗ ਕੀ ਵਾਰ, ਪਉੜੀ ੨੦, ਪੰਨਾ ੯੧

ਰਖਣ ਵਾਸਤੇ ਵਿਚ-ਵਿਚਾਲੇ ਤਫ਼ਰੀਹ ਦਾ ਹੋਣਾ ਭੀ ਜ਼ਰੂਰੀ ਹੈ, ਜਦੋਂ ਮਨ ਸੰਘਰਸ਼ ਦੀਆਂ ਡੂੰਘਾਈਆਂ ਤੋਂ ਨਿਕਲ ਕੇ ਹਉਲਾ ਪ੍ਰਤੀਤ ਕਰੇ, ਜਿਸ ਦੇ ਲਈ ਮੌਜੂਦਾ ਸਮਾਜ ਨੇ ਕਲੱਬ-ਘਰ, ਥੀਏਟਰ ਅਤੇ ਹੋਰ ਮੌਜ ਮੇਲੇ ਦੇ ਸਾਧਨ ਅਪਣਾਏ ਹਨ ਅਤੇ ਜੇਕਰ ਇਹ ਉਸ ਹੱਦ ਤਕ ਸੀਮਤ ਰਹਿਣ ਤਾਂ ਇਹ ਲਾਭਦਾਇਕ ਹੋ ਸਕਦੇ ਹਨ। ਪਰ ਜੋ ਕੁਝ ਅਸੀਂ ਆਮ ਵੇਖਦੇ ਹਾਂ, ਉਹ ਇਹ ਨਹੀਂ। ਸਾਡੇ ਨੌਜਵਾਨਾਂ ਵਾਸਤੇ ਇਹ ਨਿਰਾ ਤਫ਼ਰੀਹ ਦਾ ਸਾਧਨ ਹੀ ਨਹੀਂ ਹੁੰਦੇ, ਬਲਕਿ ਉਨ੍ਹਾਂ ਵਿਚੋਂ ਬਹੁਤੇ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਨੂੰ ਕਬੂਲਦੇ ਹੋਏ ਮਨੁੱਖੀ ਜੀਵਨ ਦੀ ਗੰਭੀਰਤਾ ਵਲੋਂ ਅਵੇਸਲੇ ਹੋ ਜਾਂਦੇ ਅਤੇ ਜੀਵਨ ਨੂੰ ਨਿਰਾ ਮੌਜ ਮੇਲੇ ਦਾ ਅਵਸਰ ਹੀ ਜਾਣ ਲੈਂਦੇ ਹਨ। ਮਨੁੱਖ ਦਾ ਨਕਲ ਉਤਾਰਨ ਦਾ ਸੁਭਾਅ ਖ਼ਾਸ ਕਰ ਨੌਜਵਾਨਾਂ ਅੰਦਰ ਨਵੀਂ ਵੇਖੀ ਸੁਣੀ ਚੀਜ਼ ਦਾ ਅਸਰ ਅਤੇ ਇਸ ਨੂੰ ਆਪਣੇ ਜੀਵਨ ਉਤੇ ਘਟਾਉਣ ਦੀ ਵਾਦੀ ਏਨੀ ਜ਼ਿਆਦਾ ਹੈ ਕਿ ਇਹ ਉਸੇ ਤਰ੍ਹਾਂ ਬਣ ਕੇ ਰਹਿਣ ਦਾ ਜਤਨ ਕਰਦੇ ਹਨ, ਜਿਹੋ ਜਿਹੇ ਇਹ ਸਿਨੇਮਾ ਵਿਚ ਵੇਖਦੇ ਹਨ; ਉਨ੍ਹਾਂ ਦਾ ਪਹਿਰਾਵਾ, ਬੋਲੀ, ਹਾਵ ਭਾਵ ਤੇ ਰਹਿਣੀ ਅਪਣਾਏ ਜਾਂਦੇ ਹਨ, ਸਿਰ ਦੇ ਕੇਸਾਂ ਨੂੰ ਉਨ੍ਹਾਂ ਵਾਂਙ ਸਵਾਰਿਆ ਬਣਾਇਆ ਜਾਂਦਾ ਹੈ, ਉਨ੍ਹਾਂ ਵਾਂਙ ਗਾਉਣ ਲਈ ਮਨ ਉਮ੍ਹਲਦਾ ਹੈ ਅਤੇ ਨਿਤ ਦੇ ਕਾਰ-ਵਿਹਾਰ ਕਰਦਿਆਂ ਓਹੀ ਗੀਤ ਮੁੜ ਮੁੜ ਜ਼ਬਾਨ 'ਤੇ ਆਉਂਦੇ ਹਨ। ਇਸੇ ਤਰ੍ਹਾਂ ਕਲੱਬੀ ਜੀਵਨ ਦੀ ਤਾਸ਼, ਸ਼ਰਾਬ ਤੇ ਸਿਗਰਟ ਅਤੇ ਉਥੇ ਦੇ ਮਨੋਰੰਜਨ ਦੇ ਹੋਰ ਸਮਾਨ ਹਮੇਸ਼ਾ ਲਈ ਜੀਵਨ-ਸਾਥੀ ਬਣ ਜਾਂਦੇ ਹਨ।

ਸਾਨੂੰ ਇਹ ਕਹਿਣ ਵਿਚ ਰਤਾ ਸੰਕੋਚ ਨਹੀਂ ਕਿ ਸਿਖ ਨੌਜਵਾਨ ਲੜਕੇ ਲੜਕੀਆਂ ਸਿੱਖੀ ਵਲੋਂ ਮੂੰਹ ਮੋੜਨ ਦਾ ਪਹਿਲਾ ਸਬਕ ਟੈਲੀਵੀਜ਼ਨਾਂ, ਸਿਨੇਮਿਆਂ ਤੇ ਕਲੱਬ-ਘਰਾਂ ਵਿਚੋਂ ਹੀ ਸਿਖਦੇ ਹਨ, ਅਤੇ ਇਨ੍ਹਾਂ ਦਾ ਵਾਰ ਵਾਰ ਪ੍ਰਯੋਗ ਉਨ੍ਹਾਂ ਨੂੰ ਸਨੇ ਸਨੇ ਸਿੱਖੀ ਵਲੋਂ ਘਿਰਣਤ ਕਰ ਦੇਂਦਾ ਹੈ, ਖ਼ਾਸ ਕਰ ਜਦੋਂ ਅਜਿਹੇ ਪ੍ਰਯੋਗ ਦੇ ਅਸਰ ਨੂੰ ਹਟਾਉਣ ਵਾਲਾ ਦੂਜੇ ਬੰਨਿਆਂ ਤੋਂ ਕੋਈ ਪ੍ਰਭਾਵ ਨਾ ਪੈਂਦਾ ਹੋਵੇ।

ਇਸ ਸਾਰੇ ਕੁਝ ਦੀ ਤਹਿ ਵਿਚ ਇਹੋ ਗੱਲ ਹੈ ਕਿ ਨੌਜਵਾਨ ਸ਼ਰੇਣੀ ਦੀਆਂ ਆਦਤਾਂ ਸੁਭਾਉ ਹਾਲਾਂ ਘੜੇ ਜਾਣ ਦੀ ਦਸ਼ਾ ਵਿਚ ਹੁੰਦੇ ਹਨ, ਅਥਵਾ, ਇਹ ਏਨੇ ਪੱਕੇ ਹੋਏ ਨਹੀਂ ਹੁੰਦੇ ਕਿ ਬਾਹਰ ਦੇ ਅਸਰ ਨੂੰ ਨਾ ਕਬੂਲਣ। ਵਡੇਰੀ ਉਮਰ ਦੇ ਮਨੁੱਖ ਦਾ ਸੁਭਾਅ ਬਣ ਚੁਕਾ ਹੁੰਦਾ ਹੈ, ਉਸ 'ਤੇ ਨਵਾਂ ਅਸਰ ਛੇਤੀ ਛੇਤੀ ਨਹੀਂ ਹੁੰਦਾ, ਪ੍ਰੰਤੂ ਨੌਜਵਾਨ ਦੇ ਸਾਮ੍ਹਣੇ ਜੋ ਵਰਤਦਾ ਹੈ, ਉਸ ਦਾ ਮਨ ਉਸਨੂੰ ਗ੍ਰਹਿਣ ਕਰੀ ਜਾਂਦਾ ਅਤੇ ਉਸਦੀ ਨਕਲ ਲਾਹੁੰਦਾ ਹੈ। ਸੋ ਸਿਨੇਮਾ-ਘਰਾਂ

ਰਹੇ ਸਨ ਤਾਂ ਗੁਰੂ ਨਾਨਕ ਦੇਵ ਜੀ ਨੇ ਲਹਿੰਦੇ ਵੱਲ ਨੂੰ ਪਾਣੀ ਉਛਾਲ ਕੇ ਉਨ੍ਹਾਂ ਲੋਕਾਂ ਦਾ ਭੁਲੇਖਾ ਦੂਰ ਕੀਤਾ ਅਤੇ ਉਨ੍ਹਾਂ ਨੂੰ ਨਿਸਚੇ ਕਰਾਇਆ ਕਿ ਮਰ ਚੁਕੇ ਪਿਤਾ ਪਿਤਾਮਿਆਂ ਨੂੰ ਸਾਡੇ ਅਜਿਹੇ ਕਰਮਾਂ ਦਾ ਕੋਈ ਲਾਭ ਨਹੀਂ ਪੁਜਦਾ ਅਤੇ ਨਾ ਉਨ੍ਹਾਂ ਨਮਿਤ ਸਾਡੇ ਵਲੋਂ ਕੀਤੇ ਗਏ ਦਾਨ, ਪੁੰਨ, ਪੂਜਾ ਪਾਠ, ਉਨ੍ਹਾਂ ਦਾ ਕੁਝ ਸਵਾਰ ਸਕਦੇ ਹਨ; ਉਥੇ ਤਾਂ 'ਕਰਮੀ ਆਪੋ ਆਪਣੀ' 'ਤੇ ਨਿਬੇੜੇ ਹੁੰਦੇ ਹਨ। ਇਹ ਸਭ ਕੁਝ ਜਾਣਦੇ ਹੋਏ ਸਾਡੇ 'ਨਮਿਤ' ਅਰਦਾਸਿਆਂ, ਪਾਠਾਂ ਤੇ ਚੜ੍ਹਾਵਿਆਂ ਦਾ ਕੋਈ ਓੜਕ ਬੰਨਾ ਨਹੀਂ ਅਤੇ ਸਾਡੇ ਪੂਜਯ ਗ੍ਰੰਥੀ ਸਾਹਿਬਾਨ ਰੋਜ਼-ਮਰਾ ਇਹੋ ਅਰਦਾਸ ਕਰਦੇ ਹਨ :

'ਇਸ ਪਾਠ ਦਾ ਫਲ ਸਰਦਾਰ ਜੀ ਦੀ ਆਤਮਾ ਨੂੰ ਮਿਲੇ।' ਸਰਦਾਰ ਜੀ ਨੇ ਪਾਠ ਪੜ੍ਹਿਆ ਨਹੀਂ, ਸੁਣਿਆ ਨਹੀਂ ਅਤੇ ਇਹ ਭੀ ਪਤਾ ਨਹੀਂ ਕਿ ਉਸ ਸਮੇਂ ਸਰਦਾਰ ਜੀ ਦੀ ਆਤਮਾ ਕਿਨ੍ਹਾਂ ਵਹਿਣਾਂ ਅੰਦਰ ਵਹਿ ਰਹੀ ਸੀ, ਪਰ ਪਾਠ ਦਾ ਫਲ ਸਰਦਾਰ ਜੀ ਨੂੰ ਮਿਲੇਗਾ, ਪਰ ਕਬੀਰ ਜੀ ਨੇ ਠੀਕ ਹੀ ਕਿਹਾ ਸੀ :

ਲੋਗਨ ਰਾਮੁ ਖਿਲਉਨਾ ਜਾਨਾਂ ॥੧॥

(ਭੈਰਉ, ਕਬੀਰ ਜੀ, ਪੰਨਾ ੧੧੫੮)

ਫਿਰ ਜਿਥੇ 'ਨਮਿਤ' ਪਾਠ ਦਾ ਭਾਵ ਹੀ ਨਹੀਂ ਅਪੜਨਾ, ਉਥੇ ਕੌਲ, ਛੰਨਾ, ਗਲਾਸ, ਥਾਲੀ ਤੇ ਰਜ਼ਾਈ ਤੁਲਾਈ ਕਿਵੇਂ ਪੁਜਣਗੇ, ਜੋ ਭਾਈ ਜੀ ਨੇ ਭੀ ਸ਼ਾਇਦ ਮਿਰਤਕ ਦੀ ਚੀਜ਼ ਜਾਣ ਕੇ ਘਰ ਨਹੀਂ ਰਖਣੇ, ਅਤੇ ਵੇਚ ਵਟ ਹੀ ਲੈਣੇ ਹਨ। ਪਰ ਕੀ ਕੀਤਾ ਜਾਏ, ਬ੍ਰਾਹਮਣ ਦੇਵਤਿਆਂ ਦੀਆਂ ਪਾਈਆਂ ਲੀਹਾਂ ਨੂੰ ਕਿਵੇਂ ਛਡਿਆ ਜਾਏ। ਉਹ ਤਾਂ ਰੱਬ ਪਾਸੋਂ ਲਾਈਸੈਂਸ ਲੈ ਕੇ ਆਏ ਸਨ ਕਿ ਜੀਊਂਦਿਆਂ ਦੀਆਂ ਚੀਜ਼ਾਂ ਮੋਇਆਂ ਤਕ ਟਰਾਂਸਪੋਰਟ ਕਰ ਸਕਣ, ਹੁਣ ਭਾਈ ਜੀ ਨੇ ਭੀ ਬ੍ਰਾਹਮਣਾਂ ਦੀ ਵਰਾਸਤ ਦੁਆਰਾ ਇਹ ਲਾਈਸੈਂਸ ਪ੍ਰਾਪਤ ਕਰ ਲਿਆ ਹੈ, ਜੋ 'ਨਮਿਤ' ਦੇ ਅਰਦਾਸੇ ਦੇ ਪਾਠ ਕਰਨ ਅਤੇ ਭਾਂਡੇ ਕਪੜੇ ਲੈਣ ਲਗ ਗਏ ਹਨ।

ਫਿਰ ਸਾਡੇ ਅੰਦਰ ਪਾਠਾਂ ਦੀ ਵਿਧੀ ਭੀ ਬ੍ਰਾਹਮਣਾਂ ਦੇ ਵੇਦ ਪਾਠ ਤੇ ਦੇਵ ਪੂਜਾ ਵਾਲੀ ਹੋ ਗਈ ਹੈ। ਸਾਡੇ ਅਖੰਡ ਪਾਠ ਜੇਕਰ ਪੜ੍ਹੇ ਸੁਣੇ ਤੇ ਵਿਚਾਰੇ ਜਾਣ ਅਤੇ ਇਹਨਾਂ ਤੋਂ ਸ੍ਰੋਤੇ ਲਾਭ ਉਠਾਉਣ ਤਦ ਤਾਂ ਇਹ ਵਡਾ ਲਾਭਦਾਇਕ ਸਾਧਨ ਹੈ ਅਤੇ ਅਜਿਹੇ ਪਾਠ ਦੀ ਤਾਬਿਆ ਸਿਖ ਸੰਗਤ ਦਾ ਜੁੜਨਾ ਅਤੇ ਘਰ ਵਾਲਿਆਂ ਨੂੰ ਉਨ੍ਹਾਂ ਦੀ ਸੇਵਾ ਦਾ ਅਵਸਰ ਮਿਲਣਾ ਚੰਗੇ ਭਾਗਾਂ ਦੀ ਗੱਲ

ਆਏ ॥ ਸਾਚੈ ਮੇਲਿ ਮਿਲਾਏ ॥'[1] ਸ਼ਬਦ ਗਾਉਣੇ ਅਤੇ ਧੇਤੇ ਪੁਤੇਤਿਆਂ ਦੀਆਂ ਜਫੀਆਂ ਪਾ ਕੇ ਮਿਲਣੀਆਂ ਹੋਣੀਆਂ, ਪਰ ਲਾੜੇ ਨੂੰ ਘਰ ਦੀਆਂ ਬਰੂਹਾਂ ਤੋਂ ਅੰਦਰੋਂ ਓਨਾ ਚਿਰ ਪੈਰ ਨਾ ਧਰਨ ਦੇਣਾ, ਜਦ ਤਾਈਂ ਘਰ ਦੀ ਝੀਊਰੀ ਬੂਹੇ ਦੀ ਦਲ੍ਹੀਜ਼ ਉਤੇ ਤੇਲ ਨਾ ਢਾਲੇ। ਸਾਡਾ ਘਰ ਆਏ ਸਜਣਾਂ ਨੂੰ 'ਜੀ ਆਇਆਂ' ਕਹਿਣਾ, ਸ਼ਬਦ ਪੜ੍ਹਨੇ ਅਤੇ ਸਾਡੀਆਂ ਮਿਲਣੀਆਂ ਦਾ ਕੁਝ ਮੁੱਲ ਨਹੀਂ, ਪਰ ਜੇ ਝੀਊਰੀ ਤੇਲ ਦੀ ਪਲੀ ਭੁੰਝੇ ਰੋੜ੍ਹ ਦੇਵੇ ਤਾਂ ਇਹ ਸਾਰੇ ਸਫਲ ਹੋ ਜਾਂਦੇ ਹਨ। ਕਿਆ ਤਮਾਸ਼ਾ ਹੈ? ਅਸਾਂ ਕਦੀ ਨਹੀਂ ਸੋਚਿਆ ਕਿ ਇਸਦਾ ਕੀ ਮਤਲਬ ਹੈ। ਵਾਂਢੇ ਜਾਣ ਸਮੇਂ ਅਸਾਂ ਇਹ ਵੇਖਣਾ ਜ਼ਰੂਰੀ ਸਮਝਿਆ ਕਿ ਸੂਰਜ ਦਾ ਰੁਖ ਚੜ੍ਹਦੇ ਨੂੰ ਹੈ ਜਾਂ ਪਿਛੋਂ ਨੂੰ, ਅਤੇ ਉਸ ਦਿਨ ਕਿਹੜਾ ਵਾਰ ਹੈ। ਵਿਆਹ ਸ਼ਾਦੀ ਦਾ ਦਿਨ ਮਿਥਣ ਤੋਂ ਪਹਿਲੋਂ ਅਸਾਂ ਬ੍ਰਾਹਮਣ ਦੇਵਤੇ ਜਾਂ ਜੋਤਸ਼ੀ ਮਹਾਰਾਜ ਪਾਸੋਂ ਲਗਨ ਸ਼ਗਨ ਗਿਣਵਾਏ ਅਤੇ ਤਸੱਲੀ ਕਰ ਲਈ ਕਿ ਦਿਨ ਵਾਰ ਸ਼ੁਭ ਹੈ ਜਾਂ ਨਹੀਂ। ਹਰ ਕੰਮ ਕਰਨ ਸਮੇਂ ਸਾਨੂੰ ਇਹ ਵਿਚਾਰ ਕਰਨੀ ਪਈ ਕਿ ਕੋਈ ਚੰਦਰਾ ਗ੍ਰਹਿ ਨਾ ਪੇਸ਼ ਪਵੇ। ਅਸਾਂ ਕਦੀ ਨਹੀਂ ਸੋਚਿਆ ਕਿ ਹਰ ਰੋਜ਼ ਓਹੀ ਸੂਰਜ ਚੜ੍ਹਦਾ ਹੈ, ਅਤੇ ਹਰ ਰਾਤ ਓਹੀ ਤਾਰੇ ਤੇ ਓਹੀ ਚੰਦ ਦਿਖਾਈ ਦੇਂਦੇ ਹਨ, ਤਾਂ ਫਿਰ ਕੋਈ ਦਿਨ ਮਾੜਾ ਤੇ ਕੋਈ ਚੰਗਾ ਕਿਸ ਤਰ੍ਹਾਂ ਹੋਇਆ!

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥

(ਰਾਮਕਲੀ ਮ: ੧, ਪੰਨਾ ੯੦੨)

ਓਹੋ ਧਰਤੀ ਹੈ, ਓਹੀ ਪੌਣ ਰੋਜ਼ ਚਲਦੀ ਹੈ, ਤਾਂ ਕੋਈ ਸਤਿਜੁਗੀ ਸਮਾਂ ਤੇ ਕੋਈ ਕਲਿਜੁਗੀ ਕਿਵੇਂ ਹੋਇਆ। ਸਤਿਜੁਗ ਤੇ ਕਲਿਜੁਗ ਤਾਂ ਮਨੁੱਖ ਆਪਣੀ ਕਰਨੀ ਕਰਕੇ ਬਣਾਉਂਦਾ ਹੈ। ਦਿਨ, ਵਾਰ, ਥਿਤਾਂ ਤੇ ਸਮੇਂ ਤਾਂ ਸਾਰੇ ਇਕੋ ਜਿਹੇ ਹਨ। ਇਸ ਤਰ੍ਹਾਂ ਥਿਤਾਂ ਤੇ ਵਾਰ ਗਿਣਨ ਤੇ ਮੰਨਣ ਵਾਲਿਆਂ ਬਾਰੇ ਸਤਿਗੁਰੂ ਜੀ ਫ਼ੁਰਮਾਉਂਦੇ ਹਨ:

ਥਿਤੀ ਵਾਰ ਸੇਵਹਿ ਮੁਗਧ ਗਵਾਰ ॥੧੦॥੨॥

(ਬਿਲਾਵਲੁ ਮ: ੩, ਪੰਨਾ ੮੪੩)

ਸਾਨੂੰ ਭਲੀ ਭਾਂਤ ਪਤਾ ਹੈ ਕਿ ਗੰਗਾ ਕੰਢੇ ਜਦੋਂ ਲੋਕ ਚੜ੍ਹਦੇ ਸੂਰਜ ਵਲ ਮੂੰਹ ਕਰ ਕੇ ਗੰਗਾ-ਜਲ ਦੀਆਂ ਚੂਲੀਆਂ ਆਪਣੇ ਪੂਜਯ ਪਿੱਤਰਾਂ ਨੂੰ ਭੇਟ ਕਰ

---

੧. ਸੂਹੀ ਮ: ੧ ਛੰਤ, ਪੰਨਾ ੭੬੪

ਹੈ, ਪ੍ਰੰਤੂ ਪੜ੍ਹਨ ਸੁਣਨ, ਤੇ ਸਤਿ-ਸੰਗਤ ਕਰਨ ਤੋਂ ਬਿਨਾਂ ਭਾਈ ਜੀ ਨੂੰ ਪਾਠ ਕਰ 'ਛਡਣਾ' ਲਈ ਕਹਿ ਦੇਣਾ, ਅਤੇ ਉਨੇ ਕੁ ਹੀ ਸਤਿਕਾਰ ਨਾਲ ਭਾਈ ਜੀ ਦਾ ਪਾਠ ਕਰ 'ਛਡਣਾ' ਪਾਠ ਕਰਾਉਣ ਦੀ ਹਉਮੈ ਰਖਣ ਜਾਂ ਆਪਣੇ ਪੈਸੇ ਦੀ ਪ੍ਰਦਰਸ਼ਨੀ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ। ਇਸੇ ਤਰ੍ਹਾਂ ਇਕੋ ਥਾਂ ਦਸ, ਵੀਹ, ਤੀਹ ਜਾਂ ਇਕੋਤਰ ਸੌ ਅਖੰਡ ਪਾਠ ਇਕੋ ਵਾਰ ਕਰ ਦੇਣੇ ਆਪਣੀ ਹਉਮੈ ਨੂੰ ਪ੍ਰਫੁੱਲਤ ਕਰਨ ਅਤੇ ਜਗਤ ਦੀ ਝੂਠੀ ਵਾਹਵਾ ਲੈਣ ਤੋਂ ਬਿਨਾਂ ਕੁਝ ਅਰਥ ਨਹੀਂ ਰਖਦੇ, ਨਾ ਗੁਰਮਤਿ ਅਜਿਹੇ ਸਾਧਨਾਂ ਵਿਚ ਵਿਸ਼ਵਾਸ ਰਖਦਾ ਹੈ। ਅਵਲ ਤਾਂ ਅਖੰਡ ਪਾਠ ਦੀ ਮਰਯਾਦਾ ਹੀ ਉਨ੍ਹਾਂ ਔਕੜ ਦੇ ਸਮਿਆਂ ਲਈ ਸੀ ਜਦੋਂ ਸਿੰਘ ਲੁਕੇ ਛਿਪੇ ਬੀਆਬਾਨ ਜੰਗਲਾਂ ਪਹਾੜਾਂ ਤੇ ਥਲਾਂ ਵਿਚ ਦਿਨ-ਕਟੀ ਕਰਦੇ ਭੀੜ ਸਉੜ ਕਰਕੇ ਦੋ ਚਾਰ ਦਿਨਾਂ ਵਾਸਤੇ ਕਿਧਰੇ ਇਕੱਠੇ ਹੁੰਦੇ ਅਤੇ ਅਖੰਡ ਪਾਠ ਦੁਆਰਾ ਗੁਰੂ ਬਾਣੀ ਸੁਣ ਜਾਂਦੇ, ਪਰ ਭਲਾ ਜੇਕਰ ਅੱਜ ਕੱਲ੍ਹ ਦੇ ਅਤਿ ਰੁਝੇਵਿਆਂ ਦੇ ਸਮੇਂ ਭੀ ਥੋੜਾ ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਪਾਠ ਸੁਣਨ ਨਮਿਤ ਅਖੰਡ ਪਾਠ ਕਰ ਲਏ ਜਾਣ ਤਾਂ ਕੋਈ ਹਰਜ ਵਾਲੀ ਗੱਲ ਨਹੀਂ, ਪਰੰਤੂ ਜੇ ਪਾਠ ਸੁਣਿਆ ਹੀ ਨਾ ਜਾਏ ਜਾਂ ਕਈ ਪਾਠ ਇਕੱਠੇ ਰਖ ਕੇ ਪਾਠੀ ਸੱਜਣ ਕੇਵਲ ਅੱਖਾਂ ਦੁਆਰੇ ਹੀ ਪਾਠ ਕਰੀ ਜਾਣ ਤਾਂ ਉਸਦਾ ਕੀ ਲਾਭ ਹੈ!

ਫਿਰ ਅਨੇਕ ਦੇਵ-ਪੂਜਾ ਦੇ ਬ੍ਰਾਹਮਣੀ ਪ੍ਰਭਾਵ ਥਲੇ ਪਾਠ ਵਾਲੇ ਕਮਰੇ ਵਿਚ ਜਲ ਦਾ ਕੋਰਾ ਘੜਾ ਧਰ ਕੇ ਸਤ ਪ੍ਰਕਾਰ ਦੇ ਅਨਾਜ ਉਤੇ ਉਹ ਟਿਕਾਇਆ ਜਾਏ ਅਤੇ ਲਾਲ ਕਪੜੇ ਵਿਚ ਨਾਰੀਅਲ ਬੰਨ੍ਹ ਕੇ ਘੜੇ ਉਪਰ ਰਖਿਆ ਜਾਏ ਤਾਂ ਇਸਦੇ ਕੀ ਅਰਥ ਹੋਣਗੇ, ਪਰੰਤੂ ਸਾਡੇ ਗ੍ਰੰਥੀ ਸਾਹਿਬਾਨ ਬ੍ਰਾਹਮਣਾਂ ਦੀ ਵੇਖਾ ਵੇਖੀ ਗੁਰੂ ਕੇ ਸ਼ਰਧਾਲੂ ਸਿੱਖਾਂ ਪਾਸੋਂ ਅੰਨ ਦੇਵਤਾ, ਜਲ ਦੇਵਤਾ ਆਦਿ ਦੀ ਪੂਜਾ ਕਰਵਾਉਂਦੇ ਹਨ, ਫਿਰ ਸਵੇਰੇ ਸ਼ਾਮ ਚਾਦਰਾਂ ਤਾਣ ਕੇ ਪੜਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੁਧ ਚਾਹ ਅਤੇ ਲੰਗਰ ਦਾ ਭੋਗ ਲਗਵਾਉਣਾ ਅਤੇ ਅਰਦਾਸੇ ਸੋਧਣੇ ਨਿਰਾ ਹੀ ਬ੍ਰਾਹਮਣੀ ਮਤਿ ਦੀ ਨਕਲ ਨਹੀਂ ਤਾਂ ਕੀ ਹੈ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਜਾਂ ਸਹਿਜ ਪਾਠ ਪਿਛੋਂ ਆਰਤੀ ਦਾ ਰਿਵਾਜ, (ਭਾਵੇਂ ਕੀਰਤਨੀਏ ਗੁਰੂ ਬਾਣੀ ਦਾ ਹੀ ਗਾਇਨ ਕਰਦੇ ਹਨ) ਭੀ ਬ੍ਰਾਹਮਣੀ ਠਾਕਰਾਂ ਦਾ ਆਰਤੀ ਦੀ ਹੀ ਨਕਲ ਹੈ ਅਤੇ ਆਰਤੀ ਕਰਦੇ ਫੁੱਲਾਂ ਦੀ ਵਰਖਾ ਤਾਂ ਨਿਰਾ ਹੀ ਬੁਤ ਪੂਜਣ ਦੇ ਤੁੱਲ ਹੈ। ਫਿਰ ਪਾਠ ਹੁੰਦੇ ਸਮੇਂ ਘਿਉ ਦਾ ਦੀਵਾ ਜਗਾਉਣ ਤੇ ਧੂਪ ਆਦਿ ਧੁਖਾਉਣੀ ਭੀ ਠਾਕਰ ਪੂਜਣ ਦੀ ਨਕਲ ਹੈ। ਕਿਤਨਾ ਚੰਗਾ ਹੋਵੇ ਜੇ ਬ੍ਰਾਹਮਣੀ ਪ੍ਰਭਾਵ ਤੋਂ ਮੁਕਤ ਹੋਣ ਲਈ

ਇਹ ਸਭ ਕੁਝ ਹੀ ਤਿਆਗ ਕੇ ਆਰਤੀ ਦੀ ਥਾਂ ਸਮੇਂ ਅਨੁਕੂਲ ਸ਼ਬਦ ਕੀਰਤਨ ਕੀਤਾ ਜਾਵੇ ਅਤੇ ਅਸਥਾਨ ਨੂੰ ਸੁਹਾਉਣਾ ਤੇ ਸੁਗੰਧਤ ਕਰਨ ਲਈ ਫੁੱਲਾਂ ਤੇ ਧੂਪ ਦੀ ਬਜਾਏ ਕੋਈ ਹੋਰ ਸਾਧਨ ਅਪਣਾਅ ਲਏ ਜਾਣ, ਬਲਕਿ ਜੇ ਸੰਗਰਾਂਦ, ਮਸਿਆ, ਪੁੰਨਿਆ ਦੀ ਥਾਂ ਭੀ ਸੰਗਤ ਦੇ ਜੋੜ ਮੇਲੇ ਲਈ ਕੋਈ ਹੋਰ ਹੀ ਦਿਨ ਮਿਥ ਲਏ ਜਾਣ ਤਾਂ 'ਬਿਪਰਨ ਕੀ ਰੀਤ' ਤੋਂ ਮੁਕਤ ਹੋ ਜਾਈਏ।

ਸਿਖ ਰੂਪ ਤੇ ਰਹਿਣੀ

ਸਤਿਗੁਰਾਂ ਨੇ ਸਾਨੂੰ ਹੋਰ ਲੋਕਾਂ ਤੋਂ ਭਿੰਨ, ਨਿਆਰੇ ਰੂਪ ਤੇ ਕਿਰਦਾਰ ਵਾਲੇ ਬਣਾਇਆ ਸੀ। ਸਾਬਤ ਸੂਰਤ ਅਤੇ ਸਿਰ ਪਰ ਦਸਤਾਰ ਸਾਡਾ ਰੂਪ ਸੀ ਅਤੇ ਅੰਮ੍ਰਿਤ ਵੇਲੇ ਦਾ ਇਸ਼ਨਾਨ ਸਾਡਾ ਪਹਿਲਾ ਕਰਮ ਸੀ। ਇਨ੍ਹਾਂ ਦੋ ਗੱਲਾਂ ਵਿਚ ਅਸੀਂ ਸਾਰੇ ਸੰਸਾਰ ਤੋਂ ਨਿਆਰੇ ਸਾਂ ਅਤੇ ਇਹੋ ਇਸ ਗੱਲ ਦੀਆਂ ਬਾਹਰ-ਮੁਖੀ ਨਿਸ਼ਾਨੀਆਂ ਸਨ ਕਿ ਸਿਖ ਬਾਕੀ ਸਮਾਜ ਦੇ ਰਿਵਾਜ ਤੇ ਫ਼ੈਸ਼ਨ ਤੋਂ ਸੁਤੰਤਰ ਤੇ ਨਿਆਰੇ ਕਿਰਦਾਰ ਵਾਲਾ ਹੈ। ਤੰਮਾਕੂ ਅਤੇ ਕੁੱਠਾ ਮਾਸ ਖਾਣ ਉਪਰ ਲਗਾਈਆਂ ਕਰੜੀਆਂ ਬੰਦਸ਼ਾਂ ਪਿਛੇ ਭੀ ਸਿਖ ਨੂੰ ਸਮੇਂ ਦੀ ਜ਼ਾਲਮਾਨਾ ਜ਼ਿਹਨੀਅਤ ਤੋਂ ਉਪਰ ਉਠਾਉਣ ਅਤੇ ਸੁਤੰਤਰ ਜੀਵਨ ਜੀਊਣ ਦੀ ਵਿਚਾਰ ਹੀ ਸੀ। ਉਸ ਸਮੇਂ ਸਮੁਚੀ ਭਾਰਤੀ, ਵਿਸ਼ੇਸ਼ ਕਰਕੇ ਹਿੰਦੂ ਜਨਤਾ ਮੁਗ਼ਲ ਹਕੂਮਤ ਦਾ ਪਾਣੀ ਭਰਦੀ ਸੀ, ਇਨ੍ਹਾਂ ਦਾ ਖਾਣ-ਪਾਣ, ਰੂਪ ਤੇ ਰਹਿਣੀ ਬਦੇਸ਼ੀ ਤਥਾ ਅਨਮਤੀ ਹਕੂਮਤ ਵਾਲਾ ਬਣ ਚੁਕਾ ਸੀ। ਹਕੂਮਤ ਦੇ ਉਲਟ ਉਭਾਸਰਨ ਦਾ ਕਿਸੇ ਨੂੰ ਹੌਸਲਾ ਨਹੀਂ ਸੀ ਪੈਂਦਾ। ਸਤਿਗੁਰੂ ਇਨ੍ਹਾਂ ਲੋਕਾਂ ਅੰਦਰ ਕ੍ਰਾਂਤੀ ਲਿਆਉਣਾ ਅਤੇ ਇਨ੍ਹਾਂ ਨੂੰ ਜ਼ਾਲਮ ਹਕੂਮਤ ਅਤੇ ਸਰਮਾਏਦਾਰੀ ਸਮਾਜ ਵਲੋਂ ਨਿਰਭੈ ਕਰਨਾ ਚਾਹੁੰਦੇ ਸਨ। ਆਪ ਨੇ ਅਜਿਹੀਆਂ ਗੱਲਾਂ ਅਪਣਾਈਆਂ, ਜਿਨ੍ਹਾਂ ਤੋਂ ਇਹ ਗੱਲ ਖੁਲ੍ਹੇ ਤੌਰ 'ਤੇ ਸਪਸ਼ਟ ਹੋ ਜਾਵੇ ਕਿ ਪਰਜਾ ਗ਼ੁਲਾਮ ਬਣ ਕੇ ਰਹਿਣ ਨੂੰ ਤਿਆਰ ਨਹੀਂ। ਸੋ ਜੋ ਲੋਕ ਸਤਿਗੁਰਾਂ ਦੀ ਸ਼ਰਨ ਵਿਚ ਆਏ, ਆਪ ਨੇ ਉਨ੍ਹਾਂ ਦਾ ਰੂਪ, ਰਹਿਣੀ, ਖਾਣ-ਪਾਣ, ਬਲਕਿ ਸਮੁਚਾ ਕਿਰਦਾਰ ਬਦਲ ਦਿਤਾ। ਆਪ ਦਾ ਅਜਿਹਾ ਕਰਨਾ ਸਮੇਂ ਦੀ ਹਕੂਮਤ ਅਤੇ ਸਮਾਜ ਦੋਹਾਂ ਨੂੰ ਬੜਾ ਭਾਰਾ ਚੈਲੰਜ ਸੀ, ਅਤੇ ਇਸ ਦਾ ਜੋ ਨਤੀਜਾ ਨਿਕਲਿਆ, ਸੰਸਾਰ ਦੇ ਸਾਮ੍ਹਣੇ ਹੈ।

ਅੱਜ ਭਾਰਤ ਵਿਚ ਲੋਕ ਰਾਜ ਹੈ, ਜਿਸ ਵਿਚ ਆਬਾਦੀ ਮੁਤਾਬਕ ਦੋ ਕੁ ਫ਼ੀ ਸਦੀ ਭਾਗ ਸਿੱਖਾਂ ਦਾ ਭੀ ਹੈ। ਪਰ ਅਠਾਨਵੇਂ ਫ਼ੀ ਸਦੀ ਦੀ ਬਹੁ-ਗਿਣਤੀ ਵਾਲੇ ਰਾਜ 'ਤੇ ਸਮਾਜ ਦੇ ਸਾਮ੍ਹਣੇ ਸਿਖ ਦੀ ਆਵਾਜ਼ ਨਾ ਹੋਣ ਦੇ ਬਰਾਬਰ ਹੈ। ਸਿਖ ਵਾਸਤੇ ਆਪਣੀ ਸੁਤੰਤਰ ਸਪਿਰਿਟ ਨੂੰ ਕਾਇਮ ਰੱਖਣ ਅਤੇ ਆਪਣੀ

ਵਿਚਾਰਧਾਰਾ ਨੂੰ ਸੰਸਾਰ ਵਿਚਾਰਧਾਰਾ ਬਣਾਉਣ ਲਈ ਅਤਿ ਜ਼ਰੂਰੀ ਹੈ ਕਿ ਇਹ ਆਪਣੇ ਉਸੇ ਰੂਪ ਅਤੇ ਰਹਿਣੀ ਨੂੰ ਦ੍ਰਿੜਤਾ ਨਾਲ ਕਾਇਮ ਰੱਖਣ, ਜੋ ਸਤਿਗੁਰਾਂ ਨੇ ਇਨ੍ਹਾਂ ਨੂੰ ਦਿਤੇ ਸਨ। ਸਿੱਖਾਂ ਨੂੰ ਉਸ ਸਮੇਂ ਸੁਤੰਤਰਤਾ ਕਾਇਮ ਕਰਨ ਲਈ ਅਨੇਕ ਕੁਰਬਾਨੀਆਂ ਦੇਣੀਆਂ ਪਈਆਂ ਅਤੇ ਸਾਬਤ ਸੂਰਤ ਤੇ ਸਿੱਖੀ ਚਲਨ ਦੇ ਬਚਾਉ ਹਿਤ ਅਨੇਕਾਂ ਸੀਸ ਧੜਾਂ ਤੋਂ ਜੁਦਾ ਹੋਏ। ਉਹ ਤਲਵਾਰ ਦਾ ਸਮਾਂ ਸੀ, ਜੋ ਪਰਜਾ ਉਪਰ ਭੀ ਉਸੇ ਤਰ੍ਹਾਂ ਵਰ੍ਹਦੀ ਸੀ ਜਿਸ਼ ਤਰ੍ਹਾਂ ਬਦੇਸ਼ੀ ਵੈਰੀ ਉਪਰ। ਅਜ ਤਲਵਾਰ ਅੰਤਲਾ ਹਥਿਆਰ ਏ। ਇਸ ਤੋਂ ਉਰੇ ਕਲਮ ਤੇ ਜ਼ਬਾਨ, ਪ੍ਰੈਸ ਤੇ ਪਲੇਟ-ਫ਼ਾਰਮ ਦੇ ਅਜਿਹੇ ਹਥਿਆਰ ਹਨ ਜਿਨ੍ਹਾਂ ਨੂੰ ਕੇਵਲ ਹਕੂਮਤ ਹੀ ਨਹੀਂ, ਸਗੋਂ, ਸਮਾਜ ਭੀ ਪੂਰੇ ਜ਼ੋਰ ਨਾਲ ਵਰਤਦਾ ਹੈ। ਇਹ ਹਥਿਆਰ ਤਲਵਾਰ ਨਾਲੋਂ ਵਧੇਰੇ ਕਾਰੀ ਤੇ ਖ਼ਤਰਨਾਕ ਹਨ, ਜਿਸ ਕਰਕੇ ਇਨ੍ਹਾਂ ਦੀ ਮਾਰ ਤੋਂ ਬਚਣ ਲਈ ਬਹੁਤ ਜ਼ਿਆਦਾ ਤਤਪਰ ਰਹਿਣ ਦੀ ਲੋੜ ਹੈ।

ਸੋ ਇਸ ਸਮੇਂ ਸਿਖ ਨੌਜਵਾਨ ਨੇ ਦੁਵੱਲੀ ਟੱਕਰ ਦਾ ਸਾਮ੍ਹਣਾ ਕਰਨਾ ਹੈ। ਪਹਿਲੀ ਟੱਕਰ ਅਨਮਤ ਵਾਲਿਆਂ ਦੀ ਵੱਡੀ ਉਸ ਬਹੁ-ਗਿਣਤੀ ਨਾਲ ਹੈ ਜੋ ਸਿਖ ਦੀ ਸਰਬ ਸਾਂਝੀ ਵਿਚਾਰਧਾਰਾ ਅਤੇ ਸਿਖ ਰੂਪ ਨੂੰ ਓਪਰਾ ਜਾਣਦੀ ਹੋਈ ਭਾਰਤ ਨੂੰ, 'One Religion, One Language and One Nationality' (ਇਕ ਮਜ਼ਹਬ, ਇਕ ਭਾਸ਼ਾ ਤੇ ਇਕ ਕੌਮੀਅਤ) ਦਾ ਦੇਸ਼ ਬਣਾਉਣ ਦੀ ਚਾਹ ਵਿਚ ਹਰ ਦੂਜੇ ਅਨਸਰ ਨੂੰ ਕੁਚਲ ਦੇਣ ਦੀ ਇਛਾਵਾਨ ਹੈ, ਜਿਸ ਦੇ ਲਈ ਅਨਮਤੀ ਪ੍ਰੈਸ ਤੇ ਪਲੇਟ-ਫ਼ਾਰਮ ਕਿਸੇ ਨਾ ਕਿਸੇ ਪੱਖ ਤੋਂ ਇਸਦਾ ਵਿਰੋਧ ਕਰ ਰਹੇ ਹਨ ਅਤੇ ਹਿੰਦੂ ਸਿਖ ਏਕਤਾ ਦੇ ਬੁਰਕੇ ਹੇਠ ਸਿਖ ਵਿਚਾਰਧਾਰਾ ਉਤੇ ਐਉਂ ਛਾ ਰਿਹਾ ਹੈ ਜਿਵੇਂ ਅੱਗ ਦੀ ਸੁਲਘਦੀ ਅੰਗਿਆਰੀ ਉਤੇ ਮਣਾਂ ਮੂੰਹੀਂ ਸੁਆਹ ਪਾ ਕੇ ਉਸ ਨੂੰ ਦਬਾ ਦਿਤਾ ਜਾਏ। ਇਸ ਅੰਗਿਆਰੀ ਨੂੰ ਸੁਲਘਦਾ ਅਤੇ ਜੀਊਂਦਾ ਰੱਖਣ ਲਈ ਜ਼ਰੂਰੀ ਹੈ ਕਿ ਇਸ ਵਿਚਲੀ ਤੇਜ਼ੀ ਤੇ ਉਭਾਰ ਏਨਾ ਜ਼ੋਰਦਾਰ ਹੋਵੇ ਕਿ ਇਹ ਅੱਗ ਵਸਾਉਣ ਵਾਲੇ ਪਹਾੜ ਵਿਚੋਂ ਉਛਲਦੇ ਲਾਵੇ ਦੀ ਤਰ੍ਹਾਂ ਉਭਰ ਕੇ ਆਪਣੇ ਦੁਆਲੇ ਦੀ ਸੁਆਹ ਹੇਠ ਦਬਣ ਤੋਂ ਬਚ ਨਿਕਲੇ।

ਦੂਜੀ ਟੱਕਰ, ਜਿਸਦਾ ਸਿਖ ਨੌਜਵਾਨ ਨੇ ਸਾਮ੍ਹਣਾ ਕਰਨਾ ਹੈ, ਇਸ ਦੀ ਆਪਣੀ ਗ਼ੁਲਾਮਾਨਾ ਜ਼ਹਿਨੀਅਤ ਹੈ। ਸਾਡੇ ਅਲ੍ਹੜ ਵੀਰ ਤੇ ਭੈਣਾਂ ਬਹੁ-ਗਿਣਤੀ ਸਮਾਜ ਦੀ ਲਫੇੜ ਵਿਚ ਆਏ ਹੋਏ ਆਪਣਾ ਆਪ ਭੀ ਭੁੱਲ ਜਾਂਦੇ ਹਨ। ਉਹ ਮਿੱਤਰ-ਯਾਰ, ਸਾਥੀ-ਸੰਗੀ, ਜਿਨ੍ਹਾਂ ਦੇ ਧਰਮ-ਵਿਚਾਰ ਸਾਥੋਂ ਵੱਖਰੇ ਹਨ, ਜਿਨ੍ਹਾਂ ਦੀ ਨਿਤਾਪ੍ਰਤੀ ਰਹਿਣੀ ਭੀ ਕਈ ਗੱਲਾਂ ਵਿਚ ਸਾਡੇ ਨਾਲ ਨਹੀਂ

ਮਿਲਦੀ, ਜਿਨ੍ਹਾਂ ਦੀ ਸ਼ਕਲ ਰੂਪ ਭੀ ਸਾਥੋਂ ਨਿਆਰੇ ਹਨ, ਪਰ ਜਿਨ੍ਹਾਂ ਦੀ ਗਿਣਤੀ ਸਾਡੇ ਨਾਲੋਂ ਬਹੁਤ ਜ਼ਿਆਦਾ ਹੈ—ਉਹ ਸੌ ਖੜੇ ਹੋਣ ਤਾਂ ਅਸੀਂ ਕੇਵਲ ਦੋ ਹੁੰਦੇ ਹਾਂ—ਅਜਿਹੀ ਸੁਸਾਇਟੀ ਦੇ ਪ੍ਰਭਾਵ ਨੂੰ ਸਾਡੇ ਵੀਰ ਤੇ ਭੈਣਾਂ ਝਟ ਕਬੂਲ ਲੈਂਦੇ ਹਨ। ਉਨ੍ਹਾਂ ਨੇ ਨੰਗੇ ਸਿਰ ਤੇ ਕਟੀਆਂ ਹੋਈਆਂ ਦਾੜ੍ਹੀਆਂ ਤੇ ਵਾਲ, ਉਨ੍ਹਾਂ ਦੀਆਂ ਰੀਤਾਂ ਰਸਮਾਂ ਤੇ ਤਿਉਹਾਰ, ਉਨ੍ਹਾਂ ਦਾ ਖਾਣ ਪੀਣ ਤੇ ਫ਼ੈਸ਼ਨ ਸਾਡੀਆਂ ਭੈਣਾਂ ਤੇ ਵੀਰਾਂ ਨੂੰ ਉਨ੍ਹਾਂ ਜਿਹੇ ਬਣ ਕੇ ਰਹਿਣ ਦੀ ਪ੍ਰੇਰਨਾ ਦੇਂਦੇ ਹਨ। ਇਨ੍ਹਾਂ ਦਾ ਆਪਣਾ ਸੁਭਾਅ ਆਜ਼ਾਦਾਨਾ ਸੋਚਣ ਵਾਲਾ ਨਹੀਂ ਹੁੰਦਾ ਅਤੇ ਉਹ ਦੁਆਲੇ ਦੀ ਬਹੁ-ਗਿਣਤੀ ਵਾਂਙ ਹੀ ਵਹਿ ਤੁਰਦੇ ਹਨ। ਇਹ ਗ਼ੁਲਾਮ ਬਿਰਤੀ ਕਿਸੇ ਭੀ ਅਣਖੀਲੇ ਜੀਵਨ ਲਈ ਅਤਿ ਹਾਨੀਕਾਰਕ ਹੈ। ਸਿਖ ਨੌਜਵਾਨਾਂ ਦੀ ਅਜਿਹੀ ਜ਼ਹਿਨੀਅਤ ਤੋਂ ਪ੍ਰਭਾਵਤ ਹੋ ਕੇ ਕਈ ਲੇਖਕਾਂ ਨੇ ਸਿੱਖੀ ਲਈ ਖ਼ਤਰੇ ਦਾ ਅਲਾਰਮ ਵਜਾ ਦਿਤਾ ਹੈ।

ਸਾਡੇ ਇਸ ਲੇਖ ਦਾ ਵਿਸ਼ਾ ਭੀ ਆਪਣੇ ਸਿਖ ਵੀਰਾਂ ਤੇ ਭੈਣਾਂ ਨੂੰ ਅਜਿਹੀ ਅੰਨ੍ਹੇਵਾਹ ਦੀ ਗ਼ੁਲਾਮੀ ਵਿਰੁਧ ਸੁਚੇਤ ਕਰਨਾ ਹੈ। ਸਤਿਗੁਰੂ ਜੀ ਨੇ ਇਸ ਆਸ਼ੇ 'ਤੇ ਹੀ ਫ਼ੁਰਮਾਇਆ ਹੈ:

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥੫॥੩੭॥

(ਸਿਰੀ ਰਾਗੁ ਮ: ੩, ਪੰਨਾ ੨੮)

ਸਾਨੂੰ ਆਜ਼ਾਦਾਨਾ ਤੌਰ ਪਰ ਸੋਚਣ ਦੀ ਬਿਰਤੀ ਬਣਾਉਣੀ ਚਾਹੀਦੀ ਹੈ, ਖ਼ਾਸ ਕਰ ਸਿਖ ਹੋਣ ਦੇ ਨਾਤੇ ਜਿਸ ਗੱਲ ਤੋਂ ਗੁਰਮਤਿ ਸਾਨੂੰ ਵਰਜੇ, ਉਹ ਤਾਂ ਭੁੱਲ ਕੇ ਭੀ ਨਹੀਂ ਕਰਨੀ ਚਾਹੀਦੀ, ਨਹੀਂ ਤਾਂ ਅਸੀਂ ਉਸੇ ਗਿਣਤੀ ਵਿਚ ਸ਼ੁਮਾਰ ਹੋਵਾਂਗੇ ਜਿਨ੍ਹਾਂ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ'[੧] ਕਹਿ ਕੇ ਮੁਗ਼ਲ ਕਾਲ ਦਾ ਨਕਸ਼ਾ ਖਿਚਿਆ ਸੀ।

---

੧. ਆਸਾ ਦੀ ਵਾਰ, ਪੰਨਾ ੪੬੯

ਵਹਿਮ ਭਰਮ ਤੇ ਸਿੱਖੀ, ਅਤੇ ਸਿੱਖੀ ਜ਼ਾਬਤਾ

ਸ਼ਗਨ ਅਪਸ਼ਗਨ

ਇਕ ਦਿਨ ਘਰ ਬੈਠਿਆਂ ਮੇਰੀ ਇਕ ਬੱਚੀ ਨੇ ਮੈਨੂੰ ਕਿਹਾ, "ਬਾਪੂ ਜੀ, ਬਾਹਰ ਜਾਣ ਸਮੇਂ ਪੜ੍ਹੇ ਜਾਣ ਵਾਲਾ ਸ਼ਬਦ ਲਿਖਾਓ।" ਇਸ ਗੱਲ ਨੇ ਮੈਨੂੰ ਡੂੰਘੇਰੀ ਸੋਚ ਵਿਚ ਪਾ ਦਿਤਾ ਅਤੇ ਮੈਨੂੰ ਦ੍ਰਿੜ੍ਹ ਹੋਇਆ ਕਿ ਇਹ ਸਾਡੇ ਮਨਾਂ 'ਤੇ ਪਏ ਬ੍ਰਾਹਮਣੀ ਪ੍ਰਭਾਵ ਦਾ ਹੀ ਇਕ ਉਦਾਹਰਣ ਹੈ।

ਹਿੰਦੂ ਸ਼ਾਸਤਰ ਵੱਖੋ ਵੱਖ ਸਮਿਆਂ ਤੇ ਵੱਖੋ ਵੱਖ ਮੰਤਰਾਂ ਦੇ ਪਾਠ ਪੜ੍ਹੇ ਜਾਣ ਦੀ ਸੂਚਨਾ ਦੇਂਦੇ ਹਨ। ਹਰ ਕਾਰਜ ਲਈ ਵਿਸ਼ੇਸ਼ ਮੰਤਰ ਨਿਸਚਿਤ ਹਨ, ਜਿਨ੍ਹਾਂ ਦਾ ਬ੍ਰਾਹਮਣ ਵਲੋਂ ਪੜ੍ਹਿਆ ਜਾਣਾ ਕਾਰਜ ਦੀ ਸਿਧੀ ਲਈ ਜ਼ਰੂਰੀ ਸਮਝਿਆ ਜਾਂਦਾ ਹੈ। ਹਰ ਕੰਮ ਸ਼ੁਰੂ ਕਰਨ ਲਈ ਸ਼ੁਭ ਲਗਨ ਸ਼ਗਨ ਥਿਤ ਵਾਰ ਘੜੀ ਦਾ ਵਿਚਾਰ ਜ਼ਰੂਰੀ ਹੈ, ਯਥਾ ਬੱਚੇ ਨੂੰ ਪੜ੍ਹਨੇ ਪਾਉਣ, ਨਵੇਂ ਮਕਾਨ ਅੰਦਰ ਵਾਸਾ ਕਰਨ, ਨਵੀਂ ਦੁਕਾਨ ਖੋਲ੍ਹਣ, ਬੱਚੇ ਦਾ ਮੰਗਣਾ ਵਿਆਹ ਜਾਂ ਕਿਸੇ ਹੋਰ ਰਸਮ ਦੇ ਕਰਨ, ਸਫ਼ਰ ਵਿਚ ਪੈਣ, ਪੁੰਨ ਦਾਨ ਇਸ਼ਨਾਨ ਕਰਨ ਸਮੇਂ। ਸ਼ੁਭ ਅਸ਼ੁਭ ਘੜੀ, ਥਿਤ ਵਾਰ ਦਾ ਸਹੀ ਗਿਆਨ ਭੀ ਬ੍ਰਾਹਮਣ ਨੂੰ ਹੁੰਦਾ ਹੈ ਅਤੇ ਉਹ ਹੀ ਮੁਕੱਰਰ ਮੰਤਰ ਦਾ ਪਾਠ ਨੀਯਤ ਸਮੇਂ ਪੜ੍ਹਨ ਦਾ ਅਧਿਕਾਰੀ ਹੈ।

ਗੁਰਮਤਿ ਵਿਚ ਅਜਿਹੇ ਵਿਚਾਰ ਸਵੀਕਾਰ ਨਹੀਂ ਕੀਤੇ ਗਏ, ਬਲਕਿ ਗੁਰੂ ਜੀ ਤਾਂ ਕਹਿੰਦੇ ਹਨ :

ਥਿਤੀ ਵਾਰ ਸੇਵਹਿ ਮੁਗਧ ਗਵਾਰ ॥੧੦॥੨॥

(ਬਿਲਾਵਲੁ ਮ: ੩, ਪੰਨਾ ੮੪੩)

ਨਾ ਗੁਰਬਾਣੀ ਅੰਦਰ ਕੋਈ ਐਸੇ ਸ਼ਬਦ ਹਨ ਜੋ ਵਿਸ਼ੇਸ਼ ਸਮਿਆਂ 'ਤੇ ਪੜ੍ਹੇ ਜਾਣ ਲਈ ਨਿਸਚਿਤ ਹੋਣ ਅਤੇ ਜੋ ਕਾਰਜ ਦੀ ਸਿੱਧੀ ਦੇ ਜ਼ਾਮਨ ਹੋਣ। ਪਰ ਸਾਡੇ ਕਈ ਮਾਨਯੋਗ ਸੰਤ ਮਹਾਤਮਾਂ ਨੇ ਆਪਣੀ ਸਿੱਖੀ ਸੇਵਕੀ ਚਲਾਉਣ

ਲਈ ਕੁਝ ਵਿਸ਼ੇਸ਼ ਸ਼ਬਦ ਅੰਕੇ ਹੋਏ ਹੁੰਦੇ ਹਨ, ਜਿਨ੍ਹਾਂ ਦੇ ਇਕੋਤਰ ਸੌ ਜਾਂ ਇੱਕੀ ਮਾਲਾ ਪਾਠ ਉਹ ਆਪਣੇ ਸ਼ਰਧਾਲੂਆਂ ਨੂੰ ਖ਼ਾਸ ਖ਼ਾਸ ਪ੍ਰਯੋਜਨਾਂ ਦੀ ਸਿੱਧੀ ਲਈ ਦੇਂਦੇ ਹਨ, ਜਿਨ੍ਹਾਂ ਨੂੰ ਉਹ ਬਿਨਾਂ ਪ੍ਰੇਮ, ਬੈਰਾਗ ਤੇ ਰਸ-ਲੀਨ ਹੋਏ ਦੇ ਤੋਤਾ-ਰਟੀ ਪੜ੍ਹੀ ਜਾਂਦੇ ਹਨ, ਅਤੇ ਇਸ ਵਿਸ਼ਵਾਸ ਵਿਚ ਜੀਊਂਦੇ ਹਨ ਕਿ ਜਦੋਂ ਉਨ੍ਹਾਂ ਦਾ ਉਹ ਨੇਮ ਪੂਰਾ ਹੋ ਗਿਆ, ਮਿਥਿਆ ਹੋਇਆ ਕਾਰਜ ਸਿੱਧ ਹੋ ਜਾਵੇਗਾ। ਪਰ ਜਦੋਂ ਵਿਸ਼ੇਸ਼ ਸ਼ਬਦ ਜਾਂ ਬਾਣੀ ਮਿਥੀ ਗਿਣਤੀ ਅਨੁਸਾਰ ਪੜ੍ਹ ਲੈਣ ਦੇ ਬਾਵਜੂਦ ਮਨਸ਼ਾ ਪੂਰੀ ਨਹੀਂ ਹੁੰਦੀ ਤਾਂ ਉਸ ਸ਼ਬਦ ਜਾਂ ਬਾਣੀ ਨੂੰ ਦੋਸ਼ ਦਿਤਾ ਜਾਂਦਾ ਹੈ। ਇਹ ਨਹੀਂ ਵਿਚਾਰਿਆ ਜਾਂਦਾ ਕਿ ਕਿਸੇ ਕੰਮ ਨੇ ਤਾਂ ਕੀਤਿਆਂ ਹੀ ਹੋਣਾ ਹੈ। ਬਾਣੀ ਪੜ੍ਹਨ ਦਾ ਪ੍ਰਭਾਵ ਤਾਂ ਮਨ ਜਾਂ ਆਤਮਾ ਨੇ ਕਬੂਲਣਾ ਹੈ, ਅਤੇ ਉਹ ਭੀ ਤਦੇ, ਜੇ ਬਾਣੀ ਭਾਵ ਨੂੰ ਵਿਚਾਰਿਆ ਅਤੇ ਉਸ ਨੂੰ ਨਿਤਾਪ੍ਰਤੀ ਜੀਵਨ ਅੰਦਰ ਢਾਲਿਆ ਗਿਆ ਹੈ। ਜ਼ਿੰਦਗੀ ਅੰਦਰ ਬਾਣੀ ਅਨੁਕੂਲ ਕੀਤੀ ਕਮਾਈ ਨੇ ਮਿਥੇ ਕਾਰਜ ਕਰਨ ਦੀ ਸੇਧ ਦੇਣੀ ਹੈ, ਜਿਸ ਸੇਧੇ ਤੁਰਿਆਂ ਕੰਮ ਨੇ ਸਫਲ ਹੋਣਾ ਹੈ। ਇਸੇ ਲਈ ਗੁਰੂ ਜੀ ਦਸਦੇ ਹਨ ਕਿ ਜਿਸ ਬਾਣੀ ਨੂੰ ਤੁਸੀਂ ਪੜ੍ਹਦੇ ਹੋ ਉਸ ਨੂੰ ਆਪਣੇ ਕੰਨਾਂ ਦੁਆਰਾ ਸੁਣੋ ਅਤੇ ਜੋ ਕੁਝ ਬਾਣੀ ਕਹਿੰਦੀ ਹੈ ਉਸ ਨੂੰ ਮੰਨੋ, ਅਥਵਾ ਉਸ 'ਤੇ ਅਮਲ ਕਰੋ, ਨਿਰਾ ਵਿਖਾਵੇ ਮਾਤਰ ਨਹੀਂ ਬਲਕਿ ਉਸ ਉਪਰ ਸ਼ਰਧਾ ਲਿਆ ਕੇ। ਇਸ ਤਰ੍ਹਾਂ ਅੰਤਰਮੁਖੀ ਹੋ ਕੇ, ਭਾਵ, ਸਾਰੀ ਗੱਲ ਨੂੰ ਹਿਰਦੇ ਅੰਦਰ ਵਿਚਾਰ ਕੇ ਆਪਣੇ ਅੰਦਰ ਦੀ ਮੈਲ ਨੂੰ ਇਉਂ ਧੋ ਦਿਓ ਜਿਵੇਂ ਇਸ਼ਨਾਨ ਦੁਆਰਾ ਸਰੀਰ ਦੀ ਮੈਲ ਧੋਈਦੀ ਹੈ:

> **ਸੁਣਿਆ ਮੰਨਿਆ ਮਨਿ ਕੀਤਾ ਭਾਉ ॥**
> **ਅੰਤਰਗਤਿ ਤੀਰਥਿ ਮਲਿ ਨਾਉ ॥੨੧॥** *(ਜਪੁ ਜੀ)*

ਬਿਨਾਂ ਰਸ-ਲੀਨ ਹੋਏ ਦੇ ਬਾਣੀਆਂ ਦੇ ਰਟ ਲੈਣ ਵਾਂਗ ਹੀ ਤੀਰਥਾਂ ਦੇ ਇਸ਼ਨਾਨ ਅਤੇ ਉਥੇ ਕੀਤੇ ਪੁੰਨ ਦਾਨ ਦੇ ਮਹਾਤਮ ਵੀ ਬੇਅਰਥ ਅਤੇ ਹਉਮੈ ਦਾ ਪਸਾਰਾ ਹੀ ਹਨ। ਬ੍ਰਾਹਮਣੀ ਵਿਚਾਰਧਾਰਾ ਵਿਸ਼ੇਸ਼ ਸਮਿਆਂ ਤੇ ਵਿਸ਼ੇਸ਼ ਥਾਈਂ ਕੀਤੇ ਇਸ਼ਨਾਨ ਨੂੰ ਵੱਡੀ ਮਹੱਤਤਾ ਦੇਂਦੀ ਹੈ, ਯਥਾ, ਸੂਰਜ ਗ੍ਰਹਿਣ ਸਮੇਂ ਕੁਰੂਕਸ਼ੇਤਰ ਦਾ ਇਸ਼ਨਾਨ, ਪੂਰਬੀ ਸਮੇਂ ਗੰਗਾ ਅਤੇ ਤ੍ਰਿਬੈਣੀ ਦੇ ਇਸ਼ਨਾਨ। ਇਨ੍ਹਾਂ ਹੀ ਥਾਈਂ ਅਗੇ ਪਿਛੇ ਕੀਤੇ ਕਿਤਨੇ ਇਸ਼ਨਾਨ ਵਿਸ਼ੇਸ਼ ਸਮੇਂ ਦੇ ਕੀਤੇ ਇਕ ਇਸ਼ਨਾਨ ਦੇ ਤੁੱਲ ਨਹੀਂ ਹੋ ਸਕਦੇ। ਨਾ ਹੋਰ ਥਾਈਂ ਵਗਦੇ ਨਿਰਮਲ ਪਾਣੀਆਂ ਤਥਾ ਸਰੋਵਰਾਂ ਵਿਚ ਕੀਤੇ ਇਸ਼ਨਾਨਾਂ ਦਾ ਉਹ ਮੁੱਲ ਹੈ ਜੋ ਕੁਰੂਕਸ਼ੇਤਰ, ਹਰਿਦੁਆਰ ਜਾਂ ਪ੍ਰਯਾਗ ਦੇ ਇਸ਼ਨਾਨ ਦਾ। ਸ਼ਾਇਦ ਇਸੇ ਵਿਚਾਰ ਅਧੀਨ ਹੀ

ਮਰ ਗਏ ਪ੍ਰਾਣੀ ਦੀਆਂ ਹੱਡੀਆਂ ਵੀ ਗੰਗਾ ਹਰਿਦੁਆਰ ਹੀ ਭੇਜੀਆਂ ਜਾਂਦੀਆਂ ਹਨ, ਹੋਰ ਕੋਈ ਦਰਿਆ ਇਨ੍ਹਾਂ ਨੂੰ ਵਹਾ ਲੈ ਜਾਣ ਦਾ ਅਧਿਕਾਰੀ ਨਹੀਂ, ਹਿੰਦੂਆਂ ਦੇ ਵੇਖੋ-ਵੇਖੀ ਸਿੱਖਾਂ ਦਰਿਆ ਸਤਲੁਜ ਦੇ ਕੀਰਤਪੁਰ ਅਸਥਾਨ ਨੂੰ ਮਰ ਗਏ ਸਿਖ ਪ੍ਰਾਣੀਆਂ ਦੀਆਂ ਹੱਡੀਆਂ ਸਮਾ ਲੈਣ ਦਾ ਅਧਿਕਾਰੀ ਮੰਨ ਲਿਆ ਹੈ। ਜ਼ਰਾ ਵਿਚਾਰ ਦੀ ਗੱਲ ਹੈ ਕਿ ਜੇ ਗੰਗਾ ਤੇ ਹਰਿਦੁਆਰ ਦੀ ਬਜਾਏ ਸਤਲੁਜ ਤੇ ਕੀਰਤਪੁਰ ਇਸ ਕੰਮ ਲਈ ਮੌਜ਼ੂੰ (ਯੋਗ) ਥਾਉਂ ਹਨ ਤਾਂ ਦਰਿਆ ਬਿਆਸ ਰਾਵੀ ਜਾਂ ਜਮਨਾ ਜਾਂ ਕੋਈ ਹੋਰ ਵਗਦਾ ਪਾਣੀ ਯਥਾ ਨਹਿਰ ਭਾਖੜਾ ਸਰਹੰਦ ਜਾਂ ਇਨ੍ਹਾਂ ਦੀ ਕੋਈ ਛੋਟੀ ਮੋਟੀ ਸ਼ਾਖ਼ ਕਿਉਂ ਨਹੀਂ ? ਭਾਖੜਾ ਅਤੇ ਸਰਹੰਦ ਨਹਿਰਾਂ ਵਿਚ ਪਾਣੀ ਤਾਂ ਸਤਲੁਜ ਤੋਂ ਹੀ ਪੈਂਦਾ ਹੈ। ਤਾਂ ਕੀ ਨਹਿਰ ਵਿਚ ਪੈ ਕੇ ਓਹੋ ਪਾਣੀ ਮਰੇ ਪ੍ਰਾਣੀ ਦੀਆਂ ਹੱਡੀਆਂ ਵਹਾ ਲੈ ਜਾਣ ਦੇ ਯੋਗ ਨਹੀਂ ਰਹਿੰਦਾ ? ਗੁਰੂ ਜੀ ਤਾਂ ਫ਼ੁਰਮਾਉਂਦੇ ਹਨ ਕਿ ਜੋ ਪ੍ਰਾਣੀ ਮਰ ਹੀ ਗਿਆ ਹੈ, ਉਸ ਨੂੰ ਸਾੜ ਫੂਕ ਜਾਂ ਦਬ ਦਿਓ, ਸਣਦੇਹੀ ਰੋੜ੍ਹ ਦਿਓ ਜਾਂ ਵਿਸ਼ਟਾ ਵਿਚ ਭੀ ਰੁਲਾ ਦਿਓ ਤਾਂ ਉਸ ਦਾ ਕੀ ਘਟ ਜਾਏਗਾ ? ਖ਼ਾਸ ਦਿਨਾਂ ਤੇ ਵਿਸ਼ੇਸ਼ ਥਾਈਂ ਇਸ਼ਨਾਨ ਕਰਨ ਦੀ ਮਹੱਤਤਾ ਨੂੰ ਹਿੰਦੂਆਂ ਵਾਂਗ ਹੀ ਸਿੱਖਾਂ ਨੇ ਅਪਣਾਇਆ ਹੋਇਆ ਹੈ, ਜਿਸ ਤਰ੍ਹਾਂ ਤਰਨ ਤਾਰਨ ਦੇ ਸਰੋਵਰ ਤੇ ਮਸਿਆ ਦਾ ਇਸ਼ਨਾਨ (ਜੇਕਰ ਇਹ ਮਸਿਆ ਸੋਮਵਾਰ ਨੂੰ ਆ ਜਾਵੇ ਜਾਂ ਭਾਦਰੋਂ ਦੇ ਮਹੀਨੇ ਦੀ ਮਸਿਆ ਹੋਵੇ ਤਾਂ ਇਸ ਦੀ ਮਹੱਤਤਾ ਹੋਰ ਵਧ ਜਾਂਦੀ ਹੈ), ਦੂਖ ਨਿਵਾਰਨ ਪਟਿਆਲਾ ਦੇ ਸਰੋਵਰ ਦਾ ਪੰਚਮੀ ਇਸ਼ਨਾਨ, ਗੋਇੰਦਵਾਲ ਦੀ ਬਾਉਲੀ ਦੇ ਚੁਰਾਸੀ ਇਸ਼ਨਾਨ, ਆਦਿ। ਸ਼ਰਧਾਲੂ ਲੋਕ ਕਈ ਕਈ ਮਸਿਆਂ ਜਾਂ ਪੰਚਮੀਆਂ ਨਹਾਉਣ ਦੀਆਂ ਸੁਖਣਾ ਸੁਖਦੇ ਹਨ, ਗੋਇਆ ਕਿ ਖ਼ਾਸ ਥਾਂ 'ਤੇ ਵਿਸ਼ੇਸ਼ ਗਿਣਤੀ ਦੇ ਕੀਤੇ ਇਸ਼ਨਾਨ ਕੰਮ ਵਿਚ ਸਫਲਤਾ ਦੇਣਗੇ। ਕਈ ਵਾਰ ਕੰਮ ਹੋ ਜਾਣ 'ਤੇ ਸੁੱਖੇ ਹੋਏ ਇਸ਼ਨਾਨ ਕੀਤੇ ਜਾਂਦੇ ਹਨ। ਇਹ ਭੀ ਇਕ ਤਰ੍ਹਾਂ ਦੀ ਸੌਦਾਬਾਜ਼ੀ ਹੈ, ਬੜੀ ਸੌਖੀ ਸੌਦਾਬਾਜ਼ੀ, ਨਾ ਕੁਝ ਦੇਣਾ ਨਾ ਲੈਣਾ, ਕੇਵਲ ਕਈ ਵਾਰ ਨਹਾ ਕੇ ਕੰਮ ਪੂਰਾ ਕਰਾ ਲੈਣਾ, ਕਿਤਨੀ ਮਜ਼ੇਦਾਰ ਗੱਲ ਹੈ। ਕਬੀਰ ਜੀ ਨੇ ਕਿਹਾ ਸੀ, 'ਲੋਗਨ ਰਾਮੁ ਖਿਲਉਨਾ ਜਾਨਾਂ'[੧], ਪਰ ਜੋ ਕੰਮ ਨਾ ਹੋਵੇ ਅਤੇ ਸੁਖਣਾ ਬੇ-ਅਰਥ ਚਲੀ ਜਾਵੇ ਤਾਂ ਜਿਸ ਦੀ ਸੁਖਣਾ ਸੁੱਖੀ ਸੀ, ਉਸ ਉਤੋਂ ਵਿਸ਼ਵਾਸ ਡੋਲ ਗਿਆ ਅਤੇ ਫਿਰ ਕਿਸੇ ਹੋਰ ਪੀਰ ਫ਼ਕੀਰ ਦਾ ਦਰ ਖੜਕਾਉਣਾ ਪਿਆ। ਇਸ ਦੇ ਉਲਟ ਜੇ ਕੰਮ ਹੋ ਜਾਵੇ ਤਾਂ ਮਨ ਉਪਰ ਸੁਖਣਾ ਪੂਰੀ ਨਾ ਕਰਨ ਦਾ ਪਹਾੜ ਜੇਡਾ

੧. ਭੈਰਉ ਕਬੀਰ ਜੀ, ਪੰਨਾ ੧੧੫੮

ਭਾਰ ਪੈ ਗਿਆ। ਇਸ ਦੇ ਮਨੋ-ਵਿਗਿਆਨਕ (Psychological) ਪ੍ਰਭਾਵ ਦੀ ਇਕ ਮਿਸਾਲ ਇਨ੍ਹਾਂ ਦਿਨਾਂ ਵਿਚ ਮੇਰੇ ਸਾਮ੍ਹਣੇ ਆਈ, ਜਦੋਂ ਮੇਰੇ ਇਕ ਅਜ਼ੀਜ਼ ਨੇ ਮੇਰੇ ਪਾਸ ਇਸ ਗੱਲ ਦਾ ਝੋਰਾ ਝੁਰਿਆ ਕਿ ਉਸ ਨੂੰ ਆਮ ਤੌਰ 'ਤੇ ਹਰ ਗੱਲ ਵਿਚ ਹਾਨੀ ਦਾ ਮੂੰਹ ਵੇਖਣਾ ਪੈਂਦਾ ਹੈ, ਕਿਉਂਕਿ ਤਿੰਨ ਸਾਲ ਹੋਏ ਉਸ ਨੇ ਅਖੰਡ ਪਾਠ ਕਰਾਉਣ ਦੀ ਸੁਖਣਾ ਸੁੱਖੀ ਸੀ, ਜੋ ਹੁਣ ਤਕ ਉਹ ਲਾਹ ਨਹੀਂ ਸਕਿਆ। ਉਸ ਦਾ ਗੁਰੂ ਉਸ ਨਾਲ ਨਾਰਾਜ਼ ਹੈ। ਮੈਂ ਉਸ ਦੀ ਇਹ ਗੱਲ ਸੁਣ ਕੇ ਸੁਖਣਾ ਦੇ ਭਾਰ ਦਾ ਲੋਕ-ਮਨਾਂ ਉਪਰ ਇਤਨਾ ਪ੍ਰਭਾਵ ਹੋਣ ਦੇ ਵਿਚਾਰ ਅੰਦਰ ਵਹਿ ਗਿਆ। ਇਸ ਵਿਚ ਸੋਚਣ ਵਾਲੀ ਇਕ ਗੱਲ ਤਾਂ ਇਹ ਹੈ ਕਿ ਕੀ ਅਖੰਡ ਪਾਠ ਨਾ ਕਰਾਉਣ ਕਾਰਨ ਗੁਰੂ ਸੱਚ-ਮੁਚ ਨਾਰਾਜ਼ ਹੋ ਜਾਂਦਾ ਹੈ। ਜੇ ਇਸ ਨੂੰ ਠੀਕ ਮੰਨ ਲਿਆ ਜਾਏ ਤਾਂ ਗੁਰੂ ਵੱਡਾ ਖੋਰੀ ਜਾਂ ਕੀਨਾ ਰਖਣ ਵਾਲਾ ਹੋਇਆ, ਜਦੋਂ ਕਿ ਬਾਣੀ ਅੰਦਰ ਨਿਰਵੈਰ ਹੋਣਾ ਗੁਰੂ ਜੀ ਦਾ ਇਕ ਵਿਸ਼ੇਸ਼ ਗੁਣ ਮੰਨਿਆ ਹੈ। ਭਾਈ ਨੰਦ ਲਾਲ ਗੁਰੂ ਦੇ ਖ਼ਾਲਸ ਤੇ ਬੇਕੀਨਾ ਹੋਣ ਦੀ ਸ਼ਾਅਦੀ ਭਰਦਾ ਹੈ, ਬਲਕਿ ਬਾਣੀ ਵਿਚ ਇਹ ਭੀ ਲਿਖਿਆ ਹੈ ਕਿ ਜੇ ਕੋਈ ਨੰਗੇ ਤੌਰ ਗੁਰੂ ਦੀ ਨਿੰਦਿਆ ਭੀ ਕਰਨ ਲਗ ਜਾਏ ਤਾਂ ਭੀ ਗੁਰੂ ਆਪਣਾ ਬਖ਼ਸ਼ ਦੇਣ ਵਾਲਾ ਗੁਣ ਨਹੀਂ ਛਡਦਾ :

ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥੧॥ਰਹਾਉ॥

(ਬੈਰਾੜੀ ਮ: ੪, ਪੰਨਾ ੭੨੦)

ਐਸਾ ਬਖ਼ਸ਼ੰਦ ਗੁਰੂ ਅਖੰਡ ਪਾਠ ਨਾ ਕਰਾਉਣ ਲਈ ਨਾਰਾਜ਼ ਕਿਵੇਂ ਹੋ ਸਕਦਾ ਹੈ ? ਦੂਜੀ ਗੱਲ ਸੁੱਖਣਾ ਸੁੱਖਣ ਤੇ ਸੁੱਖਣਾ ਲਾਹੁਣ ਦੇ ਵਿਸ਼ਵਾਸ ਦੀ ਹੈ। ਮੈਂ ਇਕ ਵਾਰ ਕਸ਼ਮੀਰ ਸ਼ੰਕਰਾਚਾਰੀਆ ਪਹਾੜੀ ਉਤੇ ਬਣੇ ਹੋਏ ਸ਼ਿਵ ਮੰਦਰ ਨੂੰ ਵੇਖਣ ਗਿਆ। ਮੰਦਰ ਦੀ ਇਕ ਕੰਧ 'ਤੇ ਲਟਕਦੀਆਂ ਰੱਸੀਆਂ ਨਾਲ ਅਨੇਕ ਹੀ ਫੁੱਮਣ, ਮੌਲੀ ਦੇ ਅਤੇ ਹੋਰ ਰੰਗ ਬਰੰਗੇ ਧਾਗਿਆਂ ਦੀਆਂ ਗੰਢਾਂ ਦਿੱਤੀਆਂ ਹੋਈਆਂ ਸਨ। ਮੇਰੇ ਪੁੱਛਣ 'ਤੇ ਦਸਿਆ ਗਿਆ ਕਿ ਇਹ ਲੋਕਾਂ ਦੀਆਂ ਆਪੋ ਆਪਣੀਆਂ ਸੁਖਣਾਂ ਦੀਆਂ ਗੰਢਾਂ ਹਨ। ਉਨ੍ਹਾਂ ਦਾ ਇਹ ਯਕੀਨ ਹੈ ਕਿ ਐਸਾ ਕਰ ਕੇ ਉਨ੍ਹਾਂ ਦਾ ਸੁੱਖਿਆ ਹੋਇਆ ਕਾਰਜ ਪੂਰਾ ਹੋ ਜਾਂਦਾ ਹੈ। ਐਸੀ ਗੱਲ ਮੈਂ ਕਈ ਹੋਰ ਥਾਈਂ ਭੀ ਵੇਖੀ ਹੈ। ਪਰ ਸਮਝ ਨਹੀਂ ਆਈ ਕਿ ਕਿਸੇ ਕੰਮ ਦੇ ਹੋਣ ਨਾਲ ਉਸ ਸੰਬੰਧੀ ਪਾਈ ਗੰਢ ਦਾ ਕੀ ਤਅੱਲਕ ਹੋਇਆ। ਹਰ ਕੰਮ ਲਈ ਕੁਝ ਤਰੱਦਦ ਕੀਤਾ ਜਾਵੇ ਤਾਂ ਹੀ ਉਹ ਹੋ ਸਕਿਆ ਕਰਦਾ ਹੈ ਤਾਂ ਸੈਂਕੜੇ ਕੋਹਾਂ ਦੂਰ ਅੱਧ-ਅਸਮਾਨੀ ਉੱਚੀ ਪਹਾੜੀ ਉਪਰ ਗੰਢ ਪਾ ਕੇ ਆਉਣ ਦਾ ਕੰਮ ਦੇ

ਹੋਣ ਨਾਲ ਕੀ ਸੰਬੰਧ ਹੋਇਆ ?

ਇਹ ਨਿਰਾ ਆਪਣੇ ਮਨ ਦੀ ਕਲਪਨਾ ਤੇ ਵਹਿਮ ਹੈ, ਜਿਸ ਨੂੰ ਮੰਨੀ ਜਾਣਾ ਅਤਿ ਦਰਜੇ ਦੀ ਮੂਰਖਤਾ ਤੋਂ ਵਧ ਕੁਝ ਨਹੀਂ। ਇਉਂ ਹੀ ਹੋਰ ਸਾਰੀਆਂ ਸੁੱਖਣਾਂ ਹਨ। ਇਹ ਤਾਂ ਰੱਬ, ਗੁਰੂ ਜਾਂ ਪੀਰ ਨਾਲ ਇਕ ਤਰ੍ਹਾਂ ਦੀ ਸੌਦੇਬਾਜ਼ੀ ਹੈ ਕਿ ਤੂੰ ਮੇਰਾ ਅਮਕਾ ਕੰਮ ਕਰ ਦੇਹ, ਮੈਂ ਤੇਰੇ ਲਈ ਅਮਕੀ ਗੱਲ ਕਰ ਦੇਵਾਂਗਾ। ਪਹਿਲੀ ਗੱਲ ਤਾਂ ਇਹ ਹੈ ਕਿ ਰੱਬ ਨਾਲ ਸੌਦੇਬਾਜ਼ੀ ਪੁੱਜ ਹੀ ਨਹੀਂ ਆਉਂਦੀ। ਸੌਦੇਬਾਜ਼ੀ ਤਾਂ ਕਿਸੇ ਬਰਾਬਰ ਦੇ ਨਾਲ ਹੀ ਹੋ ਸਕਦੀ ਹੈ, ਜਿਸ ਦੀ ਸਾਡੇ ਵਾਂਗੂ ਹੀ ਕੋਈ ਗ਼ਰਜ਼ ਹੋਵੇ, ਪਰ ਰੱਬ ਤਾਂ ਸਭ ਕਿਸੇ ਨੂੰ ਦੇਣ ਵਾਲਾ ਦਾਤਾ ਹੈ, ਉਸ ਨੂੰ ਕਿਸੇ ਪਾਸੋਂ ਕੁਝ ਲੈਣ ਦਾ ਕੋਈ ਨਿਜੀ ਲਾਲਚ ਨਹੀਂ—'ਵਡਾ ਦਾਤਾ ਤਿਲੁ ਨ ਤਮਾਇ'[੧] ਤਾਂ ਉਹ ਸੌਦੇਬਾਜ਼ੀ ਕਿਉਂ ਕਰੇਗਾ ? ਫਿਰ ਸੌਦਾ ਹਮੇਸ਼ਾ ਦੋ ਧਿਰਾਂ ਵਿਚਾਲੇ ਆਪੋ ਵਿਚ ਦੇ ਮਿਲਵਰਤਣ ਨਾਲ ਹੁੰਦਾ ਹੈ। ਕੀ ਸੁੱਖਣਾ ਸੁੱਖਣ ਲਗੇ ਅਸੀਂ ਕਦੀ ਰੱਬ ਨੂੰ ਜਾਂ ਆਪਣੇ ਇਸ਼ਟ ਪੀਰ ਨੂੰ ਇਹ ਪੁਛਿਆ ਹੈ ਕਿ ਤੈਨੂੰ ਇਹ ਸੁੱਖਣਾ ਮਨਜ਼ੂਰ ਹੈ ਜਾਂ ਨਹੀਂ ? ਅਸੀਂ ਪਾਠ ਕਰਾਉਣ ਜਾਂ ਤੀਰਥ ਨਹਾਉਣ ਜਾਂ ਕੋਈ ਵਿਸ਼ੇਸ਼ ਦਾਨ ਪੁੰਨ ਕਰਨ ਦੀ ਸੁੱਖਣਾ ਸੁਖ ਕੇ ਰੱਬ ਪਾਸੋਂ ਆਪਣੀ ਸਫਲਤਾ ਦੀ ਮੰਗ ਕਰਦੇ ਹਾਂ—ਇਹ ਕੀ ਪਤਾ ਹੈ ਰੱਬ ਸਾਡੀ ਏਨੀ ਕੁ ਸੁੱਖਣਾ ਨੂੰ ਪ੍ਰਵਾਨ ਭੀ ਕਰਦਾ ਹੈ ਜਾਂ ਨਹੀਂ। ਜੇ ਉਸਨੂੰ ਪਹਿਲੋਂ ਪੁਛੀਏ ਤਾਂ ਸ਼ਾਇਦ ਉਹ ਕੰਮ ਦੀ ਸਫਲਤਾ ਦਾ ਮੁੱਲ ਇਸ ਤੋਂ ਬਹੁਤ ਮੰਗ ਲਵੇ। ਇਸ ਤਰ੍ਹਾਂ ਸਾਡੀ ਆਪਣੇ ਆਪ ਸੁਖੀ ਹੋਈ ਇਕ-ਤਰਫੀ ਸੁੱਖਣਾ, ਜਿਸ ਵਿਚ ਦੂਜੀ ਧਿਰ ਦੀ ਸਲਾਹ ਹੀ ਨਹੀਂ ਪੁੱਛੀ ਗਈ, ਜਾਇਜ਼ ਕਿਵੇਂ ਹੋਈ ਅਤੇ ਇਸ ਦੇ ਲਾਹੁਣ ਨਾਲ ਰੱਬ ਰਾਜ਼ੀ ਕਿਵੇਂ ਹੋਇਆ ? ਇਹ ਸਭ ਮਨ ਦੇ ਆਪਣੇ ਉਤੇ ਆਪਣੇ ਪਾਏ ਹੋਏ ਭਾਰ ਹਨ ਅਤੇ ਥੋੜੀ ਬਹੁਤ ਸੰਤੁਸ਼ਟਤਾ, ਜੋ ਮਨ ਨੂੰ ਸੁੱਖਣਾ ਲਾਹ ਕੇ ਹੁੰਦੀ ਹੈ ਉਹ ਨਿਰੋਲ ਤੇ ਕੇਵਲ ਮਨੋ-ਵਿਗਿਆਨਕ ਗੱਲ ਹੈ। ਸੁੱਖਣਾ ਕੁਝ ਸਵਾਰ ਜਾਂ ਵਿਗਾੜ ਨਹੀਂ ਸਕਦੀ।

ਧਾਗੇ ਤਵੀਤ ਤੇ ਡੇਰੇਦਾਰ

ਕਈ ਵਧੇਰੇ ਚਾਲਾਕ ਆਦਮੀ ਸਾਧਾਰਨ ਬੁਧੀ ਤੇ ਗ਼ਰਜ਼ਮੰਦ ਲੋਕਾਂ ਨੂੰ ਧਾਗਾ ਮੰਤਰ ਜਾਂ ਕੋਈ ਟੂਣਾ ਤਵੀਤ ਦੇ ਕੇ ਉਨ੍ਹਾਂ ਦੀ ਛਿੱਲ ਲਾਹੁੰਦੇ ਹਨ। ਮਨੁੱਖਾਂ ਦੀਆਂ ਚਿਤਵੀਆਂ ਅਨੇਕਾਂ ਇੱਛਾਂ ਵਿਚੋਂ ਕੋਈ ਨਾ ਕੋਈ ਗੱਲ ਪੂਰੀ

---

੧. ਜਪੁ ਜੀ, ਪਉੜੀ ੨੫

ਹੋ ਜਾਣੀ ਇਤਫ਼ਾਕ ਦੀ ਗੱਲ ਹੈ, ਪਰ ਇਸ ਨਾਲ ਧਾਗੇ ਤੇ ਟੂਣੇ ਵਾਲਿਆਂ ਦਾ ਡੰਕਾ ਵਜ ਜਾਂਦਾ ਹੈ, ਬਲਕਿ ਆਮ ਤੌਰ 'ਤੇ ਅਜਿਹਾ ਡੰਕਾ ਵਜਾਉਣ ਵਾਲੇ ਬੰਦੇ ਉਨ੍ਹਾਂ ਦੇ ਰਖੇ ਹੋਏ ਹੁੰਦੇ ਹਨ ਜੋ ਉਨ੍ਹਾਂ ਦੀ ਚਰਚਾ ਫੈਲਾਉਂਦੇ ਰਹਿੰਦੇ ਹਨ—ਫਿਰ ਅੰਧ-ਵਿਸ਼ਵਾਸੀ ਲੋਕ, ਜਿਨ੍ਹਾਂ ਅੰਦਰ ਗੱਲ ਨੂੰ ਸੋਚਣ ਦੀ ਬੁਧ ਨਹੀਂ ਹੁੰਦੀ, ਵੇਖੋ-ਵੇਖੀ ਪਿਛੇ ਲਗ ਤੁਰਦੇ ਹਨ ਅਤੇ ਇਸੇ ਤਰ੍ਹਾਂ ਉਨ੍ਹਾਂ ਨੂੰ ਉਹ ਦੂਜੇ ਰੱਬ ਹੀ ਸਮਝ ਬੈਠਦੇ ਹਨ।

ਪਿਛਲੇ ਸਮਿਆਂ ਵਿਚ ਕਈ ਕਠਨ ਤਪ ਤੇ ਸਾਧਨਾ ਸਾਧਨ ਵਾਲੇ ਸਿਧ ਜਤੀ ਜੋਗੀ, ਕਾਲੇ ਇਲਮ ਦੇ ਅਭਿਆਸੀ ਅਤੇ ਜੋਤਿਸ਼ ਵਿਦਿਆ ਦੇ ਮਾਹਰ ਅਲੌਕਿਕ ਗੱਲਾਂ ਕਰ ਕੇ ਆਪਣਾ ਪ੍ਰਭਾਵ ਲੋਕਾਂ 'ਤੇ ਪਾ ਲੈਂਦੇ ਸਨ। ਮੈਂ ਸਮਝਦਾ ਹਾਂ ਕਿ ਉਹਨਾਂ ਦੀ ਸਥਿਤੀ ਭੀ ਅੱਜ ਕੱਲ੍ਹ ਦੇ ਸਾਇੰਸਦਾਨਾਂ ਵਾਲੀ ਹੀ ਹੋਵੇਗੀ ਅਤੇ ਉਨ੍ਹਾਂ ਦੀ ਸਮਰੱਥਾ ਦਾ ਨਿਰਭਰ ਭੀ ਹੁਣ ਵਾਂਗ ਕੁਦਰਤ ਅੰਦਰ ਮੌਜੂਦ ਕਿਸੇ ਸ਼ਕਤੀ ਉਤੇ ਵਸੀਕਾਰ ਪ੍ਰਾਪਤ ਕਰ ਲੈਣ 'ਤੇ ਹੀ ਹੋਵੇਗਾ, ਪਰ ਹੁਣ ਦੇ ਖੋਜੀਆਂ ਵਾਂਗ ਉਹ ਆਪਣੀ ਖੋਜ ਨੂੰ ਹੋਰਨਾਂ ਨਾਲ ਸਾਂਝਾ ਨਹੀਂ ਸਨ ਕਰਦੇ, ਨਾ ਉਨ੍ਹਾਂ ਪਾਸ ਅੱਜ ਵਾਲੇ ਵਸੀਲੇ ਹੀ ਸਨ, ਜੋ ਉਨ੍ਹਾਂ ਦੀਆਂ ਖੋਜਾਂ ਨੂੰ ਉੱਘਾ ਕਰਦੇ, ਇਸ ਲਈ ਇਹ ਉਨ੍ਹਾਂ ਦੀ ਨਿਜੀ ਸਿਧੀ ਬਣ ਕੇ ਰਹਿ ਜਾਂਦੀ ਸੀ, ਜੋ ਅੱਜ ਵੀ ਸਾਨੂੰ ਵੱਡੀ ਅਲੌਕਿਕ ਲਗਦੀ ਹੈ। ਪਰ ਅਜਿਹਾ ਵਿਚਾਰਵਾਨ ਸਿਧ ਜੋਗੀ ਤਾਂ ਲੱਖਾਂ ਕਰੋੜਾਂ ਵਿਚੋਂ ਕੋਈ ਟਾਵਾਂ ਹੀ ਹੁੰਦਾ ਹੋਵੇਗਾ (ਹੁਣ ਭੀ ਵਿਸ਼ੇਸ਼ ਈਜਾਦਾਂ ਕਰਨ ਵਾਲੇ ਟਾਵੇਂ ਟਾਵੇਂ ਹੀ ਹਨ), ਪਰ ਉਸ ਦੀ ਨਕਲ ਕਰਨ ਵਾਲੇ ਸਵਾਰਥੀ ਲੋਕਾਂ ਦਾ ਥਾਂ ਥਾਂ ਉਗਮ ਪੈਣਾ ਕੋਈ ਅਨਹੋਣੀ ਗੱਲ ਨਹੀਂ ਤੇ ਇਸ ਦਾ ਵਧੇਰੇ ਲਾਭ ਬ੍ਰਾਹਮਣ ਮੌਲਵੀ ਆਦਿ ਸ਼੍ਰੇਣੀਆਂ ਦੇ ਬੰਦਿਆਂ ਨੇ ਲਿਆ, ਕਿਉਂਕਿ ਜਨਤਾ ਦਾ ਇਨ੍ਹਾਂ ਉਪਰ ਧਾਰਮਕ ਵਿਸ਼ਵਾਸ ਤਾਂ ਪਹਿਲੋਂ ਹੀ ਬਣਿਆ ਹੋਇਆ ਸੀ, ਜਿਸ ਦਾ ਉਨ੍ਹਾਂ ਰਜ ਕੇ ਫਾਇਦਾ ਉਠਾਇਆ। ਧਾਗੇ ਟੂਣੇ ਤਵੀਤ ਦੇਣ ਅਤੇ ਵਿਸ਼ੇਸ਼ ਮੰਤਰ ਸਿਖਾਉਣ ਤੇ ਪ੍ਰਚੱਲਤ ਕਰਨ ਨਾਲ ਇਨ੍ਹਾਂ ਦੀ ਪਤ-ਆਬਰੋ ਤੇ ਧਨ ਵਿਚ ਵਾਧਾ ਹੁੰਦਾ ਸੀ, ਇਸ ਲਈ ਇਸ ਵਿਚ ਇਨ੍ਹਾਂ ਕੋਈ ਸੰਕੋਚ ਨਹੀਂ ਰਹਿਣ ਦਿਤਾ। ਇਨ੍ਹਾਂ ਪਾਸੋਂ ਹੀ ਸਾਡੇ ਪਾਠੀ, ਗ੍ਰੰਥੀ ਤੇ ਭਾਈ ਲੋਕਾਂ ਇਹ ਜਾਚ ਪਾਈ, ਪਰ ਇਸ ਨੂੰ ਬਹੁਤਾ ਪ੍ਰਚੱਲਤ ਚੋਗੇ ਤੇ ਗੋਲ ਦਸਤਾਰਾਂ ਰਖਣ ਵਾਲੇ ਡੇਰੇਦਾਰ, ਸੰਤਾਂ, ਸਾਧਾਂ ਨੇ ਕੀਤਾ, ਕਿਉਂਕਿ ਇਨ੍ਹਾਂ ਦੀ ਧਾਰਮਕ ਸ਼ਕਲ ਤੇ ਪਹਿਰਾਵਾ ਸਮੁਚੀ ਜਨਤਾ, ਖ਼ਾਸ ਕਰ ਇਸਤ੍ਰੀ ਜਾਤ ਦੇ ਮਨਾਂ ਨੂੰ ਵਧੇਰੇ ਪ੍ਰਭਾਵਿਤ ਕਰ ਲੈਂਦੀ ਸੀ। ਇਨ੍ਹਾਂ ਵਿਚ ਉਹ ਹੋਰ ਵਧੇਰੇ ਸਫਲ ਹੋਏ ਜੋ ਦਿਮਾਗੀ ਤੌਰ 'ਤੇ ਵਧੇਰੇ ਚਾਤੁਰ ਤੇ ਜ਼ਬਾਨ ਦੇ ਸ਼ੀਰੀਂ (ਮਿੱਠੇ) ਸਨ।

ਪਰ ਜਿਸ ਗੱਲ ਅੰਦਰ ਕੋਈ ਨਵੀਨਤਾ ਨਾ ਹੋਵੇ, ਉਹ ਲੋਕ-ਮਨਾਂ ਨੂੰ ਬਹੁਤੀ ਖਿਚ ਨਹੀਂ ਪਾ ਸਕਿਆ ਕਰਦੀ। ਇਸ ਨੂੰ ਧਿਆਨ ਵਿਚ ਰਖਦੇ ਹੋਏ ਹਰ ਇਕ ਡੇਰੇਦਾਰ ਨੇ ਆਪਣੇ ਨਿਤਾਪ੍ਰਤੀ ਵਿਹਾਰ ਅੰਦਰ ਕੋਈ ਨਵੀਂ ਗੱਲ ਕਰਨੀ ਜ਼ਰੂਰੀ ਸਮਝੀ ਹੈ। ਕਿਸੇ ਨੇ ਆਪਣੇ ਬਜ਼ੁਰਗਾਂ ਦੇ ਆਦਮ-ਕੱਦ ਫ਼ੋਟੋ ਲਗਾ ਰਖੇ ਹਨ, ਕਿਸੇ ਨੇ ਸੱਚਖੰਡ ਦੀ ਰਚਨਾ ਰਚਾਈ ਹੋਈ ਹੈ, ਜਿਸ ਦੇ ਦਰਸ਼ਨ ਕੁਝ ਵਿਸ਼ੇਸ਼ ਬਾਣੀਆਂ ਦੇ ਗਿਣਤੀ ਦੇ ਪਾਠਾਂ ਦੀ ਸੁਖਣਾ ਸੁਖਣ ਵਾਲੇ ਨੂੰ ਹੀ ਨਸੀਬ ਹੁੰਦੇ ਹਨ, ਕਿਸੇ ਨੇ ਗੁਰੂ ਗ੍ਰੰਥ ਸਾਹਿਬ ਨੂੰ ਪਰਦਿਆਂ ਅੰਦਰ ਰਖ ਕੇ ਉਨ੍ਹਾਂ ਦੇ ਦਰਸ਼ਨ ਤੇ ਭੋਗ ਲੁਆਉਣ ਦੀ ਬਿਧ ਬਣਾਈ ਹੋਈ ਹੈ, ਕਿਸੇ ਨੇ ਲੋਕਾਂ ਦੀਆਂ ਪੁਛਾਂ ਦੇ ਉਤਰ ਦੇਣ ਲਈ ਕੁਰਸੀ ਲਾਉਣ ਦੀ ਪਿਰਤ ਪਾਈ ਹੋਈ ਹੈ। ਗੱਲ ਕੀ, ਜਿਤਨੇ ਡੇਰੇ ਹਨ ਉਤਨੀਆਂ ਹੀ ਮਰਯਾਦਾ ਹਨ, ਹਰ ਕਿਸੇ ਦੀ ਆਪੋ ਆਪਣੀ ਮੱਤ ਹੈ ਜਿਸ ਨੂੰ ਗੁਰਮਤਿ ਕਹਿ ਕੇ ਪ੍ਰਚਾਰਿਆ ਜਾਂਦਾ ਹੈ।

ਉਕਤ ਸਾਰੇ ਕਥਨ ਤੇ ਉਟੰਕਣ ਕਰਨ ਵਾਲੇ ਸਜਣ ਸਾਨੂੰ ਇਸ ਗੱਲ ਦਾ ਦੋਸ਼ ਦੇਂਦੇ ਹਨ ਕਿ ਅਸੀਂ ਅਜਿਹੀਆਂ ਲਿਖਤਾਂ ਦੁਆਰਾ ਸ਼ਰਧਾਵਾਨ ਸਿੱਖਾਂ ਦਾ ਸਿਦਕ ਡੁਲਾਉਂਦੇ ਅਤੇ ਉਨ੍ਹਾਂ ਨੂੰ ਧਰਮ-ਅਸਥਾਨਾਂ ਦੇ ਦਰਸ਼ਨ ਇਸ਼ਨਾਨ, ਅਖੰਡ ਪਾਠਾਂ ਅਤੇ ਸਾਧਾਂ ਸੰਤਾਂ ਦੀ ਸੰਗਤ ਤੋਂ ਵਰਜਦੇ ਹਾਂ। ਸਾਡਾ ਹਰਗਿਜ਼ ਐਸਾ ਕੋਈ ਭਾਵ ਨਹੀਂ ਅਤੇ ਨਾ ਅਸੀਂ ਕਿਸੇ ਦੇ ਧਰਮ-ਵਿਸ਼ਵਾਸ ਨਾਲ ਖੇਡਣਾ ਚਾਹੁੰਦੇ ਹਾਂ। ਸਾਡਾ ਨਿਸ਼ਾਨਾ ਤਾਂ ਕੇਵਲ ਧਰਮ-ਵਿਸ਼ਵਾਸ ਨੂੰ ਸਹੀ ਸੇਧ ਦੇਣਾ ਹੈ। ਪੁਰਾਣੇ ਸਮਿਆਂ ਵਿਚ ਲੋਕ ਤੀਰਥੀਂ ਜਾ ਕੇ ਕੋਈ ਗੱਲ ਛੱਡ ਆਉਣ ਦਾ ਪ੍ਰਣ ਲਿਆ ਕਰਦੇ ਸਨ, ਕੋਈ ਚੋਰੀ ਛੱਡਦਾ, ਕੋਈ ਝੂਠ, ਕੋਈ ਨਸ਼ਾ ਪੀਣਾ, ਕੋਈ ਹੋਰ ਭ੍ਰਿਸ਼ਟਾਚਾਰੀ ਕਰਮ। ਹੌਲੀ ਹੌਲੀ ਲੋਕ ਅਜਿਹੇ ਪ੍ਰਣ ਦਾ ਅਸਲ ਭਾਵ ਭੁਲਦੇ ਗਏ ਅਤੇ ਛਡਣ ਛਡਾਣ ਵਾਲੀ ਗੱਲ ਗੰਢਾ ਥੋਮ ਆਦਿ ਰਸੋਈ ਦੀਆਂ ਚੀਜ਼ਾਂ ਦੇ ਤਿਆਗ 'ਤੇ ਆ ਨਿਬੜੀ। ਇਹੋ ਜਿਹੀ ਗੱਲ ਸਾਡੀਆਂ ਸੁਖਣਾਂ, ਅਖੰਡ ਪਾਠਾਂ ਤੇ ਇਸ਼ਨਾਨਾਂ ਦੀ ਬਣ ਗਈ ਹੈ। ਸੁਖਣਾ ਸੁਖਣ ਦਾ ਭਾਵ ਬਚਨ-ਬਧ ਹੋਣਾ ਹੈ, ਅਥਵਾ ਕੋਈ ਬਚਨ ਦੇਣਾ ਤੇ ਉਸ ਦਾ ਪੂਰਾ ਕਰਨਾ ਹੈ। ਜੇ ਇਹ ਬਚਨ ਨਿਰਾ ਸਰੀਰਕ ਇਸ਼ਨਾਨ ਦੁਆਰਾ ਪਿੰਡੇ ਦੀ ਮੈਲ ਧੋਣ ਜਾਂ ਭਾੜੇ ਦੇ ਅਖੰਡ ਪਾਠ ਕਰਾਉਣ ਤਕ ਹੀ ਸੀਮਤ ਹੋ ਜਾਏ ਤਾਂ ਇਹ ਤੀਰਥੀਂ ਜਾ ਕੇ ਗੰਢਾ ਛਡਣ ਵਾਲੀ ਗੱਲ ਹੀ ਬਣ ਜਾਂਦੀ ਹੈ। ਗੁਰਮਤਿ ਇਸ ਨੂੰ ਪ੍ਰਵਾਨ ਨਹੀਂ ਕਰਦੀ।

ਸਾਨੂੰ ਬਚਨ-ਬਧ ਤਾਂ ਉਨ੍ਹਾਂ ਗੱਲਾਂ ਲਈ ਹੋਣਾ ਚਾਹੀਦਾ ਹੈ ਜੋ ਗੱਲਾਂ ਗੁਰੂ ਚਾਹੁੰਦਾ ਹੈ ਅਤੇ ਅਸੀਂ ਓਹੋ ਕਰੀਏ। ਐਸੀ ਸੁਖਣਾ ਨੂੰ ਗੁਰੂ ਜ਼ਰੂਰ ਪ੍ਰਵਾਨ ਕਰੇਗਾ, ਕਿਉਂਕਿ ਇਹ ਗੁਰੂ ਦੇ ਆਪਣੇ ਕਹੇ ਅਨੁਸਾਰ ਹੋਵੇਗੀ। ਗੁਰੂ ਕਹਿੰਦਾ

ਹੈ, ਅੰਮ੍ਰਿਤ ਵੇਲੇ ਜਾਗ ਕੇ ਵਾਹਿਗੁਰੂ ਦਾ ਜਸ ਗਾਉ ਸੁਣੋ, ਜੇ ਅਸੀਂ ਇਹ ਸੁਖਣਾ ਸੁਖੀਏ ਕਿ ਅਸੀਂ ਗੁਰੂ ਦੇ ਇਸ ਹੁਕਮ ਦੀ ਪਾਲਣਾ ਕਰਾਂਗੇ ਅਤੇ ਇਉਂ ਕਰਨਾ ਸ਼ੁਰੂ ਕਰ ਦੇਈਏ, ਤਾਂ ਤੇ ਸਾਡੀ ਸੁਖਣਾ ਦੇ ਕੁਝ ਅਰਥ ਹਨ। ਇਉਂ ਹੀ ਗੁਰੂ ਬਾਣੀ ਦੇ ਸਹਿਜ ਪਾਠ ਅਤੇ ਗੁਰ-ਸ਼ਬਦ ਦੀ ਧਿਆਨ ਪੂਰਬਕ ਵੀਚਾਰ ਗੁਰੂ ਨੂੰ ਭਾਉਂਦੀ ਹੈ:

ਗੁਰ ਕੀ ਸੇਵਾ ਸਬਦੁ ਵੀਚਾਰੁ ॥੭॥ *(ਗਉੜੀ ਮ: ੧, ਪੰਨਾ ੨੨੩)*

ਮਨੁੱਖ ਮਾਤਰ ਦੀ ਸੇਵਾ, ਉਨ੍ਹਾਂ ਨਾਲ ਮਿੱਠਾ ਬੋਲਣਾ, ਧੀਰਜ ਵਾਲਾ ਵਰਤਾਉ ਕਰਨਾ ਆਦਿ ਗੱਲਾਂ ਗੁਰੂ ਨੂੰ ਪਸੰਦ ਹਨ, ਇਨ੍ਹਾਂ ਵਿਚੋਂ ਜਿਹੜੀ ਗੱਲ ਕਰਨੀ ਵੀ ਅਸੀਂ ਸੁਖਾਂਗੇ ਅਤੇ ਕਰਨਾ ਆਰੰਭ ਦੇਵਾਂਗੇ, ਉਸ 'ਤੇ ਗੁਰੂ ਜ਼ਰੂਰ ਖ਼ੁਸ਼ ਹੋਵੇਗਾ ਅਤੇ ਸਾਡੇ ਕਾਰਜ ਰਾਸ ਕਰੇਗਾ। ਜੋ ਵਿਸ਼ਵਾਸ ਗੁਰੂ ਦੀ ਮਰਜ਼ੀ ਤੇ ਸਿੱਖਿਆ ਦੇ ਅਨੁਕੂਲ ਹੋਵੇਗਾ ਉਸ ਨੂੰ ਸਫਲ ਬਣਾਉਣ ਵਿਚ ਗੁਰੂ ਆਪ ਸਹਾਈ ਹੋਵੇਗਾ। ਇਸ ਦੇ ਉਲਟ ਜੋ ਵਿਸ਼ਵਾਸ ਆਪਣੀ ਵਡਿਆਈ, ਵਿਖਾਵੇ ਅਤੇ ਆਪਣੇ ਧਨ ਦੀ ਪ੍ਰਦਰਸ਼ਨੀ ਲਈ ਧਾਰਿਆ ਹੋਵੇਗਾ, ਜਿਸ ਤਰ੍ਹਾਂ ਅੱਜ ਕੱਲ੍ਹ ਦੇ ਅਖੰਡ ਪਾਠਾਂ, ਦਾਨ-ਪੁੰਨਾਂ ਤੇ ਇਸ਼ਨਾਨਾਂ ਲਈ ਕੀਤਾ ਜਾਂਦਾ ਹੈ, ਜੋ ਸਾਡੀ ਹਉਮੈ ਨੂੰ ਮਜ਼ਬੂਤ ਕਰਦਾ ਹੈ:

ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥

(ਮ: ੧, ਵਾਰ ਸੂਹੀ, ਪੰਨਾ ੭੮੯)

ਉਸ ਪਰ ਗੁਰੂ ਕਿਵੇਂ ਖ਼ੁਸ਼ ਹੋ ਸਕਦਾ ਹੈ? ਮੁਖ ਗੱਲ ਤਾਂ ਗੁਰੂ ਦੀ ਪ੍ਰਸੰਨਤਾ ਹਾਸਲ ਕਰਨ ਦੀ ਹੈ ਅਤੇ ਉਹ ਕੇਵਲ ਉਸ ਦੇ ਹੁਕਮ ਅੰਦਰ ਚਲ ਕੇ ਹੀ ਪ੍ਰਾਪਤ ਹੋ ਸਕਦੀ ਹੈ। ਗੁਰੂ ਦੇ ਸ਼ਬਦ ਦੀ ਟਕਸਾਲ ਅੰਦਰ ਮਨ ਨੂੰ ਘੜੀਏ:

ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ॥ *(ਆਸਾ ਮ: ੫, ਪੰਨਾ ੩੭੭)*

ਤਾਂ ਹੀ ਇਹ ਗੁਰੂ ਦੇ ਖ਼ਜ਼ਾਨੇ ਅੰਦਰ ਪ੍ਰਵਾਨ ਹੋਵੇਗਾ, ਵਰਨਾ ਖੋਟਾ ਖੋਟਾ ਕਹਿ ਕੇ ਮੋੜ ਦਿਤਾ ਜਾਵੇਗਾ। ਸਿੱਟੇ ਦੀ ਗੱਲ ਗੁਰੂ ਦੇ ਸ਼ਬਦ ਦੀ ਵੀਚਾਰ, ਗੁਰੂ ਦੇ ਹੁਕਮ ਦੀ ਪਛਾਣ ਅਤੇ ਉਸ ਅਨੁਸਾਰ ਜੀਵਨ ਨੂੰ ਢਾਲਣ ਦੀ ਹੈ। ਸਾਡੀਆਂ ਉਹੋ ਸੁਖਣਾਂ, ਇਸ਼ਨਾਨ, ਪਾਠ ਅਤੇ ਸੰਤਾਂ ਦੀਆਂ ਸੰਗਤਾਂ ਪ੍ਰਵਾਨ ਹੋਣਗੇ ਜੋ ਗੁਰੂ ਦੇ ਆਸ਼ੇ ਦੇ ਅਨੁਕੂਲ ਹਨ, ਹੋਰ ਭਰਮ ਭੁਲੇਖੇ ਹਨ।

ਗੁਰੂ ਆਸ਼ੇ ਨੂੰ ਸਮਝਣ ਦੀ ਜ਼ਿੰਮੇਵਾਰੀ ਉਨ੍ਹਾਂ ਸੰਤ-ਜਨਾਂ, ਗਿਆਨੀਆਂ, ਗੁਰਸਿਖਾਂ, ਗੁਰਮੁਖਾਂ ਪਰ ਹੈ ਜਿਨ੍ਹਾਂ ਨੇ ਆਪਣੇ ਜੀਵਨ ਅਜਿਹੀ ਟਕਸਾਲ ਅੰਦਰ

ਢਾਲੇ ਹਨ। ਉਨ੍ਹਾਂ ਦੇ ਨਿਜੀ ਜੀਵਨ ਰੌਸ਼ਨ-ਮੁਨਾਰੇ ਹੋ ਸਕਦੇ ਹਨ ਉਨ੍ਹਾਂ ਲਈ, ਜਿਨ੍ਹਾਂ ਦੀਆਂ ਕਿਸ਼ਤੀਆਂ ਭਰਮਾਂ ਭੁਲੇਖਿਆਂ ਅੰਦਰ ਡਕੋ ਡੋਲੇ ਖਾ ਰਹੀਆਂ ਹਨ। ਅਜਿਹੇ ਗੁਰਮੁਖਾਂ ਦੀ ਸੰਗਤ ਅਤੇ ਉਨ੍ਹਾਂ ਦੇ ਵਿਚਾਰ ਹੀ ਜਨਤਾ ਦਾ ਉਧਾਰ ਕਰ ਸਕਦੇ ਹਨ—ਇਨ੍ਹਾਂ ਬਾਰੇ ਹੀ ਗੁਰੂ ਜੀ ਨੇ ਫ਼ੁਰਮਾਇਆ ਸੀ:

ਮੈ ਬਧੀ ਸਚੁ ਧਰਮਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥੧੦॥ (੭੩)

ਬੁਧੀਜੀਵੀਆਂ ਦੀਆਂ ਨਵੀਨ ਖੋਜਾਂ

ਦੂਜੇ ਬੰਨੇ ਸਾਡੇ ਅਜੋਕੇ ਵਿਦਵਾਨ ਅਤੇ ਸਿਖ ਸਿਧਾਂਤ ਅਤੇ ਇਤਿਹਾਸ ਦੀ ਰੀਸਰਚ ਕਰ ਰਹੇ ਸੱਜਣ ਹਨ, ਜਿਨ੍ਹਾਂ ਦੀ ਵਿਦਵਤਾ ਦਾ ਸਾਡੇ ਮਨਾਂ ਵਿਚ ਸਤਿਕਾਰ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਥਾਹ ਭੰਡਾਰ ਅੰਦਰ ਗੁਹਜ ਪਏ ਅਮੋਲਕ ਰਤਨਾਂ ਤੇ ਲਾਲਾਂ ਨੂੰ ਖੋਜ ਕੇ ਗੁਰਮਤਿ ਬਾਰੇ ਜਨਤਾ ਦੇ ਗਿਆਨ ਵਿਚ ਵਾਧਾ ਕਰਨ ਅਤੇ ਗੁਰ-ਇਤਿਹਾਸ ਅੰਦਰ ਘੁਲ-ਮਿਲੀਆਂ ਐਸੀਆਂ ਗੱਲਾਂ, ਜੋ ਗੁਰੂ ਸਿਧਾਂਤ ਦੇ ਵਿਰੋਧ ਵਾਲੀਆਂ ਹਨ, ਦੀ ਛਾਂਟਾ-ਛਾਂਟੀ ਕੀਤੇ ਜਾਣ ਦੇ ਸੁਝਾਉ ਦੇਣ। ਪਰ ਜੇਕਰ ਇਹ ਵਿਦਵਾਨ ਕੇਵਲ ਆਪਣੀ ਵਿਦਵਤਾ ਨੂੰ ਚਮਕਾਉਣ ਲਈ ਕੋਈ ਨਵੀਨ ਪਰ ਸਿਧੀ ਪੁਠੀ ਗੱਲ ਕਰਨ, ਜੋ ਗੁਰਮਤਿ ਦੇ ਮੁਢਲੇ (Fundamental) ਅਸੂਲਾਂ ਦਾ ਹੀ ਘਾਤ ਕਰਦੀ ਹੋਵੇ ਤਾਂ ਇਹ ਉਨ੍ਹਾਂ ਦੀ ਵਿਦਵਤਾ ਨਹੀਂ, ਸਗੋਂ ਆਪਣੀ ਜਹਾਲਤ (Ignorance) ਦਰਸਾਉਣ ਦੀ ਗੱਲ ਹੋਵੇਗੀ। ਰਾਮ ਰਾਇ ਜੀ ਨੇ ਭੀ ਤਾਂ 'ਮਿਟੀ ਮੁਸਲਮਾਨ ਕੀ' ਦੀ ਜਗ੍ਹਾ 'ਮਿਟੀ ਬੇਈਮਾਨ ਕੀ' ਕਹਿ ਕੇ ਆਪਣੀ ਵਿਦਵਤਾ ਦਾ ਹੀ ਚਮਤਕਾਰ ਦਸਿਆ ਸੀ; ਪਰ ਇਸ ਦਾ ਜੋ ਸਿੱਟਾ ਹੋਇਆ—ਉਹ ਸਦਾ ਲਈ ਗੁਰੂ ਕੇ ਮੱਥੇ ਲੱਗਣ ਤੋਂ ਭੀ ਵਾਂਝਿਆ ਗਿਆ—ਇਤਿਹਾਸ ਦੀ ਇਕ ਪਰਗਟ ਸਚਾਈ ਹੈ। ਦੁਨੀਆ ਜਾਣਦੀ ਹੈ ਕਿ ਗੁਰੂ ਨਾਨਕ ਦਾ ਧਰਮ ਵਾਹਿਦ ਲਾ-ਸ਼ਰੀਕ, ਇਕ ਅਕਾਲ ਦੀ ਉਪਾਸ਼ਨਾ ਦ੍ਰਿੜ੍ਹ ਕਰਾਉਂਦਾ ਹੈ ਜੋ ਸਭ ਕਿਸੇ ਦਾ ਕਰਤਾ ਹਰਤਾ ਹੈ, ਜੋ ਕੁਦਰਤ ਦਾ ਕਾਦਰ ਹੈ, ਅਜੂਨੀ ਹੈ ਅਤੇ ਕਿਸੇ ਦਾ ਪੈਦਾ ਕੀਤਾ ਜਾਂ ਬਣਾਇਆ ਹੋਇਆ ਨਹੀਂ, ਜਿਸ ਦਾ ਨਿਰੂਪਣ ਗੁਰੂ ਜੀ ਨੇ '੧ਓ' ਕਹਿ ਕੇ ਕੀਤਾ ਹੈ। ਪਰ ਜੇ ਕੋਈ ਵਿਦਵਾਨ ਆਪਣੀ ਨਵੀਨਤਾ ਦੱਸਣ ਲਈ '੧ਓ' ਦਾ ਅਰਥ ਇਕ ਕੁਦਰਤ (One Nature) ਕਹਿ ਕੇ ਅਤੇ ਗੁਰੂ ਨਾਨਕ ਸਿਧਾਂਤ ਨੂੰ ਪ੍ਰਸਾਰਨ ਦੀਆਂ ਦਾਅਵੇਦਾਰ ਸੰਸਥਾਵਾਂ '੧ਓ' ਦੇ

ਅਜਿਹੇ ਅਰਥਾਉਣ ਨੂੰ ਪ੍ਰਚਾਰਨ, ਤਾਂ ਇਹ ਗੁਰੂ ਨਾਨਕ ਦੇ ਸਿਧਾਂਤ ਨਾਲ ਕਿੰਨਾ ਅਨਿਆਂ ਹੋਵੇਗਾ! ਗੁਰੂ ਨਾਨਕ ਦਾ ਤਾਂ ਫ਼ੁਰਮਾਨ ਹੈ:

ਸੁੰਨ ਕਲਾ ਅਪਰੰਪਰਿ ਧਾਰੀ॥ ਆਪਿ ਨਿਰਾਲਮੁ ਅਪਰ ਅਪਾਰੀ॥
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥੧॥

(ਮਾਰੂ ਮ: ੧, ਪੰਨਾ ੧੦੩੭)

ਅਤੇ **ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥੧॥**

(ਆਸਾ ਦੀ ਵਾਰ, ਪੰਨਾ ੪੬੩)

ਤਾਂ ਉਕਤ ਵਿਆਖਿਆਕਾਰ ਦੀ '੧ੴ' ਦੀ ਵਿਆਖਿਆ 'One Nature' ਕਹਿ ਕੇ ਕਰਨੀ ਸਿੱਖੀ ਦੇ ਮੁਢਲੇ ਤੱਤ ਨੂੰ ਉਲਟ ਪੁਲਟ ਕਰਨਾ ਨਹੀਂ ਤਾਂ ਹੋਰ ਕੀ ਹੈ? ਅਜਿਹੇ ਵਿਦਵਾਨਾਂ ਦੀ ਸਿੱਖੀ ਦੀ ਰੂਪ-ਰੇਖਾ ਵਿਗਾੜਨ ਵਾਲੀ ਖੋਜ ਦੀ ਕਰੜੀ ਆਲੋਚਨਾ ਸਾਰੇ ਸਿਖ ਸੰਸਾਰ ਅੰਦਰ ਹੋਣੀ ਚਾਹੀਦੀ ਹੈ, ਤਾਕਿ ਹੋਰ ਖੋਜੀ ਸੱਜਣ ਗੁਰਮਤਿ ਦੇ ਸਿਧਾਂਤ ਇਸ ਤਰ੍ਹਾਂ ਗ਼ਲਤ ਪੇਸ਼ ਕਰਨ ਦਾ ਹੌਸਲਾ ਨਾ ਕਰ ਸਕਣ।

ਇਉਂ ਹੀ 'ਗੁਰੂ ਤੇਗ਼ ਬਹਾਦਰ ਜੀ ਦਾ ਪਰਮ ਬਲੀਦਾਨ' ਦੇ ਸਿਰ-ਲੇਖ ਹੇਠ ਇਕ ਅਜੋਕੇ ਵਿਦਵਾਨ ਨੇ ਲਿਖਿਆ ਸੀ ਕਿ "ਆਪ ਦਾ ਆਪਣੀ ਪਤਨੀ, ਮਾਤਾ ਗੁਜਰੀ ਨਾਲੋਂ ਵਖ ਹੋ ਕੇ ਤਪੱਸਿਆ ਕਰਨਾ ਮੰਨਣ ਯੋਗ ਨਹੀਂ, ਆਪ ਦੇ ਪੁਰਾਣੇ ਧਰਮ-ਕਰਮ ਅਨੁਸਾਰ ਸੰਸਾਰਕ ਕਾਰ-ਵਿਹਾਰ ਤਿਆਗ ਕੇ ਤਪੱਸਿਆ ਕਰਨ ਦੀ ਕਹਾਣੀ ਨਿਰਮੂਲ ਪ੍ਰਤੀਤ ਹੁੰਦੀ ਹੈ।" ਇਸ ਵਿਦਵਾਨ ਲੇਖਕ ਨੂੰ ਸ਼ਾਇਦ ਇਹ ਪਤਾ ਹੀ ਨਹੀਂ ਕਿ ਗੁਰੂ ਮੱਤ ਅੰਦਰ ਆਪਣੀ ਪਤਨੀ ਅਤੇ ਸੰਸਾਰਕ ਕਾਰ-ਵਿਹਾਰ ਤਿਆਗ ਕੇ ਤਪੱਸਿਆ ਕਰਨ ਦੀ ਉਹ ਵਡਿਆਈ ਨਹੀਂ, ਜੋ ਗ੍ਰਿਹਸਥੀ ਜੀਵਨ ਦਾ ਨਿਰਬਾਹ ਤੋਰਦੇ ਹੋਏ ਕੀਤੀ ਤਪੱਸਿਆ ਦੀ ਹੈ। ਗੁਰਮਤੀ ਤਪੱਸਿਆ ਦਾ ਵਿਸ਼ਲੇਸ਼ਨ ਗੁਰੂ ਬਾਣੀ ਅੰਦਰ ਇਉਂ ਕੀਤਾ ਹੋਇਆ ਹੈ:

ਸਾਚਿ ਨਾਮਿ ਮੇਰਾ ਮਨੁ ਲਾਗਾ॥
ਲੋਗਨ ਸਿਉ ਮੇਰਾ ਠਾਠਾ ਬਾਗਾ॥੧॥
ਬਾਹਰਿ ਸੂਤੁ ਸਗਲ ਸਿਉ ਮਉਲਾ॥
ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥੧॥ਰਹਾਉ॥

(ਆਸਾ ਮ: ੫, ਪੰਨਾ ੩੮੪)

ਫਿਰ ਇਹ ਲੇਖਕ ਸਾਰੀਆਂ ਇਤਿਹਾਸਕ ਸਚਾਈਆਂ ਨੂੰ ਛਿੱਕੇ ਟੰਗ ਕੇ ਲਿਖਦਾ ਹੈ, "ਆਪ ਦਾ ਪੰਜਾਬ ਦੇਸ਼ ਤੋਂ ਆਪਣੀ ਗੁਰਿਆਈ ਦੀ ਅਵਧੀ ਦੇ ਨੌਂ ਵਰ੍ਹੇ ਬਾਹਰ ਰਹਿਣ ਦਾ ਕਾਰਨ ਕੇਵਲ ਆਪ ਦਾ ਪੂਰਬ ਦੇਸ਼ ਰਟਣ ਦਾ

ਅਤੇ ਉਥੇ ਸਿਖ ਧਰਮ ਦਾ ਪ੍ਰਚਾਰ ਹੀ ਨਹੀਂ ਹੋ ਸਕਦਾ।" ਪਤਾ ਨਹੀਂ ਇਹ ਲੇਖਕ ਗੁਰੂ ਨਾਨਕ ਦੇਵ ਜੀ ਦੇ ਦੇਸ਼ ਪਰਦੇਸਾਂ ਅੰਦਰ ਵੀਹ ਬਾਈ ਸਾਲ ਦੇ ਰਟਣ ਦੇ ਕੀ ਅਰਥ ਕਢੇਗਾ! ਇਸੇ ਤਰ੍ਹਾਂ ਆਪਣੇ ਆਪ ਨੂੰ ਖੋਜੀ ਦੱਸਣ ਵਾਲੇ ਕੁਝ ਸੱਜਣਾਂ ਨੇ ਸ੍ਰੀ. ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣੀਕਤਾ (Authenticity) 'ਤੇ ਹੀ ਸ਼ੰਕੇ ਕਰਨੇ ਅਰੰਭੇ ਹੋਏ ਹਨ, ਜੋ ਇਕ ਵੱਡੀ ਘਟੀਆ ਦਰਜੇ ਦੀ ਵਿਦਵਤਾ ਦਾ ਪ੍ਰਗਟਾਵਾ ਹੈ। ਅਜਿਹੇ ਸੱਜਣਾਂ ਨੂੰ ਐਸੇ ਵਿਕੋਲਿਤਰੇ ਵਿਰੋਧ ਵਾਲੇ ਨਵੇਂ ਖ਼ਿਆਲ ਦੇ ਕੇ ਸਿਖ ਕੌਮ ਵਿਚ ਵੰਡੀਆਂ ਪਾਉਣ ਤੋਂ ਸੰਕੋਚ ਕਰਨਾ ਚਾਹੀਦਾ ਹੈ। ਨਾਲ ਹੀ ਸਿਖ ਜਨਤਾ ਨੂੰ ਅਜਿਹੇ ਭੁਲੇਖੇ ਪਾਉਣ ਵਲਿਆਂ ਵਲੋਂ ਹੁਸ਼ਿਆਰ ਤੇ ਖ਼ਬਰਦਾਰ ਹੋ ਕੇ ਰਹਿਣਾ ਚਾਹੀਦਾ ਹੈ।

ਸਾਰੀ ਕਾਇਨਾਤ ਹੀ ਜ਼ਾਬਤੇ ਵਿਚ ਹੈ

ਸਾਡੇ ਕਈ ਅਜੋਕੇ ਪੜ੍ਹੇ-ਲਿਖੇ ਨੌਜਵਾਨ ਇਹ ਕਹਿੰਦੇ ਹਨ ਕਿ ਇਹ ਰੌਸ਼ਨੀ ਦਾ ਜ਼ਮਾਨਾ ਹੈ, ਇਸ ਵਿਚ ਹਰ ਗੱਲ ਦਲੀਲ-ਅਧਾਰਤ ਹੋ ਕੇ ਹੀ ਸਫਲ ਹੋ ਸਕਦੀ ਹੈ। ਕੋਈ ਗੱਲ, ਜਿਸ ਨੂੰ ਦਲੀਲ ਨਹੀਂ ਮੰਨਦੀ, ਕਰਨੀ ਉਚਿਤ ਨਹੀਂ। ਅਸੀਂ ਉਨ੍ਹਾਂ ਦੀ ਇਹ ਗੱਲ ਮੰਨਦੇ ਹਾਂ ਅਤੇ ਅਜਿਹੀ ਵਿਚਾਰ-ਅਧੀਨ ਹੀ ਅਸੀਂ ਇਸ ਲੇਖ ਦੇ ਅਰੰਭ ਵਿਚ ਲਗਣ ਸ਼ਗਣ, ਸੁਖਣਾ ਸੁਖਣ, ਧਾਗੇ ਟੂਣੇ ਤਵੀਤਾਂ ਤੇ ਵਿਸ਼ੇਸ਼ ਮੰਤਰ ਪਾਠਾਂ ਦੀ ਚਰਚਾ ਕੀਤੀ ਸੀ। ਅਸੀਂ ਇਹ ਭੀ ਮੰਨਦੇ ਹਾਂ ਕਿ ਇਸ ਸਮੇਂ ਅੰਦਰ ਅੰਧ-ਵਿਸ਼ਵਾਸ ਤੇ ਫੋਕੀ ਦ੍ਰਿੜ੍ਹਤਾ ਦਾ ਕੋਈ ਥਾਊਂ ਨਹੀਂ। ਪਰ ਦਲੀਲ ਹਰ ਮਨੁੱਖ ਦੀ ਆਪੋ ਆਪਣੀ ਹੁੰਦੀ ਹੈ; ਖ਼ਾਹਸ਼ਾਂ ਭੀ ਆਪੋ ਆਪਣੀਆਂ ਅਤੇ ਸੋਚ-ਢੰਗ ਵੀ ਆਪਣਾ ਆਪਣਾ। ਜੇਕਰ ਹਰ ਕਿਸੇ ਨੂੰ ਉਸ ਦੀ ਨਿਜੀ ਦਲੀਲ 'ਤੇ ਛੱਡ ਦਿਤਾ ਜਾਏ ਅਤੇ ਉਸ ਨੂੰ, ਜੋ ਉਹ ਠੀਕ ਸਮਝੇ, ਕਰਨ ਦੀ ਖੁਲ੍ਹ ਹੋਵੇ ਤਾਂ ਇਕ ਦਿਨ ਵਿਚ ਹੀ ਸਾਰਾ ਸਿਲਸਿਲਾ ਦਰਹਮ ਬਰਹਮ ਹੋ ਜਾਏ ਅਤੇ ਸੰਸਾਰ ਭਰ ਅੰਦਰ ਵਿਦ੍ਰੋਹ ਦੀ ਭਾਵਨਾ ਫੈਲ ਕੇ ਰਾਜ, ਸਮਾਜ, ਧਰਮ ਤੇ ਇਖ਼ਲਾਕ ਦੇ ਖੇਤਰਾਂ ਅੰਦਰ ਅਨਾਰਕੀ (Anarchy) ਦਾ ਬੋਲ ਬਾਲਾ ਹੋ ਜਾਏ। ਪਿਤਾ ਪੁਤਰ, ਭਰਾ ਭੈਣ, ਇਸਤ੍ਰੀ ਮਰਦ, ਉਸਤਾਦ ਸ਼ਾਗਿਰਦ, ਮਾਲਕ ਨੌਕਰ, ਰਾਜਾ ਪਰਜਾ, ਪੀਰ ਮੁਰੀਦ, ਗੁਰੂ ਸਿਖ, ਹਰ ਕੋਈ ਆਪਣੇ ਆਪ ਨੂੰ ਦੂਜੇ ਤੋਂ ਸੁਤੰਤਰ ਅਤੇ ਆਪਣੇ ਆਪ ਜੋਗਾ ਹੀ ਸਮਝੇ। ਫਿਰ ਮਨੁੱਖਾਂ ਵਾਂਗ ਜੇਕਰ ਪਸ਼ੂ ਭੀ ਆਜ਼ਾਦ ਹੋ ਵਿਚਰਨ, ਹਵਾ ਪਾਣੀ ਅਗਨੀ ਨੂੰ ਭੀ ਪੂਰੀ ਖੁਲ੍ਹ ਹੋਵੇ ਕਿ ਜਿਧਰ ਚਾਹੁਣ ਪਏ ਵਗਣ, ਕੋਈ ਰੋਕ ਟੋਕ ਜਾਂ ਬੰਧਾਨ ਉਨ੍ਹਾਂ ਉਪਰ ਲਾਗੂ ਨਾ ਰਹੇ, ਧਰਤੀ ਸੂਰਜ ਚੰਦ ਤਾਰੇ ਸਤਾਰੇ ਭੀ ਆਕਾਸ਼ ਦੇ ਮਹਾਨ ਖਲਾ ਅੰਦਰ ਜਿਧਰ ਚਾਹੁਣ,

ਪਏ ਭੱਜੇ ਫਿਰਨ ਤਾਂ ਜੋ ਦਸ਼ਾ ਵਾਪਰੇ ਉਸ ਦਾ ਕਿਆਸ ਭੀ ਅਤਿ ਭਿਆਨਕ ਹੈ। ਅਗਰ ਐਸੀ ਦਸ਼ਾ ਪਸਰੀ ਹੋਈ ਨਹੀਂ ਤਾਂ ਉਸ ਦਾ ਇਕੋ ਇਕ ਕਾਰਨ ਇਹ ਹੈ ਕਿ ਹਰ ਕਿਸੇ ਉਤੇ ਕੋਈ ਬੰਧਾਨ ਲਾਗੂ ਹੈ, ਹਰ ਕੋਈ ਕਿਸੇ ਵਿਧਾਨ ਅਧੀਨ ਚਲ ਰਿਹਾ ਹੈ। ਹਵਾ ਪਾਣੀ ਅੱਗ ਭੀ ਵਿਧਾਨ ਦੇ ਪਾਬੰਦ ਹਨ :

ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ॥੩॥

(ਵਾਰ ਰਾਮਕਲੀ ਮ: ੩, ਪੰਨਾ ੯੪੮)

ਪਸ਼ੂ ਪੰਖੀ ਮਨੁੱਖਾਂ ਪਰ ਭੀ ਦੁਖ ਸੁਖ, ਭੁਖ, ਰੋਗ ਸੋਗ, ਭੋਗ ਭੈ, ਕਰਮ ਤੇ ਪ੍ਰਤੀਕਰਮ ਆਦਿ ਦੇ ਵਿਧਾਨ ਲਾਗੂ ਹਨ, ਕੋਈ ਜੀਵ ਮਾਤਰ ਇਨ੍ਹਾਂ ਤੋਂ ਸੁਤੰਤਰ ਨਹੀਂ ਰਹਿਣ ਦਿਤਾ ਗਿਆ। ਬਹੁਤ ਪੂਰਬ ਕਾਲ ਵਿਚ ਮਨੁੱਖ ਤੇ ਪਸ਼ੂ ਦੀ ਦਸ਼ਾ ਲਗਪਗ ਸਮਾਨ ਸੀ, ਦੋਨੋਂ ਹੀ ਕੁਦਰਤ ਦੇ ਬੰਧਾਨ ਦੇ ਇਕ-ਸਾਰ ਪਾਬੰਦ ਸਨ, ਪਰ ਆਪੋ ਵਿਚ ਇਕ ਦੂਜੇ ਤੋਂ ਸੁਤੰਤਰ ਸਨ। ਸਮੇਂ ਦੇ ਨਾਲ ਇਨ੍ਹਾਂ ਦੀ ਅਜਿਹੀ ਸੁਤੰਤਰਤਾ ਘਟਦੀ ਗਈ ਅਤੇ ਮਨੁੱਖ ਆਪਣੇ ਦੁਆਲੇ ਆਪ ਹੀ ਕਈ ਤਰ੍ਹਾਂ ਦੇ ਸਮਾਜਕ (Social) ਤੇ ਰਾਜਸੀ ਬੰਧਾਨ ਪਾਉਂਦਾ ਗਿਆ। ਹੁਣ ਜਿਸ ਨੂੰ ਇਹ ਆਜ਼ਾਦੀ ਜਾਂ ਆਜ਼ਾਦ ਜੀਵਨ ਦਾ ਨਾਮ ਦੇਂਦਾ ਹੈ, ਉਹ ਅਨੇਕ ਤਰ੍ਹਾਂ ਦੇ ਬੰਧਾਨਾਂ ਅੰਦਰ ਬੱਧਾ ਜੀਵਨ ਹੈ। ਸਭ ਤੋਂ ਪਹਿਲੋਂ ਤਾਂ ਇਹ ਕੁਦਰਤ ਦੇ ਵਿਧਾਨ ਅਧੀਨ ਹੈ, ਜਿਸ ਤੋਂ ਬਾਹਰ ਹੋ ਜਾਂਣਾ ਕਿਸੇ ਸੂਰਤ ਸੰਭਵ ਨਹੀਂ। ਫਿਰ ਇਸ ਦੇ ਆਪਣੇ ਬਣਾਏ ਵਿਧਾਨ ਹਨ—ਰਾਜ ਵਿਧਾਨ, ਧਰਮ ਵਿਧਾਨ, ਪਾਰਟੀ ਵਿਧਾਨ, ਨਿਜੀ ਭਾਈਚਾਰੇ ਦਾ ਵਿਧਾਨ, ਪ੍ਰਵਾਰਕ ਵਿਧਾਨ। ਏਨੇ ਵਿਧਾਨਾਂ ਦੇ ਅਧੀਨ ਹੋ ਤੁਰਨ ਵਾਲਾ ਮਨੁੱਖ ਆਜ਼ਾਦ ਹੋਏ ਹੋਣ ਦਾ ਦਾਅਵਾ ਕਰਦਾ ਹੈ, ਕਿੰਨਾ ਅਸਚਰਜ ਹੈ! ਪਰ ਮਨੁੱਖ ਏਨੇ ਵਿਧਾਨਾਂ ਅਧੀਨ ਰਹਿ ਕੇ ਹੀ ਸੁਖੀ ਹੋ ਸਕਦਾ ਹੈ, ਵਰਨਾ ਇਸ ਦੀ ਦਸ਼ਾ ਉੱਪਰ ਦੱਸੀ ਭਿਆਨਕਤਾ ਵਾਲੀ ਹੀ ਹੋਵੇ।

ਸਾਡੀ ਆਮ ਬੋਲ ਚਾਲ ਅੰਦਰ ਮਨੁੱਖ ਨੂੰ 'ਬੰਦਾ' ਕਿਹਾ ਜਾਂਦਾ ਹੈ। 'ਬੰਦਾ' ਸ਼ਬਦ ਦੇ ਅਰਥ ਗ਼ੁਲਾਮ ਦੇ ਹਨ। ਐਸਾ ਮਨੁੱਖ ਜੋ ਅਨੇਕ ਵਿਧਾਨਾਂ ਦੀ ਪਕੜ ਅੰਦਰ ਬੰਦ ਜਾਂ ਬੱਧਾ ਹੋਇਆ ਹੈ, ਉਹ ਬੰਦਾ ਹੈ। ਸੋ ਬੰਦੇ ਲਈ ਬੰਦੀ ਦਾ ਹੋਣਾ ਅਵੱਸ਼ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ—'ਬੰਦੇ ਸੇ ਜਿ ਪਵਹਿ ਵਿਚਿ ਬੰਦੀ' (੪੬੫) ਅਤੇ ਕਬੀਰ ਜੀ ਨੇ ਕਿਹਾ ਸੀ—'ਬੰਦੇ ਬੰਦਗੀ ਇਕਤੀਆਰ' (੩੩੮)। ਸੋ ਇਹ ਤਾਂ ਸਪਸ਼ਟ ਹੋ ਗਿਆ ਕਿ ਬੰਦੀ ਜਾਂ ਵਿਧਾਨ ਦੀ ਤਾਬੇਦਾਰੀ ਮਨੁੱਖ ਦਾ ਜਿਨਸੀ ਕਰਮ ਹੈ, ਅਥਵਾ, ਉਹ ਤਾਂ ਹੀ ਮਨੁੱਖ ਹੈ

ਜੋ ਬੰਦੀ ਵਿਚ ਰਹੇ। ਅਤੇ ਇਹ ਸੰਸਾਰ ਇਕ ਵਿਸ਼ਾਲ ਬੰਦੀਖ਼ਾਨਾ ਹੈ।

ਅਜਿਹੇ ਬੰਦੀਖ਼ਾਨੇ ਅੰਦਰ ਰਹਿਣ ਵਾਲਾ ਹਰ ਮਨੁੱਖ ਆਪਣੀ ਨਿੱਜੀ ਦਲੀਲ ਅਨੁਸਾਰ ਚਲਦੇ ਜਾਣ ਦਾ ਦਾਅਵਾ ਨਹੀਂ ਕਰ ਸਕਦਾ। ਜਿਸ ਦੇਸ਼, ਸੁਸਾਇਟੀ ਅਤੇ ਭਾਈਚਾਰੇ ਅੰਦਰ ਉਹ ਵਿਚਰਦਾ ਹੈ, ਉਸ ਦਾ ਅਨੁਸਾਰੀ ਰਹਿਣਾ ਉਸ ਦੇ ਲਈ ਜ਼ਰੂਰੀ ਹੈ, ਵਰਨਾ ਉਹ ਉਸ ਸੁਸਾਇਟੀ ਅੰਦਰ ਫ਼ਿੱਟ ਨਹੀਂ ਬੈਠੇਗਾ ਅਤੇ ਉਸ ਦੀ ਸੁਸਾਇਟੀ ਨਾਲ ਟੱਕਰ (clash) ਹੁੰਦੀ ਰਹੇਗੀ, ਜਿਸ ਕਾਰਨ ਉਹ ਖ਼ੁਦ ਭੀ ਸੁਖੀ ਨਹੀਂ ਹੋਵੇਗਾ ਅਤੇ ਸੁਸਾਇਟੀ ਭੀ ਉਸ ਵਲੋਂ ਨੱਕ ਚਾੜ੍ਹਦੀ ਰਹੇਗੀ। ਇਸ ਲਈ ਹਰ ਮਨੁੱਖ ਲਈ ਜ਼ਰੂਰੀ ਹੈ ਕਿ ਜੇ ਉਹ ਆਪਣੀ ਸੁਸਾਇਟੀ ਦਾ ਮੈਂਬਰ ਰਹਿਣਾ ਚਾਹੁੰਦਾ ਹੈ ਤਾਂ ਉਸ ਦਾ ਪੂਰੇ ਤੌਰ 'ਤੇ ਵਫ਼ਾਦਾਰ (loyal) ਬਣ ਕੇ ਰਹੇ, ਬਲਕਿ ਉਸ ਦੀ ਵਫ਼ਾਦਾਰੀ (loyalty) ਕਿਸੇ ਟੀਮ ਦੇ ਖਿਲਾੜੀ ਜਾਂ ਫ਼ੌਜ ਦੇ ਸਿਪਾਹੀ ਵਾਂਗ ਉਸ ਦੀ ਸੁਸਾਇਟੀ ਦਾ ਨਾਮ ਰੌਸ਼ਨ ਕਰੇ। ਉਸ ਦੇ ਕਰਤੱਵ, ਉਸ ਦੀ ਰਹਿਣੀ ਅਤੇ ਕਰਣੀ, ਉਸਨੂੰ ਨਹੀਂ, ਬਲਕਿ ਉਸ ਦੀ ਸੁਸਾਇਟੀ ਨੂੰ ਵਡਿਆਈ ਦਿਵਾਉਣ ਵਾਲੇ ਹੋਣ। ਉਸ ਦੀ ਆਪਣੀ ਸੁਸਾਇਟੀ ਜਾਂ ਕੌਮ ਵਲ ਵਫ਼ਾਦਾਰੀ (loyalty) ਉਸ ਨੂੰ ਪਰਦੇਸਾਂ ਅਤੇ ਗ਼ੈਰ ਕੌਮਾਂ ਅੰਦਰ ਸਤਿਕਾਰ ਦਿਵਾਵੇਗੀ।

ਸਿੱਖੀ ਦਾ ਜ਼ਾਬਤਾ

ਸਿਖ, ਜਿਸ ਦਾ ਸਰੂਪ ਭੀ ਦੁਨੀਆ ਦੇ ਹੋਰ ਲੋਕਾਂ ਤੋਂ ਨਿਆਰਾ ਹੈ, ਪਰਦੇਸਾਂ ਅੰਦਰ ਸਿੱਖੀ ਆਚਰਨ ਦਾ ਨਮੂਨਾ ਪੇਸ਼ ਕਰ ਕੇ ਸਹਿਜੇ ਹੀ ਲੋਕ-ਵਡਿਆਈ ਦਾ ਪਾਤਰ ਬਣ ਸਕਦਾ ਹੈ ਅਤੇ ਆਪਣੇ ਜਿਹੇ ਸਰੂਪ ਵਾਲੇ ਹੋਰ ਸਿੱਖਾਂ ਦੀ ਪਰਦੇਸਾਂ ਅੰਦਰ ਇਜ਼ਤ ਵਧਾਉਣ ਦਾ ਕਾਰਨ ਹੋ ਸਕਦਾ ਹੈ। ਐਸੀ ਹਾਲਤ ਵਿਚ ਸਿੱਖੀ ਸਰੂਪ ਵਲ ਸਿਖ ਦੀ ਵਫ਼ਾਦਾਰੀ (loyalty) ਸਿੱਖੀ ਦੀ ਮਹਾਨ ਸੇਵਾ ਹੈ।

ਇਸ ਵੀਹਵੀਂ ਸਦੀ ਅੰਦਰ ਹੋਏ ਦੋ ਵਿਸ਼ਵ-ਜੰਗਾਂ ਨੇ, ਜਿਨ੍ਹਾਂ ਵਿਚ ਸਿਖ ਫ਼ੌਜਾਂ ਕਈ ਯੂਰਪੀ ਦੇਸ਼ਾਂ ਅਤੇ ਏਸ਼ੀਆ ਦੇ ਦੱਖਣ ਪੂਰਬੀ ਤੇ ਪੱਛਮੀ ਅਤੇ ਅਫ਼ਰੀਕੀ ਦੇਸ਼ਾਂ ਅੰਦਰ ਜਾ ਕੇ ਲੜੀਆਂ ਹਨ, ਸਿੱਖਾਂ ਦਾ ਨਾਮ ਸੰਸਾਰ ਭਰ ਦੇ ਇਤਿਹਾਸ ਅੰਦਰ ਉੱਘਾ ਕੀਤਾ ਹੈ। ਇਸ ਦੇ ਦੋ ਹੀ ਕਾਰਨ ਸਨ—(੧) ਸਿਖ ਦਾ ਦਾੜ੍ਹੀ ਕੇਸ ਤੇ ਦਸਤਾਰ ਵਾਲਾ ਨਿਰਾਲਾ ਸਰੂਪ, ਅਤੇ (੨) ਸਿਖ ਦੀ ਬਹਾਦਰੀ। ਨਿਰੀ ਬਹਾਦਰੀ ਕਾਰਨ ਹਾਸਲ ਹੋਈ ਵਡਿਆਈ ਕਿਸੇ ਸਿਖ ਦੀ ਵਡਿਆਈ ਨਹੀਂ ਸੀ ਕਹਿਣਾ, ਬਲਕਿ ਇਸ ਨੂੰ ਅੰਗਰੇਜ਼ (ਜਿਸ ਦੇ ਕਮਾਂਡ ਹੇਠ ਸਿਖ ਲੜੇ ਸਨ) ਦੀ ਵਡਿਆਈ ਜਾਂ ਵਧ ਤੋਂ ਵਧ ਹਿੰਦੁਸਤਾਨ ਦੀ

ਵਡਿਆਈ ਹੀ ਕਿਹਾ ਜਾਣਾ ਸੀ, ਪ੍ਰੰਤੂ ਸਿਖ ਦੇ ਨਿਰਾਲੇ ਸਰੂਪ ਦੀ ਇਹ ਬਰਕਤ ਸੀ ਕਿ ਸਭ ਕਿਸੇ ਨੇ ਉਨ੍ਹਾਂ ਦੀ ਜਵਾਂ-ਮਰਦੀ ਨੂੰ ਸਿਖ ਦੇ ਨਾਮ ਨਾਲ ਮਨਸੂਬ ਕੀਤਾ ਅਤੇ ਦੁਨੀਆ ਭਰ ਵਿਚ ਜਾਣਿਆ ਗਿਆ ਕਿ ਸਿਖ ਇਕ ਬਹਾਦਰ ਕੌਮ ਹੈ। ਇਸ ਤੋਂ ਇਹ ਪ੍ਰਗਟ ਹੈ ਕਿ ਸਿੱਖਾਂ ਦੀ ਸਿੱਖੀ ਸਰੂਪ ਵਲ ਵਫ਼ਾਦਾਰੀ (loyalty) ਕਿਤਨੀ ਮਹਾਨ ਗੱਲ ਹੈ। ਇਸੇ ਤਰ੍ਹਾਂ ਪਰਦੇਸੀਂ ਗਏ ਅਤੇ ਦੇਸ਼ ਅੰਦਰ ਆਪਣੇ ਮਿਹਨਤੀ ਕਰਤੱਵਾਂ ਅਤੇ ਸਿੱਖੀ ਆਚਰਨ ਦੁਆਰਾ ਮਾਣ ਇੱਜ਼ਤ ਹਾਸਲ ਕਰਨ ਵਾਲੇ ਸਿਖ, ਸਿੱਖੀ ਦੇ ਨਾਮ ਨੂੰ ਚਾਰ ਚੰਦ ਲਾ ਸਕਦੇ ਹਨ, ਜੇਕਰ ਉਹ ਦਾੜ੍ਹੀ ਕੇਸਾਂ ਤੇ ਪੱਗ ਆਪਣਾ ਸਿਖ ਸਰੂਪ ਕਾਇਮ ਰੱਖਣ, ਜੋ ਕਿ ਇਸ ਸਰੂਪ ਤੋਂ ਬਿਨਾਂ ਨਹੀਂ ਹੋ ਸਕਦਾ, ਭਾਵੇਂ ਉਹ ਲਖ ਵਾਰ ਪਏ ਕਹਿਣ ਕਿ ਅਸੀਂ ਸਿਖ ਹਾਂ ਜਾਂ ਗੁਰੂ ਨਾਨਕ ਦੇ ਪੈਰੋਕਾਰ ਹਾਂ। ਇਸ ਲਈ ਜੇਕਰ ਸਾਡਾ ਗੁਰੂ ਨਾਨਕ ਦੇ ਨਾਮ, ਉਸ ਦੀ ਸਿੱਖੀ ਜਾਂ ਕੌਮ ਨਾਲ ਥੋੜ੍ਹਾ ਜਿੰਨਾ ਵੀ ਪਿਆਰ ਹੈ ਤਾਂ ਸਾਨੂੰ ਸਿੱਖੀ ਕਿਰਦਾਰ ਦੇ ਨਾਲ ਸਿਖ ਸਰੂਪ ਨੂੰ ਜ਼ਰੂਰ ਕਾਇਮ ਰੱਖਣਾ ਚਾਹੀਦਾ ਹੈ, ਵਰਨਾ ਅਤਿ ਚੰਗੇ ਹੋ ਕੇ ਭੀ ਅਸੀਂ ਕਿਸੇ ਪਾਸੋਂ ਇਹ ਨਹੀਂ ਸੁਣ ਸਕਾਂਗੇ ਕਿ ਗੁਰੂ ਨਾਨਕ ਦੇ ਸਿਖ ਬਹਾਦਰ ਹਨ, ਮਿਹਨਤੀ ਹਨ, ਚੰਗੇ ਕਾਸ਼ਤਕਾਰ ਹਨ, ਵਪਾਰੀ ਹਨ ਜਾਂ ਚੰਗੇ ਖਿਲਾੜੀ ਹਨ, ਆਦਿ। ਕਿਸੇ ਦਾ ਸਰੂਪ ਹੀ ਉਸ ਦੇ ਗੁਣਾਂ ਦਾ ਨਿਸ਼ਾਨਾ (Insignia) ਹੁੰਦਾ ਹੈ। ੧੦ ਅਗਸਤ ੧੯੭੫ ਦਾ 'Illustrated Weekly' ਭਾਰਤੀ ਪੰਜਾਬ ਅੰਦਰ ਪਾਕਿਸਤਾਨੀ ਪੰਜਾਬ ਦੇ ਮੁਕਾਬਲੇ 'ਤੇ ਬੀਤੇ ੨੫ ਸਾਲਾਂ ਅੰਦਰ ਹੋਈ ਹੈਰਾਨ ਕਰਨ ਵਾਲੀ ਉੱਨਤੀ ਦਾ ਵਿਸਥਾਰ ਦੇਂਦਾ ਹੋਇਆ ਅਖ਼ੀਰ ਸਰ ਡੈਂਜ਼ਿਲ ਇਬੱਟਸਨ (Sir Denzil Ibbetson) ਦੀ ਜ਼ਬਾਨੀ ਕਹਿੰਦਾ ਹੈ:

> "The Sikh Jats in the Punjab are proverbially the finest peasantry in India". ਅਰਥਾਤ, "ਇਹ ਮੰਨੀ ਗਈ ਗੱਲ ਹੈ ਕਿ ਭਾਰਤ ਅੰਦਰ ਪੰਜਾਬ ਦਾ ਸਿਖ ਜੱਟ ਸਭ ਤੋਂ ਵਧੀਆ ਕਾਸ਼ਤਕਾਰ ਹੈ।"
>
> ਅਗੇ ਜਾ ਕੇ ਉਹ ਲਿਖਦਾ ਹੈ:
>
> "But much is also due to the freedom and bodness the Sikh has inherited from the traditions of the Khalsa." ਅਰਥਾਤ, "ਇਸ ਦਾ ਵੱਡਾ ਕਾਰਨ ਸਿਖ ਦੀ ਉਹ ਸੁਤੰਤਰਤਾ ਤੇ ਦਲੇਰੀ ਹੈ ਜੋ ਉਸਨੇ ਖ਼ਾਲਸੇ ਦੀ ਪਰੰਪਰਾ ਤੋਂ ਵਿਰਸੇ ਵਿਚ ਲਈ ਹੋਈ ਹੈ।"

ਖ਼ਾਲਸੇ ਦੀ ਸਾਜਨਾ ਸੰਨ ੧੬੯੯ ਵਿਚ ਹੋਈ ਸੀ, ਪ੍ਰੰਤੂ ਮੌਜੂਦਾ ਪੰਜਾਬ ਦੇ ਵਾਹੀ ਵਾਹ ਦੀ ਆਜ਼ਾਦ ਤੇ ਦਲੇਰਾਨਾ ਸਪਿਰਿਟ ਨੂੰ ਸਿਖ ਦੇ ਨਾਮ ਨਾਲ ਜੋੜਨ ਦਾ ਕਾਰਨ ਅਜ ਵੀ ਸਿਖ ਦਾ ਉਹ ਸਰੂਪ ਹੈ ਜੋ ਉਸ ਨੂੰ ਖ਼ਾਲਸਾ ਨਾਮ ਹੇਠ ੧੬੯੯ ਵਿਚ ਪ੍ਰਾਪਤ ਹੋਇਆ, ਵਰਨਾ ਪੰਜਾਬ ਦੀ ਅਜਿਹੀ ਵਡਿਆਈ ਦਾ ਹੱਕਦਾਰ ਪੰਜਾਬੀ ਤਾਂ ਹੋ ਸਕਦਾ ਸੀ, ਪਰ ਸਿਖ ਨਾ ਹੁੰਦਾ। ਇਹੋ ਇਕ ਗੱਲ ਸਿਖ ਸਰੂਪ ਦੀ ਮਹੱਤਤਾ ਦ੍ਰਿੜ੍ਹ ਕਰਾਉਂਦੀ ਹੈ। ਸਾਡੇ ਅਜ ਦੇ ਸਿਖ ਨੌਜਵਾਨਾਂ ਦਾ ਸਿਖ ਸਰੂਪ ਦੇ ਮਾਮਲੇ ਵਿਚ ਆਜ਼ਾਦ ਖ਼ਿਆਲ ਹੋਣਾ ਜਾਂ ਦਾੜ੍ਹੀ ਤੇ ਕੇਸ ਰੱਖਣ ਲਈ ਦਲੀਲ ਦਾ ਆਸਰਾ ਲੈਣਾ ਅਥਵਾ ਦਲੀਲ-ਬਾਜ਼ੀ ਵਿਚ ਪੈਣਾ, ਸਿੱਖੀ ਤਥਾ ਸਿਖ ਕੌਮ ਨਾਲ ਵੱਡਾ ਧਰੋਹ ਹੈ। ਜੇ ਉਹ ਸਿਖ ਨਹੀਂ ਤਾਂ ਉਹ ਜੋ ਜੀਅ ਆਵੇ, ਪਏ ਕਰਨ, ਪਰ ਜੇ ਉਹ ਸਿਖ ਹੋਣ ਤੋਂ ਇਨਕਾਰੀ ਨਹੀਂ ਤਾਂ ਉਨ੍ਹਾਂ ਨੂੰ ਸਿਖ ਸਰੂਪ ਵਾਲੀ ਬੰਦੀ (discipline) ਨੂੰ ਪੂਰੀ ਵਫ਼ਾਦਾਰੀ ਨਾਲ ਨਿਭਾਉਣਾ ਚਾਹੀਦਾ ਹੈ। ਉਨ੍ਹਾਂ ਦੀ ਕੌਮੀ ਭਲਾਈ ਇਸੇ ਵਿਚ ਹੈ। ਦਾੜ੍ਹੀ ਕੇਸ ਕਟਾਏ ਹੋਏ ਪੱਗ ਤੋਂ ਬਿਨਾਂ ਸਿਖ ਅਤੇ ਦੇਸ਼ ਦੇ ਹੋਰ ਲੋਕਾਂ ਜਾਟ, ਡੋਗਰੇ, ਰਾਜਪੂਤ, ਮਰਹੱਟੇ ਆਦਿ ਵਿਚਾਲੇ ਸਰੂਪ ਦੀ ਕੋਈ ਭਿੰਨਤਾ ਨਹੀਂ ਰਹਿ ਜਾਂਦੀ। ਇਸ ਲਈ ਅਜਿਹਾ ਸਿਖ ਭਾਵੇਂ ਕਿੰਨਾ ਭੀ ਬਹਾਦਰ, ਨੇਕ, ਪਰਉਪਕਾਰੀ ਤੇ ਸੇਵਾ ਭਾਵਨਾ ਵਾਲਾ ਹੋਵੇ, ਸਿੱਖੀ ਦੇ ਨਾਮ ਨੂੰ ਉਜਾਗਰ ਨਹੀਂ ਕਰਦਾ, ਕਿਉਂਕਿ ਉਸ ਦਾ ਸਿਖ ਵਾਲਾ ਸਰੂਪ ਨਹੀਂ। ਉਸ ਨੂੰ ਚੰਗਾ ਪੰਜਾਬੀ—ਹਿੰਦੁਸਤਾਨੀ ਤਾਂ ਭਾਵੇਂ ਕੋਈ ਕਹੇ, ਪਰ ਚੰਗਾ ਸਿਖ ਨਹੀਂ ਕਹੇਗਾ, ਭਾਵੇਂ ਉਸ ਵਿਚ ਸਿੱਖੀ ਵਾਲੇ ਹੋਰ ਸਾਰੇ ਗੁਣ ਵੀ ਕਿਉਂ ਨਾ ਹੋਣ। ਪਰ ਜੇ ਉਸ ਦਾ ਸਰੂਪ ਸਿਖ ਵਾਲਾ ਹੈ ਤਾਂ ਉਸ ਦੀ ਵਡਿਆਈ ਦੀ ਗੱਲ ਸਿੱਖੀ ਦੀ ਸਮਝੀ ਜਾਵੇਗੀ। ਭਾਵਨਾ ਤੇ ਸਰੂਪ ਦੋਵੇਂ ਨਾਲ ਨਾਲ ਚੱਲਣ ਤਾਂ ਹੀ ਕਿਸੇ ਦਾ ਅਸਲਾ ਉਘੜਦਾ ਹੈ। ਭਾਵਨਾ ਤੋਂ ਬਿਨਾਂ ਸਰੂਪ ਭੇਖ ਹੈ ਅਤੇ ਸਰੂਪ ਤੋਂ ਬਿਨਾਂ ਭਾਵਨਾ ਲੰਗੜੀ ਹੈ।

ਸਾਡਾ ਪਾੜ੍ਹਾ ਨੌਜਵਾਨ ਇਹ ਭੀ ਕਹਿੰਦਾ ਹੈ ਕਿ—"ਜਿਨ੍ਹਾਂ ਸਿੱਖਾਂ ਦੇ ਚਿਹਰੇ 'ਤੇ ਬੀਬੀ ਖੁਲ੍ਹੀ ਦਾੜ੍ਹੀ, ਸਿਰ ਪਰ ਸੁੰਦਰ ਜੂੜੇ, ਉਪਰ ਦੂਹਰੀ ਘੋਟਵੀਂ ਦਸਤਾਰ ਅਤੇ ਹੋਰ ਸਾਰਾ ਸਰੂਪ ਗੁਰਸਿੱਖਾਂ ਵਾਲਾ ਹੈ, ਗੁਰਦੁਆਰੇ ਜਾਂਦੇ ਹਨ, ਦਿਨ ਦਿਹਾਰਾਂ 'ਤੇ ਅਖੰਡ ਪਾਠ ਭੀ ਸੁਖਦੇ ਤੇ ਕਰਾਉਂਦੇ ਹਨ, ਤੀਰਥੀਂ ਜਾ ਕੇ ਪੁੰਨ ਦਾਨ ਇਸ਼ਨਾਨ ਅਤੇ ਸੰਤਾਂ ਸਾਧਾਂ ਦੀ ਸੰਗਤ ਭੀ ਕਰਦੇ ਹਨ, ਪਰ ਭਾਵਨਾ ਖੋਟੀ ਰਖਦੇ ਹਨ, ਵਿਭਚਾਰੀ ਤੇ ਭ੍ਰਿਸ਼ਟਾਚਾਰੀ ਹਨ, ਦਿਲ ਦੇ ਗੰਦੇ, ਕੰਮ-ਚੋਰ ਤੇ ਮਖੱਟੂ ਹਨ, ਕੌਮ ਧਰੋਹੀ ਹਨ, ਕੀ ਉਹ ਸਿਖ ਹਨ ?" ਹਰਗਿਜ਼ ਨਹੀਂ, ਕਿਉਂਕਿ ਸਿੱਖੀ ਕਿਸੇ ਭੇਖ ਜਾਂ ਦਿਖਾਵੇ ਦਾ ਨਾਮ ਨਹੀਂ।

ਸਿੱਖੀ ਜੀਵਨ-ਪੰਧ ਨੂੰ ਸੁਖਾਲਾ ਤੈ ਕਰ ਸਕਣ ਵਾਸਤੇ ਉਲੀਕੇ ਸ਼ਾਹ ਰਾਹ (highway) ਦੇ ਕੁਝ ਨੇਮ ਹਨ, ਕੁਝ ਸੇਧਾਂ (directions) ਹਨ, ਜਿਨ੍ਹਾਂ ਨੂੰ ਇਕ ਸੂਝਵਾਨ ਟਰੈਫ਼ਿਕ ਡਾਇਰੈਕਟਰ ਦੀ ਨਿਆਈਂ ਗੁਰੂ ਜੀ ਨੇ ਨਿਸਚਿਤ ਕਰ ਦਿਤਾ ਹੋਇਆ ਹੈ, ਇਨ੍ਹਾਂ ਨੇਮਾਂ ਅਤੇ ਸੇਧਾਂ ਦੀ ਸਮੁਚੇ ਤੌਰ 'ਤੇ ਜਾਂ ਇਨ੍ਹਾਂ ਦੇ ਕਿਸੇ ਭਾਗ ਦੀ ਉਲੰਘਣਾ ਜੀਵਨ ਨੂੰ ਬੇਰਸਾ ਤੇ ਅਸਫਲ ਬਣਾ ਦੇਂਦੀ ਹੈ। ਇਨ੍ਹਾਂ ਸੇਧਾਂ ਨੂੰ ਹੁਕਮ ਦੇ ਰੂਪ ਵਿਚ ਸਵੀਕਾਰ ਕਰ ਲੈਣਾ ਹੀ ਸਿੱਖੀ ਦੇ ਦਾਇਰੇ (Sikh fold) ਅੰਦਰ ਰਹਿਣ ਦੀ ਸ਼ਰਤ ਹੈ। ਇਹ ਸਿੱਖੀ ਦਾ ਵੈਸਾ ਹੀ ਬੰਧਾਨ ਹੈ, ਜਿਹੋ ਜਿਹੇ ਬੰਧਾਨਾਂ ਅੰਦਰ ਰਹਿ ਕੇ ਹੀ ਮਨੁੱਖ ਸੁਖੀ ਹੋ ਸਕਦਾ ਹੈ। ਪਰ ਇਹ ਬੰਧਾਨ ਫ਼ੌਜੀ ਸਿਪਾਹੀ ਦੀ ਵਰਦੀ ਵਾਂਗ ਨਿਰਾ ਬਾਹਰ-ਮੁਖੀ ਲਿਬਾਸ ਦਾ ਬੰਧਾਨ ਹੀ ਨਹੀਂ ਬਲਕਿ ਇਸ ਤੋਂ ਵਧੇਰਾ ਸਿਪਾਹੀ ਦੇ ਅੰਦਰੂਨੀ ਗੁਣਾਂ ਦਾ ਹੈ, ਜਿਸ ਵਿਚ ਸੰਬੰਧਤ ਸ਼ਸਤਰ ਨੂੰ ਵਰਤਣ ਦੀ ਯੋਗਤਾ, ਫ਼ੌਜੀ ਡਿਸਿਪਲਨ, ਆਪਣੇ ਅਫ਼ਸਰ ਦੇ ਹੁਕਮ ਦੀ ਬਿਨਾਂ ਕਿਸੇ ਹਿਚਕਚਾਹਟ ਮੁਕੰਮਲ ਤਾਮੀਲ, ਆਪਣੇ ਸਾਥੀ ਹੋਰ ਸਿਪਾਹੀਆਂ ਨਾਲ ਪੂਰਨ ਮਿਲਵਰਤਨ ਤੇ ਸਤਿਕਾਰ ਅਤੇ ਸਭ ਤੋਂ ਵਧ ਆਪਣੀ ਯੂਨਿਟ ਵੱਲ ਵਫ਼ਾਦਾਰੀ (loyalty) ਸ਼ਾਮਲ ਹਨ। ਅਜਿਹੇ ਗੁਣ ਰੱਖਣ ਤੋਂ ਬਿਨਾਂ ਸਖਣੀ ਵਰਦੀ ਸਿਪਾਹੀ ਨੂੰ ਸਫਲ ਨਹੀਂ ਬਣਾ ਸਕਦੀ। ਇਉਂ ਹੀ ਸਿੱਖੀ ਵਾਲੇ ਸਾਰੇ ਗੁਣਾਂ ਵਿਚ ਸੰਪੰਨ ਹੋ ਕੇ ਹੀ ਸਿਖ ਸਰੂਪ ਦੇ ਕੁਝ ਅਰਥ ਬਣਦੇ ਹਨ, ਇਨ੍ਹਾਂ ਤੋਂ ਬਿਨਾਂ ਸਿਖ ਸਰੂਪ ਖੋਤੇ ਉਪਰ ਸ਼ੇਰ ਦੀ ਖੱਲ ਪਾਉਣ ਵਾਲੀ ਗੱਲ ਬਣ ਜਾਂਦੀ ਹੈ ਅਤੇ ਅਜਿਹੇ ਸਿਖ ਦਾ ਓਹੋ ਹਾਲ ਹੁੰਦਾ ਹੈ ਜੋ ਐਸੇ ਖੋਤੇ ਦਾ ਹੁੰਦਾ ਹੈ ਜਿਸ ਨੇ ਸ਼ੇਰ ਦੀ ਖੱਲ ਪਹਿਨੀ ਹੋਵੇ। ਸੋ ਸਿੱਟੇ ਦੀ ਗੱਲ ਇਹੋ ਹੈ ਕਿ ਸਿਖ ਦੁਬਾਜਰਾ ਨਾ ਬਣੇ, ਉਸ ਦਾ ਅੰਦਰ ਭੀ ਸਿੱਖੀ ਰੰਗਣ ਅੰਦਰ ਰੰਗਿਆ ਹੋਵੇ ਅਤੇ ਬਾਹਰ ਭੀ ਸਿਖ ਸਰੂਪ ਰਖੇ, ਤਾਂ ਹੀ ਉਹ ਸਿਖ ਸੋਸਾਇਟੀ ਦਾ ਨਿਰੋਆ ਅੰਗ ਸਮਝਿਆ ਜਾ ਸਕਦਾ ਹੈ।

ਚੇਤੇ ਰਖਣ ਵਾਲੀ ਇਕ ਇਹ ਗੱਲ ਹੈ ਕਿ ਸਿਖ ਬਾਨਪ੍ਰਸਤ, ਸੰਨਿਆਸੀ, ਤਿਆਗੀ ਜੋਗੀ ਨਹੀਂ, ਬਲਕਿ ਉਸ ਦਾ ਭਾਈਚਾਰੇ ਵਾਲਾ ਗ੍ਰਹਸਤੀ ਜੀਵਨ ਹੈ, ਜਿਸ ਵਿਚ ਉਸ ਨੇ ਹੋਰ ਲੋਕਾਂ ਦੇ ਕੰਮ ਭੀ ਆਉਣਾ ਹੈ। ਨਿਰਾ ਇੱਕਲਵੰਜੇ ਬੈਠ ਕੇ ਸਿਮਰਨ ਭਜਨ ਅੰਦਰ ਲੀਨ ਅਤੇ ਆਪਣੇ ਚੌਗਿਰਦੇ ਦੇ ਦੁੱਖਾਂ ਸੁੱਖਾਂ ਤੋਂ ਬੇ-ਲਾਗ ਹੋਇ ਰਹਿਣਾ ਹੀ ਸਿਖ ਦਾ ਨਿਸ਼ਾਨਾ ਨਹੀਂ। ਜਿਸ ਗੁਰੂ ਨਾਨਕ ਦਾ ਨਾਮ ਤੋਂ ਬਿਨਾ ਜ਼ਿੰਦਾ ਰਹਿਣਾ ਮੁਹਾਲ ਸੀ, ਜੋ ਕਹਿੰਦੇ ਸਨ :

ਆਖਾ ਜੀਵਾ ਵਿਸਰੈ ਮਰਿ ਜਾਉ ॥ *(ਆਸਾ ਮ: ੧, ਪੰਨਾ ੩੪੯)*

ਉਨ੍ਹਾਂ ਦਾ ਹਿਰਦਾ ਭੀ ਆਪਣੇ ਚੌਗਿਰਦੇ ਅੰਦਰ ਬੇਦੋਸ਼ਿਆਂ ਦੇ ਵਗਦੇ ਖ਼ੂਨ ਵੇਖ ਕੇ ਕੁਰਲਾ ਉਠਿਆ ਸੀ :

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥

(ਆਸਾ ਮ: ੧, ਪੰਨਾ ੩੬੦)

ਬਾਬੇ ਬਕਾਲੇ ਦੇ ਭੋਰੇ ਅੰਦਰ ਇੱਕੀ ਸਾਲ ਲਗਾਤਾਰ ਸਿਮਰਨ ਅੰਦਰ ਲੀਨ ਰਹਿਣ ਵਾਲੇ ਬਾਬੇ ਤੇਗ਼ ਬਹਾਦਰ ਨੇ ਭੀ ਜਦੋਂ ਮਜ਼ਲੂਮਾਂ ਦੀ ਹਾਹਾਕਾਰ ਸੁਣੀ ਤਾਂ ਉਨ੍ਹਾਂ ਦਾ ਦੁਖ ਵੰਡਾਉਣ ਲਈ ਉਠ ਤੁਰੇ ਅਤੇ ਉਨ੍ਹਾਂ ਪਿਛੇ ਆਪਣਾ ਆਪ ਕੁਰਬਾਨ ਕਰ ਦਿਤਾ। ਐਸੇ ਗੁਰੂ ਦੇ ਸਿਖ ਦਾ ਭੀ ਕਰਮ ਬਣਦਾ ਹੈ ਕਿ ਨਾਮ ਸਿਮਰਨ ਅੰਦਰ ਜੁੜਿਆ ਹੋਇਆ ਭੀ ਮਨੁੱਖਤਾ ਦੇ ਦੁਖ-ਸੁਖ ਦਾ ਭਾਈਵਾਲ ਬਣੇ। ਇਸੇ ਲਈ ਜਦੋਂ ਤਾਈਂ ਨਾਮ ਸਿਮਰਨ ਦੇ ਨਾਲ ਸੇਵਾ ਤੇ ਕੁਰਬਾਨੀ ਨਹੀਂ ਜੁੜਦੇ, ਸਿਖ ਦਾ ਸੰਪੂਰਨ ਜੀਵਨ ਨਹੀਂ ਬਣਦਾ। ਸਿਮਰਨ ਨਿਜੀ ਪ੍ਰੀਸ਼ਰਮ ਹੈ, (ਬਲਕਿ ਸਿਮਰਨ ਭੀ ਸੰਗਤ ਵਿਚ ਮਿਲ ਕੇ ਹੀ ਸੰਪੂਰਨ ਹੁੰਦਾ ਹੈ), ਪਰ ਸੇਵਾ ਤੇ ਕੁਰਬਾਨੀ ਤਾਂ ਹੁੰਦੇ ਹੀ ਦੂਜੇ ਵਾਸਤੇ ਹਨ। ਇਨ੍ਹਾਂ ਵਿਚ ਦੂਜੇ ਦੇ ਭਲੇ ਲਈ ਆਪਣਾ ਆਪ ਮਾਰਨਾ ਤੇ ਗਵਾਉਣਾ ਪੈਂਦਾ ਹੈ :

ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥ (ਗੋਂਡ ਰਵਿਦਾਸ ਜੀ, ਪੰਨਾ ੮੭੫)

ਦੀ ਭਾਵਨਾ ਬਣਾਉਣੀ ਪੈਂਦੀ ਹੈ—ਅਜਿਹੀ ਭਾਵਨਾ ਰਖਦੇ ਹੋਏ ਭੀ ਹਉ ਅਥਵਾ 'ਮੈਂ ਕੀਤਾ ਹੈ' ਦਾ ਅਭਾਵ ਪੈਦਾ ਕਰਨਾ ਪੈਂਦਾ ਹੈ। ਹਉ ਦਾ ਅਭਾਵ ਨਾਮ ਸਿਮਰਨ ਨਾਲ ਦ੍ਰਿੜ੍ਹ ਹੁੰਦਾ ਹੈ। ਇਸ ਤਰ੍ਹਾਂ ਸਿਮਰਨ, ਸੇਵਾ ਤੇ ਕੁਰਬਾਨੀ ਇਕ ਦੂਸਰੇ ਦੇ ਪੂਰਕ (complementary) ਕਰਮ ਬਣ ਜਾਂਦੇ ਹਨ—ਕੋਈ ਇਕੱਲਾ ਕਰਮ ਆਪਣੇ ਆਪ ਵਿਚ ਸੰਪੂਰਨ ਨਹੀਂ ਹੁੰਦਾ। ਸਮੁੱਚਾ ਸਿਖ ਇਤਿਹਾਸ ਇਸ ਦੀ ਅਦੁੱਤੀ ਮਿਸਾਲ ਹੈ। ਮੁਖੀ ਸਿੱਖਾਂ ਬਾਬਾ ਬੁੱਢਾ, ਭਾਈ ਪੈੜਾ, ਮੋਖਾ, ਮੰਝ, ਬਹਿਲੋ, ਭਿਖਾਰੀ, ਭਗੀਰਥ, ਭਾਈ ਰੂਪੇ ਤੋਂ ਲੈ ਕੇ ਭਾਈ ਮਤੀਦਾਸ, ਦਿਆਲਾ, ਮਾਤਾ ਭਾਗੋ, ਮਨੀ ਸਿੰਘ, ਤਾਰੂ ਸਿੰਘ ਅਤੇ ਅਨੇਕ ਹੋਰ ਸੇਵਾ ਪਰਉਪਕਾਰ ਤੇ ਕੁਰਬਾਨੀ ਦੇ ਪੁੰਜ ਨਾਮ ਸਿਮਰਨ ਕਰਕੇ ਹੀ ਵਰੋਸਾਏ ਗਏ ਹੋਏ ਸਨ। ਭਾਈ ਲਹਿਣਾ, ਬਾਬਾ ਅਮਰਦਾਸ, ਭਾਈ ਜੇਠਾ, ਪਹਿਲੋਂ ਸੇਵਾ ਤੇ ਪਰਉਪਕਾਰ ਦਾ ਨਮੂਨਾ ਬਣੇ, ਉਪ੍ਰੰਤ ਰਸ ਲੀਨ ਹੋਏ ਗੁਰੂ ਪਦ ਨੂੰ ਪ੍ਰਾਪਤ ਹੋਏ। ਸੋ ਸਿਖ ਪਹਿਲੋਂ 'ਹੁਕਮੀ ਬੰਦਾ' ਬਣ ਕੇ ਆਪਣੀਆਂ ਸਿਆਣਪਾਂ ਚਤੁਰਾਈਆਂ ਦਾ ਤਿਆਗ ਕਰੇ—ਹੁਕਮ ਵਿਚ ਤੁਰੇ—ਗੁਰੂ ਦੇ ਜ਼ਬਤ ਨੂੰ ਸਵੀਕਾਰ ਕਰੇ, ਤਾਂ ਹੀ ਉਹ ਸਿਖ ਹੋਣ ਦਾ ਅਧਿਕਾਰੀ ਹੈ। ਮੁਕਦੀ ਗੱਲ ਹੁਕਮ ਅੰਦਰ ਤੁਰਨ ਦੀ ਹੈ। ਅਸਾਂ ਵੇਖਿਆ ਹੈ ਕਿ ਕਾਦਰ ਦੀ

ਵਿਸ਼ਾਲ ਕੁਦਰਤ ਤੋਂ ਲੈ ਕੇ ਪਰਿਵਾਰਕ ਜੀਵਨ ਤਕ ਹੁਕਮ ਤਥਾ ਬੰਧਾਨ ਲਾਗੂ ਹੈ ਅਤੇ ਸਭ ਕੋਈ ਹੁਕਮ ਜਾਂ ਬੰਧਾਨ ਅੰਦਰ ਰਹਿ ਕੇ ਹੀ ਸੁਖੀ ਹੋ ਸਕਦਾ ਹੈ।

ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥

(ਰਾਮਕਲੀ ਕੀ ਵਾਰ, ਪੰਨਾ ੯੪੮)

ਐਸੇ ਇਕ-ਸਾਰ ਵਰਤ ਰਹੇ ਹੁਕਮ ਦੀ ਸੂਝ ਪ੍ਰਾਪਤ ਕਰਨ ਦਾ ਮਖ਼ਜ਼ਨ (source) ਗੁਰੂ ਗ੍ਰੰਥ ਸਾਹਿਬ ਅਥਵਾ ਗੁਰੂ ਕੀ ਬਾਣੀ ਹੈ, ਜਿਸ ਦੀ ਵਿਚਾਰ ਜੀਵਨ ਨੂੰ ਸੁਖੀ ਬਣਾਉਣ ਦੀ ਸੇਧ ਦੇਣਹਾਰੀ ਹੈ। ਅਜਿਹੀ ਸੇਧੇ ਤੁਰਿਆਂ ਜੀਵਨ ਅਨੰਦ-ਮਈ ਹੋ ਜਾਂਦਾ ਹੈ।

ਮਹਾ ਅਨੰਦੁ ਗੁਰ ਸਬਦੁ ਵੀਚਾਰਿ ॥੩॥ *(ਆਸਾ ਮ: ੫, ਪੰਨਾ ੩੭੦)*

ਪਰ ਸਾਡਾ ਜੀਵਨ ਆਮ ਤੌਰ 'ਤੇ ਹੀ ਗੁਰ-ਸ਼ਬਦ ਦੀ ਵੀਚਾਰ ਤੋਂ ਸਖਣਾ ਹੈ ਜਾਂ ਇਸ ਦੇ ਉਲਟ ਬਣ ਗਿਆ ਹੋਇਆ ਹੈ। ਜਿਸ ਤਰ੍ਹਾਂ ਇਸ ਲੇਖ ਦੇ ਅਰੰਭ ਵਿਚ ਅਸਾਂ ਵੇਖਿਆ ਹੈ, ਅਸੀਂ ਆਪਣੇ ਨਿਤਾਪ੍ਰਤੀ ਵਿਹਾਰ ਵਿਚ ਬਹੁਤ ਕੁਝ ਵੇਖੋ-ਵੇਖੀ ਕਰੀ ਜਾਂਦੇ ਹਾਂ; ਅਸੀਂ ਕਦੀ ਨਹੀਂ ਸੋਚਿਆ ਕਿ ਗੁਰੂ ਬਾਣੀ ਕਿਸੇ ਵਿਸ਼ੇ 'ਤੇ ਸਾਨੂੰ ਸੇਧ ਦਿੰਦੀ ਹੈ। ਬਲਕਿ ਜਿਤਨੀ ਬਾਣੀ ਅਸੀਂ ਪੜ੍ਹਦੇ ਭੀ ਹਾਂ, ਉਹ ਕੇਵਲ ਪੜ੍ਹਨ ਮਾਤਰ ਹੀ ਹੁੰਦੀ ਹੈ, ਅਸੀਂ ਉਸ ਦਾ ਭਾਵ ਸਮਝਣ ਤੇ ਗ੍ਰਹਿਣ ਕਰਨ ਬਾਰੇ ਕਦੀ ਸੋਚਿਆ ਹੀ ਨਹੀਂ! ਫਿਰ ਚੂੰਕਿ ਸਾਡਾ ਸਮਾਜ ਬਹੁਤ ਕਰਕੇ ਬ੍ਰਾਹਮਣੀ ਪ੍ਰਭਾਵਤ ਹੈ, ਇਸ ਲਈ ਸਾਡੀਆਂ ਰਸਮਾਂ ਰੀਤਾਂ, ਦਿਨ ਦਿਹਾਰ, ਸਾਡੀ ਸਾਰੀ ਕ੍ਰਿਆ, ਸਗੋਂ ਸੋਚਣੀ ਭੀ ਬ੍ਰਾਹਮਣੀ ਹੀ ਬਣੀ ਹੋਈ ਹੈ।

ਸਾਨੂੰ ਕਿਸੇ ਨੂੰ ਭੀ ਇਸ ਗੱਲ ਦਾ ਕੋਈ ਭੁਲੇਖਾ ਨਹੀਂ ਕਿ ਇਕ ਅਕਾਲ ਦੀ ਪੂਜਾ ਅਤੇ ਸਰਬ ਸਾਂਝੀਵਾਲਤਾ ਸਿੱਖੀ ਦੇ ਮੁਢਲੇ (fundamental) ਅਸੂਲ ਹਨ ਅਤੇ ਬੁੱਤ ਜਾਂ ਬਹੁ-ਦੇਵ ਪੂਜਾ ਅਤੇ ਜ਼ਾਤ ਪਾਤ ਤੇ ਵਰਣ-ਵੰਡ ਦਾ ਵਿਰੋਧ ਸਿੱਖੀ ਵਿਚ ਆਦਿ ਕਾਲ ਤੋਂ ਚਲਿਆ ਆ ਰਿਹਾ ਹੈ। ਇਸ ਦੇ ਪਰਤੱਖ ਸਬੂਤ ਸਿੱਖਾਂ ਦੇ ਧਰਮ ਮੰਦਰਾਂ ਅਥਵਾ ਗੁਰਦੁਆਰਿਆਂ ਦੇ ਨਿਤਾਪ੍ਰਤੀ ਵਿਹਾਰ ਨੂੰ ਸੰਗਤਾਂ ਦੇ ਜੋੜ ਮੇਲ ਅੰਦਰ ਕੇਵਲ ਅਕਾਲ ਦੀ ਸਿਫ਼ਤ ਸਾਲਾਹ ਵਿਚ ਗੁਰੂ ਦੀ ਬਾਣੀ ਦੇ ਕੀਰਤਨ, ਗੁਰੂ ਦੇ ਸ਼ਬਦ ਦੀ ਵਿਚਾਰ ਅਤੇ ਅਰਦਾਸ 'ਤੇ ਸੀਮਤ ਕਰਨਾ ਹੈ। ਇਹੋ ਹੀ ਸਿਖ ਦੀ ਪੂਜਾ ਹੈ, ਇਹੋ ਸਿੱਖੀ ਮਰਯਾਦਾ ਹੈ ਅਤੇ ਇਹੋ ਹੀ ਸਿੱਖਾਂ ਦਾ ਸਮੁਚਾ ਧਰਮ ਵਿਹਾਰ ਹੈ। ਇਸ ਤੋਂ ਇਲਾਵਾ ਨਿਜੀ ਤੌਰ 'ਤੇ ਸਿਖ ਆਪਣੇ ਘਰ ਬੈਠਾ ਗੁਰੂ ਬਾਣੀ ਦਾ ਪਾਠ ਵਿਚਾਰ ਤਥਾ ਅਧਿਐਨ ਕਰ ਸਕਦਾ ਹੈ।

ਸਿੱਖੀ ਧਰਮ-ਅਸਥਾਨਾਂ ਦੀ ਦੂਜੀ ਵਿਸ਼ੇਸ਼ ਗੱਲ ਗੁਰਦੁਆਰੇ ਨਾਲ ਸੰਬੰਧਤ

ਗੁਰੂ ਕਾ ਲੰਗਰ ਹੈ, ਜਿਸ ਵਿਚ ਸਾਰੇ ਮਜ਼ਹਬਾਂ, ਦੇਸਾਂ, ਜਾਤਾਂ, ਬਿਰਾਦਰੀਆਂ ਦੇ ਸਭ ਲੋਕਾਂ ਨੂੰ ਬਿਨਾਂ ਪਖਪਾਤ ਇਕੋ ਪੰਗਤ ਵਿਚ ਬੈਠ ਕੇ ਖਾਣਾ ਖਾਣ ਦੀ ਖੁਲ੍ਹ ਹੈ। ਪ੍ਰੰਤੂ ਬ੍ਰਾਹਮਣੀ ਪ੍ਰਭਾਵ ਹੇਠ ਅਤੇ ਹਿੰਦੂ ਵਰਤਾਰੇ ਦੀ ਵੇਖੋ ਵੇਖੀ, ਜਿਵੇਂ ਉਨ੍ਹਾਂ ਨੇ ਕ੍ਰਿਸ਼ਨ ਮੁਰਾਰੀ, ਸ੍ਰੀ ਰਾਮ ਚੰਦਰ ਅਤੇ ਦੁਰਗਾ ਮਾਤਾ ਆਦਿ ਦੀਆਂ ਰੰਗੀਨ ਤਸਵੀਰਾਂ ਬਣਾ ਉਨ੍ਹਾਂ ਪ੍ਰਤੀ ਸੇਹਰੇ ਭੇਟ ਕਰਨ ਦੀ ਪਿਰਤ ਪਾਈ ਹੋਈ ਹੈ, ਅਸੀਂ ਭੀ ਮਨੋ-ਕਲਪਤ ਤਸਵੀਰਾਂ ਬਣਾ ਕੇ ਉਨ੍ਹਾਂ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਆਦਿ ਦਾ ਨਾਮ ਦੇਂਦੇ, ਉਨ੍ਹਾਂ ਨੂੰ ਘਰਾਂ ਵਿਚ ਰਖਦੇ ਅਤੇ ਫੁੱਲਾਂ ਦੇ ਹਾਰ ਰੋਜ਼ਾਨਾ ਭੇਟ ਕਰਦੇ ਹਾਂ, ਜੋ ਸਿੱਖੀ ਅਸੂਲ ਮੁਤਾਬਕ ਨਿਰੋਲ ਮਨਮਤ ਅਤੇ ਬੁਤ-ਪੂਜਾ ਦੇ ਤੁਲ ਹੈ, ਕਿਉਂਕਿ ਗੁਰਮਤਿ ਤਾਂ ਇਹ ਦ੍ਰਿੜ ਕਰਾਉਂਦੀ ਹੈ ਕਿ ਗੁਰੂ ਦਾ ਮਨੁੱਖੀ ਸਰੂਪ ਕੋਈ ਹੈ ਹੀ ਨਹੀਂ :

ਮਾਨੁਖ ਕਾ ਕਰਿ ਰੂਪੁ ਨ ਜਾਨੁ ॥੨॥

(ਰਾਮਕਲੀ ਮ: ੫, ਪੰਨਾ ੮੯੫)

ਤਾਂ ਇਕ ਮਨੋ-ਕਲਪਤ ਤਸਵੀਰ, ਜਿਸ ਨੂੰ ਅਸੀਂ ਹਾਰ ਭੇਟ ਕਰਦੇ ਹਾਂ, ਗੁਰੂ ਨਾਨਕ ਕਿਵੇਂ ਹੋਈ ?

ਇਉਂ ਹੀ ਸਰਬ-ਸਾਂਝੀਵਾਲਤਾ ਦੇ ਮੁਦਈ ਅਤੇ ਸਾਂਝੇ ਲੰਗਰ ਚਲਾਉਣ ਵਾਲੇ ਅਸੀਂ ਜੱਟ, ਭਾਪੇ, ਰਾਮਗੜ੍ਹੀਏ, ਅਰੋੜੇ, ਆਹਲੂਵਾਲੀਏ ਕਿਵੇਂ ਤੇ ਕਦੋਂ ਬਣ ਗਏ ? ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸਾਨੂੰ ਕ੍ਰਿਤ ਨਾਸ, ਕੁਲ ਨਾਸ, ਕਰਮ ਨਾਸ ਦੇ ਧਾਰਨੀ—ਇਕ ਖ਼ਾਲਸਾ—ਕੀਤਾ ਸੀ, ਪਰ ਅਸੀਂ ਆਪਣੀ ਕ੍ਰਿਤ, ਕੁਲ, ਕਰਮ ਆਦਿ ਪਹਿਲੇ ਵਾਂਗ ਹੀ ਵਖੋ ਵਖ ਲਈ ਤੁਰੇ ਜਾਂਦੇ ਹਾਂ, ਬਲਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਕੋ ਬਾਟੇ ਦੇ ਅੰਮ੍ਰਿਤਧਾਰੀ ਸਿਖ ਹੋ ਕੇ ਵੀ ਅਸੀਂ ਦਿਨ ਦਿਹਾੜੇ ਪੂਜਾ ਵਿਸ਼ਕਰਮਾ ਮੰਦਰ, ਰਵਿਦਾਸ ਮੰਦਰ, ਨਾਮਦੇਵ ਮੰਦਰ, ਆਦਿ ਥਾਈਂ ਜਾ ਕੇ ਕਰਦੇ ਹਾਂ। ਸਾਡੇ ਗੁਰਦੁਆਰੇ ਭੀ ਜ਼ਾਤਾਂ ਤੇ ਬਿਰਾਦਰੀਆਂ ਦੇ ਹਨ ਕਈ ਥਾਈਂ ਲਿਖਿਆ ਮਿਲਦਾ ਹੈ ਗੁਰਦੁਆਰਾ ਕੰਬੋਜ ਸਿੰਘਾਂ, ਰਾਮਗੜ੍ਹੀਏ ਸਿੰਘਾਂ ਜਾਂ ਖ਼ਾਲਸਾ ਬਿਰਾਦਰੀ। ਅਸੀਂ ਇਕੋ ਖ਼ਾਲਸਾ ਅਤੇ ਇਕੋ ਰਹਿਤ ਦੇ ਧਾਰਨੀ ਹੁੰਦੇ ਹੋਏ ਭੀ ਇਨ੍ਹਾਂ ਵੰਡਾਂ ਤੋਂ ਮੁਕਤ ਨਹੀਂ ਹੋ ਸਕੇ, ਸਗੋਂ ਇਕੋ ਇਕ ਕ੍ਰਿਤ ਕਰਨ ਵਾਲੇ ਤੇ ਇਕੋ ਇਕ ਕੁਲ ਦੇ ਬੰਦਿਆਂ ਨੂੰ ਅਸੀਂ ਹੋਰ ਅਗੇ ਕਈ ਨਾਵਾਂ ਹੇਠ ਵੰਡ ਦਿਤਾ ਹੈ। ਇਕੋ ਜੱਟ ਹੀ ਗਿੱਲ, ਗਰੇਵਾਲ, ਸਿਧੂ, ਸੰਧੂ, ਢਿਲੋਂ ਆਦਿਕ ਅਨੇਕ ਜਾਤਾਂ ਵਿਚ ਵੰਡੇ ਪਏ ਹਨ, ਬਲਕਿ ਜੋ ਲੋਕ ਜੱਟ ਦੀ ਕ੍ਰਿਤ ਭੀ ਨਹੀਂ ਕਰਦੇ ਅਤੇ ਜਿਨ੍ਹਾਂ ਨੇ ਪੱਕੀ ਕਿਰਤ ਤੇ ਵਾਸਾ ਦਿੱਲੀ ਜਿਹੇ

ਸ਼ਹਿਰ ਵਿਚ ਅਖ਼ਤਿਆਰ ਕਰ ਲਿਆ ਹੈ, ਉਨ੍ਹਾਂ ਭੀ ਆਪਣਾ ਜੱਟਪੁਣਾ ਨਹੀਂ ਛਡਿਆ। ਕੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਜੱਟ, ਖੱਤਰੀ, ਨਾਈ, ਛੀਂਬੇ ਤੇ ਝੀਊਰ ਜਿਹੀਆਂ ਵਖੋ ਵਖ ਕ੍ਰਿਤਾਂ ਤੇ ਕੁਲਾਂ ਦੇ ਬੰਦਿਆਂ ਦੇ ਜਾਤੀ ਮਤਭੇਦ ਮਿਟਾ ਕੇ ਸਭ ਨੂੰ ਇਕ ਖ਼ਾਲਸਾ ਕੀਤਾ ਸੀ, ਸਾਡੀਆਂ ਪਾਈਆਂ ਵੰਡੀਆਂ ਨੂੰ ਸਵੀਕਾਰ ਕਰਨਗੇ ? ਜਿਸ ਗੁਰੂ ਨੇ ਮਨੁੱਖ ਜਾਤੀ ਅੰਦਰ ਪਏ ਹਿੰਦੂ ਮੁਸਲਮਾਨ ਦੇ ਮਜ਼ਹਬੀ ਵਿਤਕਰੇ ਨੂੰ ਭੀ ਪ੍ਰਵਾਨ ਨਹੀਂ ਸੀ ਕੀਤਾ ਅਤੇ ਕਿਹਾ ਸੀ 'ਨਾ ਕੋਈ ਹਿੰਦੂ ਹੈ ਨ ਮੁਸਲਮਾਨ', ਕੀ ਉਹ ਸਾਡੀ ਬਾਰਾਂ ਪੂਰਬੀ ਤੇ ਤੇਰ੍ਹਾਂ ਚੁੱਲ੍ਹੇ (tight compartments) ਵਾਲੀ ਵੰਡ 'ਤੇ ਖ਼ੁਸ਼ ਹੋਵੇਗਾ ? ਅਸੀਂ ਜੱਟ, ਅਰੋੜੇ, ਰਾਮਗੜ੍ਹੀਏ ਬਣ ਕੇ ਉਸ ਦੇ ਦਰਬਾਰ ਅੰਦਰ ਕੀ ਮੂੰਹ ਦੇਵਾਂਗੇ ? ਜੇ ਅਸੀਂ ਏਨੇ ਸਉੜੇ ਘੁਰਣਿਆਂ ਅੰਦਰ ਵੜ ਗਏ ਤਾਂ ਸਾਡੀ ਸਰਬ ਸਾਂਝੀਵਾਲਤਾ ਦੇ ਦੁਨੀਆ ਕੀ ਅਰਥ ਕਢੇਗੀ ? ਸਾਡੇ ਵਿਚ ਹੀ ਹੁਣ ਇਕ ਸ਼੍ਰੇਣੀ ਕਲੀਨ-ਸ਼ੇਵਨ ਸਿੱਖਾਂ ਦੀ ਪੈਦਾ ਹੋ ਗਈ ਹੋਈ ਹੈ। ਉਹ ਭੀ ਆਪਣੇ ਆਪ ਨੂੰ ਕਹਾਉਂਦੇ ਗੁਰੂ ਗੋਬਿੰਦ ਸਿੰਘ ਦੇ ਸਿਖ ਹੀ ਹਨ। ਕੀ ਉਨ੍ਹਾਂ ਕਦੀ ਆਪਣਾ ਚਿਹਰਾ ਸ਼ੀਸ਼ੇ ਵਿਚ ਵੇਖ ਕੇ ਉਸ ਨੂੰ ਗੁਰੂ ਗੋਬਿੰਦ ਦੇ ਚਿਹਰੇ ਨਾਲ ਮੇਲਿਆ ਹੈ ? ਜੇ ਉਨ੍ਹਾਂ ਦੀ ਦਿਖ ਹੀ ਗੁਰੂ ਵਾਲੀ ਨਹੀਂ ਤਾਂ ਕੌਣ ਕਹੇਗਾ, ਉਹ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਹਨ ? ਤਾਂ ਜੇ ਕੋਈ ਕਹਿ ਦੇਵੇ ਕਿ ਉਹ ਆਪਣੇ ਬਾਪ ਦੇ ਨਹੀਂ ਹਨ ਤਾਂ ਉਨ੍ਹਾਂ ਨੂੰ ਇਸ ਦੀ ਚਿੜ ਨਹੀਂ ਹੋਣੀ ਚਾਹੀਦੀ, ਕਿਉਂ ਜੁ ਉਹ ਆਪਣੇ ਗੁਰੂ ਪਿਓ ਦੇ ਨਹੀਂ ਰਹੇ ਹੋਏ।

ਵੱਡੀ ਅਫ਼ਸੋਸਨਾਕ ਗੱਲ ਇਹ ਹੈ ਕਿ ਸਾਡੇ ਅੰਦਰ ਪ੍ਰਚਲਤ ਹੋਇਆ ਪਤਿਤਪੁਣੇ ਅਤੇ ਜਾਤ ਵੰਡ ਦਾ ਰੋਗ ਵਧੇਰੇ ਕਰਕੇ ਸਾਡੀ ਪੜ੍ਹੀ ਲਿਖੀ (Intellectuals) ਸ਼੍ਰੇਣੀ ਨੂੰ ਲੱਗਾ ਹੋਇਆ ਹੈ। ਭਲੀ ਪ੍ਰਕਾਰ ਜਾਣਦੇ ਹੋਏ ਕਿ ਜਾਤ ਤੇ ਵਰਣ ਦੀਆਂ ਵੰਡੀਆਂ ਸਿੱਖੀ ਦੇ ਮੁਢਲੇ ਅਸੂਲ ਦਾ ਘਾਤ ਕਰਦੀਆਂ ਹਨ, ਇਹ ਲੋਕ ਅਜਿਹੇ ਨਾਵਾਂ ਨਾਲ ਆਪਣੇ ਆਪ ਨੂੰ ਪ੍ਰਚਲਤ ਕਰਨ ਦੇ ਬਜ਼ਿਦ ਹਨ ਅਤੇ ਸਿਖ ਧਰਮ ਦੇ ਵੱਡੇ ਅਦਾਰਿਆਂ ਦੇ ਅਹੁਦੇਦਾਰ ਬਣ ਕੇ ਵੀ ਡੰਕਾ ਆਪਣੇ ਜਾਤ ਨਾਮ ਦਾ ਹੀ ਵਜਾਉਂਦੇ ਹਨ। ਅਜਿਹੀ ਜਾਤ ਤੇ ਵਰਣ-ਵੰਡ ਦਾ ਵਿਚਾਰ ਸਾਡੀ ਪੰਥਕ ਏਕਤਾ ਦੀ ਜੜ੍ਹ ਅੰਦਰ ਖੁਭਿਆ ਕੁਹਾੜਾ ਹੈ, ਜੋ ਅਗਰ ਪੁਟਿਆ ਨਾ ਗਿਆ ਤਾਂ ਇਹ ਕੁਹਾੜਾ ਇਸ ਸ਼ਾਨਦਾਰ ਰੁਖ ਦੀ ਹੋਂਦ ਲਈ ਖ਼ਤਰਨਾਕ ਸਾਬਤ ਹੋਵੇਗਾ। ਆਓ, ਸੰਭਲੋ ਅਤੇ ਸੰਭਾਲੋ ਇਸ ਖ਼ਾਲਸਾ ਰੂਪੀ ਮਹਿਕਦੇ ਪੇੜ ਨੂੰ, ਜੋ ਵੱਡਾ ਮਹਿੰਗਾ ਮੁੱਲ ਤਾਰ ਕੇ ਗੁਰੂ ਨੇ ਪਰਫੁੱਲਤ ਕੀਤਾ ਸੀ !

(੩)

ਸਿੱਖੀ ਹੋਂਦ ਨੂੰ ਖ਼ਤਰੇ

(ਸਿੱਖੀ ਤੋਂ ਭਟਕੇ ਇਕ ਸਿਖ ਨੌਜਵਾਨ ਨਾਲ ਵਾਰਤਾ)

ਕੁਝ ਸਮਾਂ ਪਹਿਲੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਬੀ.ਏ. ਸ਼੍ਰੇਣੀ ਵਿਚ ਪੜ੍ਹਨ ਵਾਲਾ ਇਕ ਸਿਖ ਨੌਜਵਾਨ ਵਿਦਿਆਰਥੀ, ਜੋ ਉਸੇ ਜ਼ਿਲ੍ਹੇ ਦੇ ਇਕ ਪਿੰਡ ਦਾ ਰਹਿਣ ਵਾਲਾ ਹੈ, ਮੈਨੂੰ ਮਿਲਿਆ। ਉਸ ਨੇ ਆਪਣੀ ਨਵੀਂ ਪੁੰਗਰਦੀ ਦਾੜ੍ਹੀ ਨੂੰ ਕੈਂਚੀ ਨਾਲ ਕਟਿਆ ਹੋਇਆ ਸੀ। ਮੇਰੇ ਪੁਛਣ ਪਰ ਕਿ 'ਤੂੰ ਅੰਮ੍ਰਿਤਸਰ ਦਾ ਰਹਿਣ ਵਾਲਾ ਅਤੇ ਖ਼ਾਲਸਾ ਕਾਲਜ ਦਾ ਵਿਦਿਆਰਥੀ ਹੁੰਦਾ ਹੋਇਆ ਦਾੜ੍ਹੀ ਕਟਦਾ ਅੱਛਾ ਨਹੀਂ ਲਗਦਾ' ਉਹ ਕਹਿਣ ਲੱਗਾ :

"ਬਾਪੂ ਜੀ ! ਤੁਸੀਂ ਤਾਂ ਮੈਨੂੰ ਵੇਖ ਕੇ ਕਹਿ ਦਿੱਤਾ, ਜੇ ਉਥੇ ਜਾਓ ਤਾਂ ਤੁਹਾਨੂੰ ਪਤਾ ਲਗੇ ਕਿ ਅੰਮ੍ਰਿਤਸਰ ਦੇ ੯੯ ਫ਼ੀ ਸਦੀ ਨੌਜਵਾਨ ਮੇਰੇ ਵਰਗੇ ਹਨ। ਕੋਈ ਇਕ ਫ਼ੀ ਸਦੀ 'ਭਾਪਾ' ਭਾਵੇਂ ਦਾੜ੍ਹੀ ਰਖਦਾ ਹੋਵੇ।"

ਹੋਰ ਅਗੇ ਗੱਲ ਤੋਰਨ 'ਤੇ ਉਸ ਕਿਹਾ, "ਜੀ, ਸਾਡੇ ਤਾਂ ਹੁਣ ਇਹ ਫ਼ੈਸ਼ਨ ਹੋ ਗਿਆ ਹੈ ਤੇ ਜੋ ਰਿਵਾਜ ਬਣ ਜਾਏ, ਉਸਦੇ ਉਲਟ ਜਾਣਾ ਕਿਸ ਤਰ੍ਹਾਂ ਮੁਮਕਨ ਹੋ ਸਕਦਾ ਹੈ। ਪਿੰਡਾਂ ਵਿਚ ਦਾੜ੍ਹੀ ਵਾਲੇ ਭਾਈ ਜੀ ਨੂੰ ਤਾਂ ਗਭਰੂ ਊਂ ਹੀ ਜੀਊਣ ਨਹੀਂ ਦੇਂਦੇ—ਸ਼ਹਿਰ ਵਿਚ ਉਚੇਚੇ ਬਾਰਬਰ ਸੈਲੂਨ ਖੁਲ੍ਹੇ ਹੋਏ ਹਨ ਅਤੇ ਨੌਜਵਾਨ ਦੂਏ ਚੌਥੇ ਸ਼ਹਿਰ ਜਾਂਦੇ ਅਤੇ ਨਵੀਂ ਨਵੀਂ ਕਿਸਮ ਦੀ ਸ਼ੇਪ ਦਾੜ੍ਹੀ ਨੂੰ ਦਿਵਾਉਂਦੇ ਹਨ। ਫਿਰ ਦਾੜ੍ਹੀ ਵਾਲੇ ਮੁੰਡੇ ਨੂੰ ਕੋਈ ਕੁੜੀ ਪਸੰਦ ਨਹੀਂ ਕਰਦੀ। ਜਿਨ੍ਹਾਂ ਦੇ ਆਪਣੇ ਸਿਰ ਬੌਬ ਕੀਤੇ ਹੋਣ, ਉਹ ਦਾੜ੍ਹੀ ਵਾਲੇ ਦੇ ਨੇੜੇ ਲਗਦੀਆਂ ਹਨ। ਤੁਸੀਂ ਸਾਨੂੰ ਕੀ ਕਹਿੰਦੇ ਹੋ, ਤੁਸੀਂ ਉਨ੍ਹਾਂ ਨੂੰ ਪੁਛੋ ਜਿਨ੍ਹਾਂ ਨੇ ਸਕੂਲਾਂ ਕਾਲਜਾਂ ਵਿਚ ਕੁੜੀਆਂ ਮੁੰਡਿਆਂ ਦੇ ਸਾਂਝੇ ਕਲਚਰਲ ਪ੍ਰੋਗਰਾਮਾਂ ਤੇ ਭੰਗੜਿਆਂ ਦੀਆਂ ਵਿਉਂਤਾਂ ਉਲੀਕ ਰਖੀਆਂ ਹਨ, ਜੋ ਸਵੇਰੇ ਸ਼ਾਮ, ਬਲਕਿ ਸਾਰਾ ਦਿਨ ਤੇ ਅੱਧੀ ਰਾਤ ਤਕ ਇਸ਼ਕੀਆ ਗੀਤ ਤੇ ਕੁੜੀਆਂ ਮੁੰਡਿਆਂ ਦੀਆਂ ਪਿਆਰ ਡਾਇਲੌਗਾਂ ਬਰਾਡਕਾਸਟ ਕਰਦੇ ਹਨ। ਇਕ ਦਿਨ ਸਿਨੇਮਾ ਵਿਚ ਕੁੜੀ ਮੁੰਡੇ ਨੂੰ ਪਿਆਰ

ਕਰਦਿਆਂ ਵੇਖ ਆਈਏ ਤਾਂ ਅੱਠ ਦਿਨ ਉਸ ਦਾ ਨਸ਼ਾ ਨਹੀਂ ਜਾਂਦਾ ਤੇ ਜਿਥੇ ਨਿਤ ਨਵੇਂ ਸੂਰਜ ਜੋੜੇ ਦਾ ਮਿਲਾਪ ਅੱਖਾਂ ਸਾਮ੍ਹਣਿਓਂ ਲੰਘਦਾ ਹੋਵੇ, ਉਥੇ ਸਾਡੇ ਮਨ ਪੱਥਰ ਥੋੜੇ ਹਨ, ਜੋ ਅਸਰ ਨਾ ਹੋਵੇ—ਸਾਡੀਆਂ ਦਾੜ੍ਹੀਆਂ ਤੇ ਵਾਲਾਂ ਦੀਆਂ ਸ਼ੇਪਾਂ ਉਥੇ ਹੀ ਘੜੀਂਦੀਆਂ ਹਨ। ਜੇ ਤੁਹਾਨੂੰ ਇਹਨਾਂ ਦਾ ਕੋਈ ਦਰਦ ਹੈ ਤਾਂ ਉਥੇ ਹੱਥ ਪਾਓ, ਸਾਨੂੰ ਕੀ ਆਖਦੇ ਹੋ ?"

ਉਸ ਨੌਜਵਾਨ ਦੇ ਸ਼ਬਦਾਂ ਨੇ ਮੈਨੂੰ ਨਿਰੁੱਤਰ ਕਰ ਦਿਤਾ, ਪਰ ਮੈਂ ਬੜੇ ਪਿਆਰ ਨਾਲ ਉਸ ਨੂੰ ਸਮਝਾਉਣਾ ਸ਼ੁਰੂ ਕੀਤਾ, ਕਦੀ ਭਾਈ ਤਾਰੂ ਸਿੰਘ ਜੀ ਦੀ ਕੇਸਾਂ ਦੀ ਬੇ-ਅਦਬੀ ਪਿਛੇ ਖੋਪਰੀ ਉਤਰਵਾ ਲੈਣ ਦੀ ਸਾਖੀ ਦੱਸਦਾ, ਕਦੀ ਸਿੰਘ ਦੇ ਸਰਦਾਰੀ ਦਰਸ਼ਨ ਦਾ ਵਾਸਤਾ ਪਾਉਂਦਾ, ਕਦੀ ਗੁਰੂ ਦੇ ਸਿੰਘਾਂ ਦਾ ਪਿਛੇ ਜਿਹੇ ਪਾਕਿਸਤਾਨੀ ਜੋਧਿਆਂ ਨਾਲ ਲੋਹਾ ਲੈਣ ਤੇ ਉਨ੍ਹਾਂ ਨੂੰ ਪਛਾੜਨ ਦੀ ਗੱਲ ਕਰਦਾ, ਕਦੀ ਅਗੰਮੜੇ ਮਰਦ ਗੁਰੂ ਗੋਬਿੰਦ ਸਿੰਘ ਦੀ ਨਿਰਾਲੀ ਸ਼ਾਨ ਦਾ ਜ਼ਿਕਰ ਛੇੜਦਾ ਤੇ ਦੱਸਦਾ ਕਿ ਕਿਸ ਤਰ੍ਹਾਂ ਕੇਵਲ ੪੨ ਸਾਲ ਦੇ ਥੋੜ੍ਹੇ ਜਿਹੇ ਸਮੇਂ ਅੰਦਰ ਉਹਨਾਂ ਨੇ ਸਤ ਸੌ ਸਾਲ ਦੀ ਜੰਮੀ ਹਕੂਮਤ ਦਾ ਤਖ਼ਤਾ ਉਲਟ ਦਿਤਾ ਅਤੇ ਇਹ ਸਭ ਕੁਝ ਕੇਵਲ ਇਸ ਗੱਲ ਦੀ ਬਦੌਲਤ ਸੀ ਕਿ ਕਲਗੀ ਵਾਲੇ ਸਤਿਗੁਰੂ ਨੇ ਉਨ੍ਹਾਂ ਨੂੰ ਅੰਮ੍ਰਿਤ ਬਖ਼ਸ਼ ਕੇ ਅਤੇ ਖ਼ਾਲਸਈ ਯੂਨੀਫ਼ਾਰਮ ਸਜਾ ਕੇ, ਇਕ ਇਕ ਨੂੰ ਸਵਾ ਸਵਾ ਲਖ ਤੇ ਭਾਰੂ ਕਰ ਦਿਤਾ ਅਤੇ ਇਸ ਯੂਨੀਫ਼ਾਰਮ ਅੰਦਰ ਇਕ ਅਜਿਹੀ ਅਦੁਤੀ ਤੇ ਅਜਿਤ ਸੈਨਾ ਪੈਦਾ ਕਰ ਦਿਤੀ, ਜਿਸ ਨੇ ਪੱਛਮ ਤੋਂ ਭਾਰਤ ਉਤੇ ਹਮਲਾ ਕਰ ਕੇ ਦੇਸ਼ ਦੀ ਦੌਲਤ ਤੇ ਅਸਮਤ ਲੁਟ ਖੜਨ ਵਾਲੇ ਬੁਰਛੇ ਗ਼ਾਜ਼ੀਆਂ ਦਾ ਸਦਾ ਲਈ ਮੂੰਹ ਮੋੜ ਦਿਤਾ। ਏਥੇ ਹੀ ਬਸ ਨਹੀਂ, ਪਿਛਲੀਆਂ ਦੋ ਵਿਸ਼ਵ ਜੰਗਾਂ ਨੇ ਕੇਸ ਦਾੜ੍ਹੀ ਅਤੇ ਪਗੜੀ ਦੀ ਯੂਨੀਫ਼ਾਰਮ ਵਾਲਿਆਂ ਦਾ ਬੋਲ ਬਾਲਾ ਸਾਰੇ ਸੰਸਾਰ ਵਿਚ ਕਰ ਦਿਤਾ ਹੈ। ਇਹ ਮੈਂ ਨਹੀਂ ਕਹਿੰਦਾ, ਬਲਕਿ ਉਹ ਸਾਰੇ ਅੰਗਰੇਜ਼ ਜਰਨੈਲ, ਜਿਨ੍ਹਾਂ ਦੀ ਕਮਾਨ ਹੇਠ ਦਾੜ੍ਹੀ ਤੇ ਪਗੜੀ ਵਾਲੇ ਸਿੰਘ ਯੂਰਪ, ਅਫ਼ਰੀਕਾ, ਮਿਡਲ ਈਸਟ ਤੇ ਬਰ੍ਹਮਾ ਆਦਿ ਦੇ ਮੁਹਾਜ਼ਾਂ 'ਤੇ ਦੁਸ਼ਮਣਾਂ ਨੂੰ ਦੋ ਹੱਥ ਵਿਖਾਉਂਦੇ ਰਹੇ, ਸਾਰੇ ਇਕ-ਜ਼ਬਾਨ ਇਹਨਾਂ ਦੀ ਵਡਿਆਈ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹਨਾਂ ਦੇ ਨਾਲ ਦੀ ਡੀਫ਼ੈਂਸ ਕਰਨੀ ਨਾ ਕੋਈ ਹੋਰ ਜਾਣਦਾ ਹੈ ਅਤੇ ਨਾ ਕਰ ਸਕਦਾ ਹੈ।

ਮੈਂ ਉਸ ਨੌਜਵਾਨ ਨੂੰ ਪੁਛਿਆ, "ਤੂੰ ਅੰਮ੍ਰਿਤਸਰ ਦਾ ਰਹਿਣ ਵਾਲਾ ਹੈਂ ਅਤੇ ਅੰਮ੍ਰਿਤਸਰ ਦਾ ਬਾਰਡਰ ਹੀ ਸੰਨ ੧੯੬੫ ਵਾਲੇ ਪਾਕਿਸਤਾਨੀ ਜੰਗ ਦਾ ਮੁਹਾਜ਼ ਸੀ, ਕੀ ਤੂੰ ਦੱਸ ਸਕਦਾ ਹੈਂ ਕਿ ਇਸ ਜੰਗ ਵਿਚ ਭਾਰਤ ਦੀ ਜਿੱਤ ਦਾ ਸਿਹਰਾ ਕਿਸ ਦੇ ਸਿਰ ਹੈ ਅਤੇ ਇਸ ਦੀ ਕਮਾਨ ਕੌਣ ਕਰਦਾ ਸੀ ?"

ਨੌਜਵਾਨ : ਹਾਂ ਜੀ, ਮੇਰਾ ਪਿੰਡ ਬਾਰਡਰ ਤੋਂ ਕੇਵਲ ਛੇ ਸਤ ਮੀਲ ਹੈ ਅਤੇ ਅਸੀਂ ਵੇਖਦੇ ਰਹੇ ਕਿ ਜਿਥੇ ਕਿਸੇ ਹੋਰ ਭਾਰਤੀ ਫ਼ੌਜ ਦੀ ਪੇਸ਼ ਨਾ ਜਾਂਦੀ ਤਾਂ ਸਿੱਖਾਂ ਨੂੰ ਅਗੇ ਭੇਜਿਆ ਜਾਂਦਾ ਸੀ। ਸਿੰਘ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਹੋਏ ਜਿਥੇ ਜਾ ਪੈਂਦੇ, ਸਫ਼ਾਈ ਕਰ ਦੇਂਦੇ। ਭਾਵੇਂ ਇਸ ਜੰਗ ਵਿਚ ਬਹੁਤ ਸਿੰਘ ਅਫ਼ਸਰ ਸ਼ਹੀਦ ਹੋਏ, ਪਰ ਇਨ੍ਹਾਂ ਕਿਸੇ ਸਮੇਂ ਭੀ ਕੰਡ ਨਹੀਂ ਵਿਖਾਈ, ਜਦੋਂ ਕਿ ਹੋਰ ਕਈ ਪ੍ਰਾਂਤਾਂ ਦੇ ਗ਼ੈਰ-ਸਿਖ ਫ਼ੌਜੀ ਨੱਸ ਨੱਸ ਕੇ ਜਾਨ ਬਚਾਉਂਦੇ ਵੇਖੇ ਗਏ। ਇਹ ਤਾਂ ਮੰਨਣਾ ਪਵੇਗਾ ਕਿ ਇਨ੍ਹਾਂ ਮੁਹਾਜ਼ਾਂ 'ਤੇ ਜਿਤ ਦਾ ਸੇਹਰਾ ਪੰਜਾਬੀ ਸਿੰਘਾਂ ਦੇ ਸਿਰ ਹੈ, ਜਰਨੈਲ ਭੀ ਸਿੰਘ ਹਰਬਖ਼ਸ਼ ਸਿੰਘ ਹੀ ਸੀ।

ਮੈਂ : ਕੀ ਪੰਜਾਬ ਵਿਚ ਸਿੰਘਾਂ ਤੋਂ ਬਿਨਾਂ ਹੋਰ ਕੌਮਾਂ ਭੀ ਆਬਾਦ ਹਨ ?

ਨੌਜਵਾਨ : ਹਾਂ ਜੀ, ਮੁਸਲਮਾਨ ਤੇ ਈਸਾਈ ਭੀ ਹਨ, ਪਰ ਲਗ ਪਗ ਅੱਧੀ ਆਬਾਦੀ ਹਿੰਦੂਆਂ ਦੀ ਹੈ।

ਮੈਂ : ਤਾਂ ਕੀ ਪੰਜਾਬੀ ਹਿੰਦੂ ਤੇ ਹੋਰ ਲੋਕਾਂ ਇਸ ਲੜਾਈ ਵਿਚ ਭਾਗ ਨਹੀਂ ਲਿਆ ?

ਨੌਜਵਾਨ : ਲਿਆ ਹੋਵੇਗਾ, ਮੈਨੂੰ ਪਤਾ ਨਹੀਂ, ਪਰ ਜਿੱਤ ਦਾ ਸੇਹਰਾ ਸਿੰਘਾਂ ਦੇ ਸਿਰ ਹੀ ਹੈ।

ਮੈਂ : ਭਲਾ, ਇਕ ਹੋਰ ਗੱਲ ਦਸੋਗੇ, ਪੰਜਾਬ ਦੇ ਸਭ ਵਸਨੀਕ ਹਿੰਦੂ, ਸਿਖ, ਮੁਸਲਮਾਨ ਇਕੋ ਥਾਂ ਰਹਿੰਦੇ ਤੇ ਇਕੋ ਕਿਸਮ ਦੀ ਖ਼ੁਰਾਕ ਖਾਂਦੇ ਹਨ ਜਾਂ ਵਖਰੀ ਵਖਰੀ ਕਿਸਮ ਦੀ ?

ਨੌਜਵਾਨ : ਇਕੋ ਥਾਂ ਵਸਣ ਵਾਲੇ ਲੋਕਾਂ ਦੀ ਖ਼ੁਰਾਕ ਅਡੋ-ਅੱਡ ਕਿਵੇਂ ਹੋ ਸਕਦੀ ਹੈ, ਸਾਰੇ ਪੰਜਾਬੀ ਕਣਕ ਦੀ ਰੋਟੀ ਖਾਂਦੇ ਹਨ, ਦੁਧ ਦਹੀਂ ਘਿਓ ਭੀ ਵਰਤਦੇ ਹਨ।

ਮੈਂ : ਤਾਂ ਕੀ ਵਜ੍ਹਾ ਹੈ ਕਿ ਇਕੋ ਕਿਸਮ ਦਾ ਖਾਣ-ਪੀਣ ਰਖਦੇ ਅਤੇ ਇਕੋ ਥਾਂ ਵਸਦੇ ਲੋਕਾਂ ਦੀ ਦਲੇਰੀ, ਬਹਾਦਰੀ ਤੇ ਜੰਗਜੂ ਸੁਭਾਅ ਹੋਣ ਵਿਚ ਏਨਾ ਫ਼ਰਕ ਹੈ ? ਸਿੰਘ ਹੋਰ ਲੋਕਾਂ ਨਾਲੋਂ ਜੰਗ ਦੇ ਮੁਹਾਜ਼ ਵਿਚ ਸਭ ਤੋਂ ਅੱਗੇ ਕਿਉਂ ਰਹਿੰਦਾ ਹੈ ? ਤੁਸੀਂ ਵਿਦਿਆਰਥੀ ਹੋ ਅਤੇ ਆਮ ਤੌਰ 'ਤੇ ਵਿਦਿਆਰਥੀ ਖੇਡਾਂ ਵਿਚ ਹਿੱਸਾ ਲੈਂਦੇ ਰਹਿੰਦੇ ਹਨ। ਤੁਹਾਡੇ ਸਰੀਰ ਤੋਂ ਮਾਲੂਮ ਹੁੰਦਾ ਹੈ, ਤੁਸੀਂ ਵੀ ਖਿਲਾੜੀ ਹੋਵੋਗੇ, ਤਾਂ ਤੁਹਾਨੂੰ ਪਤਾ ਹੋਵੇਗਾ ਕਿ ਭਾਰਤ ਦੇ ਖਿਲਾੜੀਆਂ ਦੀਆਂ ਜਿਤਨੀਆਂ ਟੀਮਾਂ ਦੇਸ਼ ਅੰਦਰ ਜਾਂ ਅੰਤਰ-ਰਾਸ਼ਟਰੀ ਖੇਡਾਂ ਵਿਚ ਭਾਗ ਲੈਣ ਜਾਂਦੀਆਂ ਹਨ, ਉਨ੍ਹਾਂ ਵਿਚ ਵੀ ਆਪਣੀ ਆਬਾਦੀ ਦੇ ਲਿਹਾਜ਼ ਸਿਖ ਬਹੁਤ ਜ਼ਿਆਦਾ ਹੁੰਦੇ ਹਨ ਅਤੇ ਉਥੇ ਵੀ ਸਿੱਖਾਂ ਦਾ ਥਾਂ ਹੋਰ ਖਿਲਾੜੀਆਂ ਤੋਂ ਅੱਗੇ ਹੀ ਹੁੰਦਾ ਹੈ, ਇਸ ਦਾ ਕੀ ਕਾਰਨ ਹੈ ? ਯੂਨੀਵਰਸਿਟੀ

ਦੇ ਇਮਤਿਹਾਨਾਂ ਦੇ ਨਤੀਜੇ ਭੀ ਦਸਦੇ ਹਨ ਕਿ ਆਪਣੀ ਅਬਾਦੀ ਅਨੁਸਾਰ ਸਿਖ ਦੂਜਿਆਂ ਤੋਂ ਇਸ ਬੰਨੇ ਭੀ ਪਿਛੇ ਨਹੀਂ। ਪਰਦੇਸਾਂ ਵਿਚ ਗਏ ਪੰਜਾਬੀਆਂ ਵਿਚ ਭੀ ਸਿੱਖਾਂ ਦਾ ਥਾਂ ਸਭ ਤੋਂ ਅਗੇ ਹੈ, ਬਲਕਿ ਪਰਦੇਸਾਂ ਵਿਚ ਸਿੱਖਾਂ ਨੂੰ ਹੀ ਅਸਲ ਪੰਜਾਬੀ ਕਿਹਾ ਜਾਂਦਾ ਹੈ, ਭਾਵੇਂ ਗ਼ੈਰ-ਸਿਖ ਪੰਜਾਬੀ ਭੀ ਕਾਫ਼ੀ ਮਾਤਰਾ ਵਿਚ ਪਰਦੇਸਾਂ ਵਿਚ ਗਏ ਹੋਏ ਹਨ। ਜਦੋਂ ਭਾਰਤ ਵਿਚ ਅੰਗਰੇਜ਼ ਦਾ ਰਾਜ ਸੀ ਤਾਂ ਭੀ ਪਰਦੇਸੀਂ ਜਾਣ ਦੀ ਪਰਪਾਟੀ ਸਿੱਖਾਂ ਨੇ ਹੀ ਪਾਈ ਸੀ ਅਤੇ ਕੈਨੇਡਾ ਅਮਰੀਕਾ ਵਰਗੇ ਦੁਰਾਡੇ ਦੇਸ਼ਾਂ ਵਿਚ ਜਾ ਕੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਗ਼ਦਰ ਲਹਿਰ ਭੀ ਸਿੱਖਾਂ ਨੇ ਹੀ ਚਲਾਈ ਅਤੇ ਭਾਰਤ ਦੀ ਓਸ ਸਮੇਂ ਦੀ ਤੀਹ ਕਰੋੜ ਦੀ ਘਣੀ ਅਬਾਦੀ ਵਿਚੋਂ ਕੇਵਲ ਚਾਲੀ ਪੰਜਾਹ ਲੱਖ ਸਿੱਖਾਂ ਵਿਚੋਂ ਹੀ ਬਾਬਾ ਗੁਰਦਿਤ ਸਿੰਘ ਤੇ ਉਸਦੇ ਕੁਝ ਸਾਥੀਆਂ ਨੇ ਕਾਮਾ-ਗਾਟਾ-ਮਾਰੂ ਜਹਾਜ਼ ਲੈ ਜਾਣ ਦੀ ਜੁਰੱਅਤ ਕੀਤੀ ਅਤੇ ਉਨ੍ਹਾਂ ਦੀ ਵਾਪਸੀ 'ਤੇ ਕਲਕੱਤਾ ਦੇ ਬਜ ਬਜ ਘਾਟ 'ਤੇ ਸਾਰੇ ਸਿਖ ਹੀ ਸ਼ਹੀਦ ਹੋਏ। ਫਿਰ ਜਦੋਂ ਲਾਹੌਰ ਸਾਜ਼ਸ਼ ਕੇਸ ਚਲੇ ਅਤੇ ਰਾਜ-ਵਿਦਰੋਹ ਦੇ ਇਲਜ਼ਾਮ ਹੇਠ ਕਈ ਦੇਸ਼-ਭਗਤ ਫਾਹੇ ਲਾਏ ਗਏ ਤਾਂ ਉਨ੍ਹਾਂ ਵਿਚ ਵੀ ਤਕਰੀਬਨ ਸਾਰੇ ਸਿਖ ਹੀ ਸਨ, ਜਿਨ੍ਹਾਂ ਹੱਸ ਹੱਸ ਕੇ ਫਾਂਸੀ ਦੀਆਂ ਰੱਸੀਆਂ ਗਲੇ ਪੁਆਈਆਂ। ਭਾਰਤ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ, ਕਾਲੇ ਪਾਣੀ ਜਾਣ ਅਤੇ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋਣ ਵਾਲੇ ਬਹੁਤੇ ਸਿਖ ਹੀ ਸਨ , ਭਾਵੇਂ ਭਾਰਤ ਵਿਚ ਉਸ ਸਮੇਂ ਇਨ੍ਹਾਂ ਦੀ ਆਬਾਦੀ ਡੇਢ ਫ਼ੀ ਸਦੀ ਭੀ ਨਹੀਂ ਸੀ। ਮੈਂ ਪੁਛਦਾ ਹਾਂ ਕਿ ਸਿੱਖਾਂ ਦੇ ਹਰ ਗੱਲ 'ਤੇ ਦੇਸ਼ ਦੀ ਹਰ ਸੇਵਾ ਵਿਚ ਸਭ ਤੋਂ ਮੂਹਰੇ ਰਹਿਣ ਦਾ ਕੀ ਕਾਰਨ ਹੈ ? ਕੀ ਹੋਰ ਲੋਕ ਉਸੇ ਦੇਸ਼ ਦੇ ਜੰਮ-ਪਲ ਨਹੀਂ ਤੇ ਓਹੋ ਖ਼ੁਰਾਕ ਨਹੀਂ ਖਾਂਦੇ ਜੋ ਸਿੱਖਾਂ ਨੂੰ ਮਿਲਦੀ ਹੈ ? ਤਾਂ ਕੀ ਵਜ੍ਹਾ ਹੈ ਕਿ ਸਿਖ ਦਾ ਥਾਂ ਹੋਰ ਸਾਰੇ ਧਰਮਾਂ ਦੇ ਲੋਕਾਂ ਤੋਂ ਉੱਚਾ ਤੇ ਨਿਆਰਾ ਹੈ ? ਕੀ ਤੁਸੀਂ ਮੈਨੂੰ ਇਸ ਦਾ ਜਵਾਬ ਦਿਉਗੇ ?

ਨੌਜਵਾਨ : ਤੁਹਾਡੀਆਂ ਸਾਰੀਆਂ ਗੱਲਾਂ ਸੱਚੀਆਂ ਹਨ, ਪਰ ਮੈਂ ਤਾਂ ਕੁਝ ਕਹਿਣ ਤੋਂ ਅਸਮਰਥ ਹਾਂ। ਆਪ ਹੀ ਮੈਨੂੰ ਸਮਝਾਓ ਕਿ ਸਿਖ ਦੀ ਹਰ ਬੰਨੇ ਅਜਿਹੀ ਵਡਿਆਈ ਦਾ ਕੀ ਕਾਰਨ ਹੈ ?

ਮੈਂ : ਮੇਰੇ ਵੀਰ, ਮਾਲੂਮ ਹੁੰਦਾ ਹੈ, ਤੂੰ ਇਤਿਹਾਸ ਦਾ ਵਿਦਿਆਰਥੀ ਨਹੀਂ, ਖ਼ਾਸ ਕਰਕੇ ਸਿਖ ਇਤਿਹਾਸ ਤੋਂ ਤੂੰ ਉੱਕਾ ਹੀ ਕੋਰਾ ਹੈਂ। ਇਹ ਕਹਾਣੀ ਤਾਂ ਬਹੁਤ ਲੰਬੀ ਹੈ। ਤੂੰ ਸੁਣੇਂਗਾ ਭੀ, ਜੇਕਰ ਮੈਂ ਸੰਖੇਪ ਜਿਹਾ ਕੁਝ ਦੱਸਾਂ ?

ਨੌਜਵਾਨ : ਜੀ ਮੈਨੂੰ ਬੜੀ ਦਿਲਚਸਪੀ ਹੈ ਇਹ ਗੱਲਾਂ ਜਾਣਨ ਵਿਚ, ਮੇਰੇ ਤਾਂ

ਧੰਨ ਭਾਗ ਹਨ ਜੋ ਤੁਸੀਂ ਅੱਜ ਮੈਨੂੰ ਮਿਲੇ ਹੋ। ਮੈਨੂੰ ਜ਼ਰੂਰ ਸਮਝਾਓ ਕਿ ਇਹ ਸਾਰਾ ਮਾਮਲਾ ਕਿੰਞ ਹੈ ?

ਮੈਂ : ਲਓ ਫਿਰ ਸੁਣੋ : ਇਸ ਗੱਲ ਦਾ ਥੋੜ੍ਹਾ ਜਿਹਾ ਪਿਛੋਕੜ ਦੱਸਣਾ ਜ਼ਰੂਰੀ ਹੈ ਤਾਕਿ ਤੁਹਾਨੂੰ ਸਾਰੀ ਗੱਲ ਸਮਝ ਪੈ ਜਾਵੇ। ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਅਤਿ ਬਿਖੜੇ ਕਾਂਡ ਵਿਚੋਂ ਲੰਘ ਰਿਹਾ ਸੀ। ਦੋ ਵਾਦ ਦੇਸ਼ 'ਤੇ ਛਾਏ ਹੋਏ ਸਨ—ਬ੍ਰਾਹਮਣਵਾਦ ਤੇ ਮੌਲਵੀਵਾਦ।

੧. ਬ੍ਰਾਹਮਣਵਾਦ ਕਈ ਸਦੀਆਂ ਪੁਰਾਣਾ ਸੀ ਅਤੇ ਇਸ ਦਾ ਜਾਲ ਏਨਾ ਸੰਘਣਾ ਤਣਿਆ ਹੋਇਆ ਸੀ ਅਤੇ ਦੇਸ਼ ਦੀ ਕਈ ਕਰੋੜ ਹਿੰਦੂ ਜਨਤਾ ਇਸ ਜਾਲ ਵਿਚ ਏਨੀ ਫਸੀ ਹੋਈ ਸੀ ਅਤੇ ਸਦੀਆਂ ਦੀ ਦੁਬੇਲ ਹੋਈ ਹੋਣ ਕਰਕੇ ਬ੍ਰਾਹਮਣਵਾਦ ਨੂੰ ਜਨਤਾ ਨੇ ਏਥੋਂ ਤਕ ਅਪਣਾਅ ਲਿਆ ਹੋਇਆ ਸੀ ਕਿ ਬ੍ਰਾਹਮਣਵਾਦ ਦੀ ਸੇਵਾ ਅਤੇ ਉਸ ਦਾ ਪਾਣੀ ਭਰਨਾ ਵੱਡੇ ਭਾਗਾਂ ਦੀ ਗੱਲ ਸਮਝੀ ਜਾਂਦੀ ਸੀ। ਮੈਂ ਕੁਝ ਮਿਸਾਲਾਂ ਦੇਂਦਾ ਹਾਂ, ਜਿਨ੍ਹਾਂ ਤੋਂ ਤੁਹਾਨੂੰ ਉਸ ਦਸ਼ਾ ਦੀ ਚੰਗੀ ਸਮਝ ਆ ਜਾਵੇਗੀ :

(ੳ) ਬ੍ਰਾਹਮਣ ਨੂੰ ਜਗਤ ਦਾ ਗੁਰੂ ਜਾਣ ਕੇ ਪੂਜਿਆ ਜਾਂਦਾ ਸੀ, ਬ੍ਰਾਹਮਣ ਨੂੰ ਘਰ ਵਿਚ ਲਿਆ ਕੇ ਰੋਟੀ ਖੁਆਏ ਬਿਨਾਂ ਰਸੋਈ ਪਾਕ ਨਹੀਂ ਹੋ ਸਕਦੀ ਸੀ, ਘਰ ਦੇ ਵਡੇਰੇ ਦੀ ਗਤੀ ਤਦੋਂ ਤਕ ਨਹੀਂ ਹੁੰਦੀ ਸੀ ਜਦ ਤਕ ਹਰ ਸਾਲ ਦਸ ਦਿਨ ਬ੍ਰਾਹਮਣ ਨੂੰ ਵਧੀਆ ਰਜਵਾਂ ਭੋਜਨ ਨਾ ਖੁਆਇਆ ਜਾਵੇ ਅਤੇ ਹਰ ਖਾਣੇ ਪਿਛੋਂ ਗਊ, ਘੋੜੀ, ਮੱਝ ਜਾਂ ਕੋਈ ਕੀਮਤੀ ਪਦਾਰਥ ਬਸਤਰ ਆਦਿ ਉਸ ਨੂੰ ਭੇਟ ਨਾ ਕੀਤੇ ਜਾਣ। ਹਰ ਕੰਮ ਕਰਨ ਲਗੇ ਜਾਂ ਘਰੋਂ ਬਾਹਰ ਪੈਰ ਧਰਨ ਤੇ ਸਫ਼ਰ ਜਾਣ ਸਮੇਂ ਬ੍ਰਾਹਮਣ ਪਾਸੋਂ ਸ਼ੁਭ ਮਹੂਰਤ ਪੁਛੇ ਬਿਨਾਂ ਕੰਮ ਦਾ ਰਾਸ ਹੋਣਾ ਸੰਭਵ ਨਹੀਂ ਸੀ, ਇਤਿਆਦੀ ਹੋਰ ਸਮਝ ਲੈਣਾ।

(ਅ) ਬ੍ਰਾਹਮਣ ਤੋਂ ਛੁਟ ਬਾਕੀ ਸਾਰੀ ਜਨਤਾ ਤਿੰਨ ਸ਼੍ਰੇਣੀਆਂ ਕਸ਼ੱਤਰੀ, ਵੈਸ਼ ਤੇ ਸ਼ੂਦਰ ਵਿਚ ਵੰਡੀ ਗਈ ਸੀ। ਕਸ਼ੱਤਰੀ ਦਾ ਕਰਮ ਬ੍ਰਾਹਮਣ ਅਤੇ ਗਊ ਦੀ ਰਖਿਆ ਕਰਨਾ ਅਤੇ ਜਦ ਕਦੀ ਭੀੜ ਸਉੜ ਆ ਬਣੇ ਤਾਂ ਬ੍ਰਾਹਮਣ ਅਤੇ ਦੇਸ਼ ਦੀ ਰਖਿਆ ਲਈ ਆਪਣੀ ਜਾਨ ਕੁਰਬਾਨ ਕਰਨਾ ਸੀ। ਬਾਕੀ ਦੋ ਸ਼੍ਰੇਣੀਆਂ ਵੈਸ਼ ਤੇ ਸ਼ੂਦਰ ਦੇਸ਼ ਵਿਚ ਅੰਨ ਉਪਜਾਉਣ ਅਤੇ ਬ੍ਰਾਹਮਣ ਦੀ ਅਗਿਆ ਵਿਚ ਉਸ ਦੀ ਸੇਵਾ ਲਈ ਸਨ।

(ੲ) ਸੰਸਕ੍ਰਿਤ ਦੇਵ-ਬਾਣੀ ਸੀ, ਇਸ ਵਿਚ ਹੀ ਸਾਰੇ ਧਰਮ ਗ੍ਰੰਥ ਲਿਖੇ ਜਾ ਸਕਦੇ ਸਨ। ਸੰਸਕ੍ਰਿਤ ਪੜ੍ਹਨ ਦਾ ਅਧਿਕਾਰ ਕੇਵਲ ਬ੍ਰਾਹਮਣ ਨੂੰ ਸੀ, ਹੋਰ ਕਿਸੇ ਸ਼੍ਰੇਣੀ ਦਾ ਕੋਈ ਆਦਮੀ ਦੇਵ-ਬਾਣੀ ਨਹੀਂ ਪੜ੍ਹ ਸਕਦਾ ਸੀ। ਨੀਚ

ਸ਼੍ਰੇਣੀਆਂ—ਸ਼ੂਦਰ, ਵੈਸ਼—ਦੇ ਕੰਨ ਵਿਚ ਵੇਦ ਮੰਤਰ ਦੀ ਆਵਾਜ਼ ਦਾ ਪੈ ਜਾਣਾ ਮਹਾਨ ਪਾਪ ਸੀ।

(ਸ) ਤੁਸੀਂ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਬੰਗਾਲ ਵਿਚ ਬ੍ਰਾਹਮਣਵਾਦ ਏਥੋਂ ਤਕ ਜ਼ੋਰ ਫੜ ਗਿਆ ਸੀ ਕਿ ਜਿਸ ਤਰ੍ਹਾਂ ਗਊਆਂ ਦੇ ਵਗ ਵਿਚ ਦੋ ਚਾਰ ਸਾਹਨ ਬੈਲ ਰਖੇ ਜਾਂਦੇ ਹਨ, ਬੰਗਾਲ ਵਿਚ ਔਲਾਦ ਪੈਦਾ ਕਰਨਾ ਭੀ ਬ੍ਰਾਹਮਣਾਂ ਦੇ ਹਿਸੇ ਆਇਆ ਸੀ ਤਾਕਿ ਬ੍ਰਾਹਮਣ ਦੇ ਵੀਰਜ ਤੋਂ ਹੀ ਬ੍ਰਹਮ ਔਲਾਦ ਪੈਦਾ ਹੋਏ ਅਤੇ ਅਣ-ਬ੍ਰਾਹਮਣ ਨੀਚ ਸੰਤਾਨ ਦਾ ਵਾਧਾ ਨਾ ਹੋਵੇ।

ਇਹ ਦੇਸ਼ ਉਤੇ ਛਾਏ ਬ੍ਰਾਹਮਣਵਾਦ ਦਾ ਸੰਖੇਪ ਦੇਗ ਵਿਚੋਂ ਦਾਣੇ ਮਾਫ਼ਕ ਮੈਂ ਦਸਿਆ ਹੈ। ਸਤਿਗੁਰੂ ਨਾਨਕ ਦੇਵ ਇਕ ਤੁਕ ਵਿਚ ਸਮੇਂ ਦੀ ਜਨਤਾ ਦੀ ਤਸਵੀਰ ਇਉਂ ਖਿਚਦੇ ਹਨ :

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥੨॥੧੧॥

(ਆਸਾ ਦੀ ਵਾਰ ਮ: ੧, ਪੰਨਾ ੪੬੯)

੨. ਮੌਲਵੀਵਾਦ—ਜਦੋਂ ਦੇਸ਼ ਤੇ ਮੁਲਾਣਿਆਂ ਦਾ ਬੋਲ ਬਾਲਾ ਹੋਇਆ ਤਾਂ ਹਿੰਦੂ ਮੰਦਰ ਢਾਹ ਕੇ ਉਹਨੀਂ ਥਾਈਂ ਮਸੀਤਾਂ ਬਣਾਈਆਂ ਗਈਆਂ, ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਕੀਤਾ ਗਿਆ ਜਾਂ ਕਤਲ ਕਰ ਦਿਤਾ ਗਿਆ, ਹਿੰਦੂ ਮੰਦਰਾਂ ਅਤੇ ਉਹਨਾਂ ਦੇ ਪੂਜਯ ਬੁਤਾਂ ਨੂੰ ਰੋਜ਼ਾਨਾ ਹਜ਼ਾਰਾਂ ਗਊਆਂ ਅਤੇ ਹਿੰਦੂਆਂ ਦੇ ਖ਼ੂਨ ਨਾਲ ਧੋਤਾ ਤੇ ਨੁਹਾਇਆ ਜਾਂਦਾ। ਹਿੰਦੂ ਹੋਣ 'ਤੇ ਵਿਸ਼ੇਸ਼ ਜਜ਼ੀਆ (ਟੈਕਸ) ਲਾਇਆ ਜਾਂਦਾ। ਹਿੰਦੂ ਜਨਤਾ ਦਾ ਬੇ-ਹਿਸਾਬ ਖ਼ੂਨ ਖ਼ਰਾਬਾ ਹੋਇਆ, ਪਰ ਬ੍ਰਾਹਮਣ, ਜੋ ਹਿੰਦੂ ਜਨਤਾ ਦਾ ਪੂਜਯ ਸੀ, ਨੇ ਆਪਣੇ ਬਚਾਉ ਲਈ ਜੋ ਕੁਝ ਕੀਤਾ, ਉਸਦਾ ਸੰਖੇਪ ਗੁਰੂ ਜੀ ਦੇ ਕਥਨ ਅਨੁਸਾਰ ਇਉਂ ਹੈ :

(ੳ) ਇਹ ਸਮੇਂ ਦੀ ਪਠਾਣ ਹਕੂਮਤ ਨਾਲ ਮਿਲ ਗਏ, ਹਾਕਮਾਂ ਵਾਂਗ ਨੀਲੇ ਕਪੜੇ ਪਹਿਨ ਲਏ, ਬਾਹਰ ਪਬਲਿਕ ਤੌਰ 'ਤੇ ਮੁਸਲਮਾਨੀ ਕਿਤਾਬਾਂ ਤੇ ਕੁਰਾਨ ਪੜ੍ਹਨੇ ਅਰੰਭ ਦਿੱਤੇ, ਘਰ ਆ ਕੇ ਚੋਰੀ ਗਾਇਤ੍ਰੀ-ਪਾਠ ਭੀ ਕਰਦੇ। ਉਨ੍ਹਾਂ ਪਾਸੋਂ ਹੀ ਕੁਹਾਇਆ ਹੋਇਆ ਮਾਸ ਲੈ ਕੇ ਖਾਣ ਲਗ ਗਏ, ਬਲਕਿ ਵਿਆਹ ਸ਼ਾਦੀ ਜਾਂ ਹੋਰ ਰਸਮਾਂ ਕਰਨ ਸਮੇਂ ਭੀ ਉਨ੍ਹਾਂ ਦੇ ਘਰਾਂ ਤੋਂ ਮਾਸ ਲਿਆ ਕੇ ਖ਼ੁਸ਼ੀਆਂ ਮਨਾਉਂਦੇ। ਦਾੜ੍ਹੀ ਤੇ ਬੋਦੀ ਦੀ ਜਗ੍ਹਾ ਸਿਰ ਦੇ ਵਾਲ ਭੀ ਉਨ੍ਹਾਂ ਵਾਂਗ ਰਖ ਲਏ, ਗੱਲ ਕੀ ਸਾਰੀ ਰਹਿਣੀ ਬਹਿਣੀ ਉਨ੍ਹਾਂ ਵਾਲੀ ਕਰ ਲਈ।

(ਅ) ਦੇਵ ਬਾਣੀ ਸੰਸਕ੍ਰਿਤ ਦੀ ਜਗ੍ਹਾ ਫ਼ਾਰਸੀ ਨੇ ਲੈ ਲਈ, ਅੰਦਰ ਵੜ ਕੇ ਵੇਦ ਬਾਣੀ ਪੜ੍ਹਦੇ, ਪਰ ਬਾਹਰ 'ਬੋਲੀ ਅਵਰ ਤੁਮਾਰੀ' ਹੋ ਗਈ।

(ੲ) ਹਾਕਮ ਸ਼੍ਰੇਣੀ ਆਮ ਤੌਰ 'ਤੇ ਐਸ਼-ਇਸ਼ਰਤ ਵਿਚ ਪੈ ਕੇ ਇਸਤ੍ਰੀਗਾਮੀ

ਹੋ ਜਾਇਆ ਕਰਦੀ ਹੈ, ਬ੍ਰਾਹਮਣ ਦੇਵਤਿਆਂ ਨੂੰ ਹਾਕਮਾਂ ਦੀ ਅਜਿਹੀ ਕਮਜ਼ੋਰੀ ਦੀ ਭੁਲ ਨਹੀਂ ਸੀ, ਇਨ੍ਹਾਂ ਖੁਲ੍ਹੇ ਤੌਰ 'ਤੇ ਆਪਣੀਆਂ ਬਹੂ-ਬੇਟੀਆਂ ਨੂੰ ਹਾਕਮਾਂ ਦੇ ਘਰੀਂ ਭੇਜਣਾ ਸ਼ੁਰੂ ਕਰ ਦਿਤਾ। ਗ਼ਰੀਬ ਜਨਤਾ ਦਾ ਤਾਂ ਕੀ ਕਹਿਣਾ ਹੋਇਆ, ਰਾਜਪੂਤੀ ਖ਼ੂਨ ਰਖਣ ਵਾਲੇ ਰਾਜ ਘਰਾਣਿਆਂ ਦੀਆਂ ਸੁੰਦਰੀਆਂ ਭੀ ਇਸ ਤੋਂ ਨਾ ਬਚ ਸਕੀਆਂ। ਧਨ ਤੇ ਜੁਆਨੀ ਨੂੰ ਛੁਪਾ ਰਖਣ ਦੀ ਕੋਈ ਥਾਂ ਨਾ ਰਹੀ, ਬਲਕਿ 'ਧਨ ਜੋਬਨ ਦੋਇ ਵੈਰੀ ਹੋਇ।' (੪੧੭)

(ਸ) ਜੇ ਕਿਸੇ ਦੇ ਸਵੈਮਾਨ ਨੇ ਉਸ ਨੂੰ ਟੁੰਬਿਆ ਅਤੇ ਜ਼ੁਲਮ ਦੇ ਉਲਟ ਕੋਈ ਉਭਾਸਰਿਆ ਤਾਂ ਉਸ ਨੂੰ ਤਲਵਾਰ ਦੇ ਘਾਟ ਉਤਾਰਿਆ ਗਿਆ।

(ਹ) ਅਜਿਹੇ ਘੋਰ ਸਮੇਂ ਭੀ ਬ੍ਰਾਹਮਣਾਂ ਨੇ ਆਪਣਾ ਪਿਤਾ-ਪੁਰਖੀ ਕਰਮ ਨਹੀਂ ਛਡਿਆ, ਅਰਥਾਤ, ਭਾਵੇਂ ਬਦੇਸ਼ੀ ਹਾਕਮਾਂ ਦੇ ਸਾਹਮਣੇ ਉਹ ਲੰਮੇ ਪੈ ਕੇ ਝਟ ਕਢਦੇ, ਪਰ ਗ਼ਰੀਬ ਹਿੰਦੂ ਜਨਤਾ 'ਤੇ ਉਨ੍ਹਾਂ ਦਾ ਦਬਦਬਾ ਤੇ ਉਨ੍ਹਾਂ ਦੀ ਪੂਜਾ ਪ੍ਰਤਿਸ਼ਠਾ ਪਹਿਲੇ ਵਾਂਗ ਹੀ ਬਣੀ ਰਹੀ ਅਤੇ ਗ਼ਰੀਬ ਜਨਤਾ ਹੁਣ ਇਕ ਬੰਨੇ ਹਾਕਮ ਦਾ ਪਾਣੀ ਭਰਦੀ ਤਾਂ ਦੂਜੇ ਬੰਨੇ ਬ੍ਰਾਹਮਣ ਦੇਵਤਾ ਨੂੰ ਭੀ ਖ਼ੁਸ਼ ਰਖਦੀ।

ਸੋ ਮੇਰੇ ਵੀਰ, ਇਹ ਸੀ ਦਸ਼ਾ ਭਾਰਤ ਦੀ, ਜਦੋਂ ਸਤਿਗੁਰੂ ਨਾਨਕ ਦੇਵ ਜੀ ਨੂੰ 'ਜਲਤੀ ਸਭ ਪ੍ਰਿਥਵੀ ਦਿਸਿ ਆਈ।'[1] ਅਜਿਹੀ ਭਿਆਨਕ ਦਸ਼ਾ ਨੂੰ ਤਕ ਆਪ ਅਤਿ ਪ੍ਰੇਸ਼ਾਨ ਸਨ ਅਤੇ ਆਪ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ :

'ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥੧॥੧੬॥

(ਸਲੋਕ ਮ: ੧, ਪੰਨਾ ੧੪੫)

ਆਪ ਨੂੰ ਦੇਸ਼ ਤੇ ਜਨਤਾ ਦੀ ਗਤੀ ਦਾ ਕੋਈ ਰਾਹ ਨਜ਼ਰ ਨਹੀਂ ਸੀ ਪੈਂਦਾ, ਪਰ ਆਪ ਨੇ ਲੱਕ ਬੰਨ੍ਹਿਆ ਅਤੇ ਦਸਾਂ ਜਾਮਿਆਂ ਅੰਦਰ ਦੋ ਸੌ ਸਾਲ ਤੋਂ ਉਪਰ ਸਮਾਂ ਲਗਾ ਕੇ ਉਹ ਕੁਝ ਕੀਤਾ, ਜਿਸ ਦੀ ਮਿਸਾਲ ਸੰਸਾਰ 'ਤੇ ਨਹੀਂ ਮਿਲਦੀ। ਆਪ ਦੇ ਸਾਹਮਣੇ ਕਿੰਨੇ ਮਹਾਨ ਕੰਮ ਸਨ—(i) ਬ੍ਰਾਹਮਣਵਾਦ ਦੇ ਜਨਤਾ ਉਤੇ ਤਣੇ ਸੰਘਣੇ ਜਾਲ ਨੂੰ ਛਿਦਾ ਕਰਨਾ ਅਤੇ ਤੋੜ ਸੁਟਣਾ, (ii) ਪਠਾਣੀ ਮੁਗ਼ਲੀ ਜਾਬਰ ਹਕੂਮਤ ਜੋ ਹਿਮਾਲਾ ਦੀਆਂ ਚੋਟੀਆਂ ਤੋਂ ਦੱਖਣ ਅਤੇ ਪੂਰਬ ਵਿਚ ਬੰਗਾਲ ਆਸਾਮ ਤਕ ਇਕ ਸਾਰ ਛਾਈ ਹੋਈ ਸੀ ਅਤੇ ਜਿਨ੍ਹਾਂ ਦੇ ਹੇੜਾਂ ਦੇ ਹੇੜ ਅਜੇ ਭੀ ਪੱਛਮ ਤੋਂ ਹੜੇ ਦਰਿਆ ਵਾਂਗੂ ਚਲੇ ਆ ਰਹੇ ਸਨ, ਨੂੰ ਠੱਲ੍ਹ ਪਾਉਣੀ, ਅਤੇ (iii) ਭਾਰਤ ਦੀ ਕਰੋੜਾਂ ਜਨਤਾ, ਜੋ ਬ੍ਰਾਹਮਣਵਾਦ

---

੧. ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੪

ਤੇ ਮੌਲਵੀਵਾਦ ਦੇ ਭਾਰ ਥਲੇ ਦੱਬੀ ਜਾ ਚੁਕੀ ਸੀ, ਨੂੰ ਉਠਾ ਕੇ ਦੋਹਾਂ ਵਾਦਾਂ ਨਾਲ ਟਕਰਾ ਦੇਣਾ ਅਤੇ ਅਜਿਹੀ ਫ਼ਤਹ ਦਿਵਾਉਣੀ ਕਿ ਇਹ ਵਾਦ ਮੁੜ ਕੇ ਜਿਨ੍ਹਾਂ ਨੂੰ ਦਬਾ ਨਾ ਸਕਣ।

ਮੇਰੀਆਂ ਗੱਲਾਂ ਸੁਣ ਕੇ ਉਹ ਅੰਮ੍ਰਿਤਸਰੀ ਨੌਜਵਾਨ ਮੇਰੇ ਸਾਹਮਣੇ ਮੂਰਤ ਬਣਿਆ ਬੈਠਾ ਸੀ ਅਤੇ ਮੈਨੂੰ ਐਉਂ ਮਾਲੂਮ ਹੁੰਦਾ ਸੀ ਕਿ ਆਪਣੇ ਅੰਦਰ ਹੀ ਅੰਦਰ ਸੋਚਦਾ ਤੇ ਹੈਰਾਨ ਹੋਇਆ ਬੈਠਾ ਸੀ ਤੇ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਕਹਿ ਰਿਹਾ ਸੀ, ਜਿਸ ਗੁਰੂ ਨਾਨਕ ਨੇ ਏਡੇ ਵੱਡੇ ਹਿਮਾਲੇ ਪਹਾੜ ਨਾਲ ਟੱਕਰ ਲੈਣੋ ਸੰਕੋਚ ਨਹੀਂ ਕੀਤਾ ਅਤੇ ਉਹ ਕੁਝ ਕਰ ਵਿਖਾਇਆ ਜਿਸ ਦੀ ਮਿਸਾਲ ਨਹੀਂ ਮਿਲਦੀ। ਮੈਂ ਉਸ ਨੌਜਵਾਨ ਦੇ ਚਿਹਰੇ ਨੂੰ ਪੜ੍ਹ ਰਿਹਾ ਸੀ, ਪਰ ਮੈਂ ਕਹੀ ਗਿਆ—ਮੇਰੇ ਵੀਰ, ਕੀ ਤੂੰ ਸਮਝਦਾ ਹੈਂ ਮੇਰੇ ਗੁਰੂ ਨੇ ਕੀ ਕੀਤਾ ਅਤੇ ਉਹ ਮਹਾਨ ਇਨਕਲਾਬ ਜੋ ਦੇਸ਼ ਵਿਚ ਆਇਆ, ਉਸ ਦੇ ਲਿਆਉਣ ਲਈ ਮੇਰੇ ਸਤਿਗੁਰੂ ਨੂੰ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ?

ਸਤਿਗੁਰੂ ਨੇ ਜਨਤਾ ਦੇ ਰੋਗ ਦੀ ਜੋ ਤਸ਼ਖ਼ੀਸ ਕੀਤੀ ਅਤੇ ਇਸ ਦਾ ਜੋ ਦਾਰੂ ਲਭਿਆ ਉਹ ਇਉਂ ਸੀ :

(ੳ) ਜਨਤਾ ਅਧਿਆਤਮਕ ਅਤੇ ਇਖ਼ਲਾਕੀ ਤੌਰ 'ਤੇ (spiritually and morally) ਅਤਿ ਕਮਜ਼ੋਰ ਹੋ ਚੁਕੀ ਸੀ, ਉਹਨਾਂ ਦੇ ਅੰਦਰ ਇਹ ਅਹਿਸਾਸ ਨਹੀਂ ਰਿਹਾ ਸੀ ਕਿ ਦੁਨਿਆਵੀ ਤਾਕਤਾਂ ਤੋਂ ਬਹੁਤ ਵੱਡੀ ਅਤੇ ਮਹਾਨ ਤਾਕਤ ਭੀ ਕੋਈ ਹੈ, ਜਿਸ ਉਪਰ ਯਕੀਨ ਲਿਆਉਣ ਤੇ ਭਰੋਸਾ ਕਰਨ ਨਾਲ ਮਨੁੱਖ ਦੀ ਅੰਦਰਲੀ ਸ਼ਕਤੀ ਬਲਵਾਨ ਹੁੰਦੀ ਹੈ। ਉਹ ਬਲਵਾਨ ਤੇ ਸਰਬ ਸਮਰੱਥ ਹੋਣ ਤੋਂ ਇਲਾਵਾ ਸਰਬ ਨੇਕੀਆਂ ਦਾ ਸਮੂਹ ਭੀ ਹੈ। ਉਸ ਨੂੰ ਵਾਰ ਵਾਰ ਚਿਤਾਰਨ ਨਾਲ ਮੁਨੱਖੀ ਆਤਮਾ ਸ਼ਕਤੀਸ਼ਾਲੀ ਹੁੰਦੀ ਹੈ ਅਤੇ ਆਚਰਨਕ ਤੌਰ 'ਤੇ ਉਪਰ ਉਠਦੀ ਹੈ।

(ਅ) ਆਤਮਾ ਅਮਰ ਹੈ, ਸਰੀਰ ਆਉਂਦਾ ਜਾਂਦਾ ਹੈ, ਪਰ ਆਤਮਾ ਕਦੀ ਮਰਦੀ ਨਹੀਂ, ਇਸ ਲਈ ਮੌਤ ਦਾ ਭੈ ਮੰਨਣ ਦੀ ਲੋੜ ਨਹੀਂ। ਜੋ ਮਨੁੱਖ ਕਿਸੇ ਚੰਗੇ ਤੇ ਪ੍ਰਵਾਣਿਤ ਉਦੇਸ ਨੂੰ ਸਫਲ ਬਣਾਉਣ ਲਈ ਆਪਣਾ ਸਰੀਰ ਲਾ ਦੇਂਦੇ ਹਨ ਉਹਨਾਂ ਦਾ ਮਰਨਾ ਭੀ ਪ੍ਰਵਾਨ ਚੜ੍ਹਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਕਿਹਾ :

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥੩॥

ਅਤੇ **ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥੨॥**

(ਵਡਹੰਸੁ ਮ: ੧, ਪੰਨਾ ੫੭੯-੮੦)

(ੲ) ਕਿਸੇ ਮਨੁੱਖ ਨੂੰ ਇਕੱਲਿਆਂ ਸੰਸਾਰ 'ਤੇ ਨਹੀਂ ਭੇਜਿਆ ਗਿਆ। ਉਸ ਜੈਸੇ ਅਨੇਕ ਹੋਰ ਮਨੁੱਖ ਭੀ ਉਸ ਵਾਂਗੂੰ ਹੀ ਸੰਸਾਰ 'ਤੇ ਆਏ ਹਨ। ਇਹ ਸਾਰੇ ਲੋਕ ਇਕੋ-ਇਕ ਸਿਰਜਨਹਾਰ ਦੇ ਸਾਜੇ ਤੇ ਭੇਜੇ ਹੋਏ ਏਥੇ ਆਏ ਹਨ। ਇਹਨਾਂ ਦੀ ਆਪੋ ਵਿਚ ਭਰਾਵਾਂ ਵਾਲੀ ਸਾਂਝ ਹੈ। ਇਸ ਸਾਂਝ ਨੂੰ ਕਾਇਮ ਰਖਣਾ ਹਰ ਮਨੁੱਖ ਦਾ ਧਰਮ ਹੈ। ਇਸ ਲਈ ਕਿ ਮਨੁੱਖ ਦਾ ਮਨੁੱਖ ਨਾਲ ਪਿਆਰ ਹੋਵੇ। ਸਤਿਗੁਰੂ ਜੀ ਨੇ ਸੰਗਤ ਤੇ ਪੰਗਤ ਦੀ ਪ੍ਰਥਾ ਚਲਾਈ ਅਤੇ ਸਾਰੇ ਮਨੁੱਖਾਂ ਨੂੰ, ਭਾਵੇਂ ਉਹ ਬ੍ਰਾਹਮਣ ਹੈ ਜਾਂ ਮੌਲਵੀ, ਅਮੀਰ ਹੈ ਜਾਂ ਗ਼ਰੀਬ, ਦੇਸ਼-ਵਾਸੀ ਹੈ ਜਾਂ ਪਰਦੇਸੀ, ਇਕੋ ਸੰਗਤ ਵਿਚ ਰਲ ਬੈਠਣ ਅਤੇ ਪੰਗਤ ਵਿਚ ਰਲ ਖਾਣ ਦਾ ਰਾਹ ਦਸਿਆ।

(ਸ) ਸਤਿਗੁਰੂ ਜੀ ਨੇ ਵੇਖਿਆ ਕਿ ਧਨ ਧਾਮ ਤੇ ਸੁੰਦਰਤਾ ਹੀ ਸੰਸਾਰ ਵਿਚ ਵਿਖੇਪਤਾ ਦਾ ਕਾਰਨ ਹਨ ਅਤੇ ਸਾਰੇ ਵੈਰ ਵਿਰੋਧਾਂ ਦਾ ਮੁਢ ਇਹੋ ਚੀਜ਼ਾਂ ਹਨ। ਗੁਰੂ ਜੀ ਨੇ ਇਹਨਾਂ ਬਾਰੇ ਇਕੋ ਹੀ ਸਿੱਧਾ ਸਾਦਾ ਅਸੂਲ ਅਪਣਾਇਆ ਅਤੇ ਕਿਹਾ ਕਿ ਜੇਕਰ ਹਰ ਕੋਈ ਆਪਣਾ ਹੱਕ ਪਛਾਣੇ ਅਤੇ ਦੂਜੇ ਦੇ ਹੱਕ ਵੱਲ ਹੱਥ ਲਾ ਵਧਾਏ ਤਾਂ ਕੋਈ ਝਗੜਾ ਨਹੀਂ ਰਹੇਗਾ—'ਪਰ ਧਨ ਪਰ ਦਾਰਾ ਪਰਹਰੀ' (੧੧੯੩)। ਇਸ ਨੁਕਤੇ 'ਤੇ ਸਤਿਗੁਰੂ ਏਨੇ ਦ੍ਰਿੜ੍ਹ ਸਨ ਕਿ ਇਤਿਹਾਸ ਵਿਚ ਲਿਖਿਆ ਹੈ ਕਿ ਇਕ ਵਾਰ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਿਨੈ ਕੀਤੀ, ਸੱਚੇ ਪਾਤਸ਼ਾਹ, ਮੁਸਲਮਾਨ ਹਾਕਮ ਅਤੇ ਪਰਦੇਸ ਤੋਂ ਆਏ ਹਮਲਾਵਰ ਸਾਡੇ ਦੇਸ਼ ਦੀਆਂ ਬਹੂ-ਬੇਟੀਆਂ ਉਠਾ ਲੈ ਜਾਂਦੇ ਹਨ। ਉਹ ਦੇਸ਼ ਦੇ ਵੈਰੀ ਹਨ। ਜੇਕਰ ਅਸੀਂ ਆਪਣੇ ਵੈਰੀਆਂ ਦੀਆਂ ਬਹੂ-ਬੇਟੀਆਂ ਉਠਾ ਲਿਆਇਆ ਕਰੀਏ ਤਾਂ ਉਹਨਾਂ ਨੂੰ ਭੀ ਇਸ ਦਾ ਦੁਖ ਹੋਵੇ ਅਤੇ ਉਹ ਅਗੋਂ ਲਈ ਇਉਂ ਨਾ ਕਰਨ।' ਗੁਰੂ ਜੀ ਨੇ ਉੱਤਰ ਵਿਚ ਕਿਹਾ ਕਿ ਮੈਂ ਆਪਣੇ ਸਿੱਖਾਂ ਨੂੰ ਏਨਾ ਨੀਵਾਂ ਡਿਗਦਾ ਨਹੀਂ ਵੇਖ ਸਕਦਾ। ਔਰਤ ਭਾਵੇਂ ਦੁਸ਼ਮਣ ਦੀ ਭੀ ਕਿਉਂ ਨਾ ਹੋਵੇ, ਉਸ ਨੂੰ ਖੋਹ ਲਿਆਉਣਾ ਮੇਰੇ ਸਿਖ ਦਾ ਕਰਮ ਨਹੀਂ। ਸਿਖ ਦੇ ਇਸ ਆਚਰਨਕ ਨੁਕਤੇ ਦਾ ਜ਼ਿਕਰ ਕਰਦਾ ਹੋਇਆ ਕਾਜ਼ੀ ਨੂਰ ਮੁਹੰਮਦ, ਜੋ ਸਿੱਖਾਂ ਦਾ ਕੱਟੜ ਦੁਸ਼ਮਣ ਸੀ ਤੇ ਸਿੱਖਾਂ ਨੂੰ ਸਗ (ਕੁੱਤੇ) ਲਿਖਦਾ ਹੈ, ਕਹਿੰਦਾ ਹੈ, "ਇਨ੍ਹਾਂ ਕੁੱਤਿਆਂ ਵਿਚ ਜ਼ਨਾਹਕਾਰੀ ਤਾਂ ਨਾਮ ਨੂੰ ਭੀ ਨਹੀਂ ਹੈ।"

(ਹ) ਗੁਰੂ ਜੀ ਦਾ ਨਿਸ਼ਚਾ ਸੀ ਕਿ ਵਾਹਿਗੁਰੂ ਤੋਂ ਹੇਠਾਂ ਜਮਾਤ ਸਭ ਤੋਂ ਵੱਡੀ ਕਰਾਮਾਤ ਹੈ। ਇਕੱਲਾ ਮਨੁੱਖ ਭਾਵੇਂ ਕਿਤਨਾ ਭੀ ਚਾਤਰ ਤੇ ਵੱਡਾ ਕਿਉਂ ਨਾ ਹੋਵੇ, ਕੋਈ ਕਾਰਜ-ਸਿੱਧੀ ਪ੍ਰਾਪਤ ਨਹੀਂ ਕਰ ਸਕਦਾ। ਗੁਰੂ ਜੀ ਦਾ ਨਜ਼ਰੀਆ ਮੁਰਦਾਰ ਹੋ ਚੁਕੀ ਜਨਤਾ ਨੂੰ ਬ੍ਰਾਹਮਣ ਅਤੇ ਮੌਲਵੀਵਾਦ ਦੇ ਮਜ਼ਬੂਤ ਪੰਜੇ ਵਿਚੋਂ ਸੁਰਜੀਤ ਕਰਨਾ ਸੀ। ਐਸਾ ਕਰ ਸਕਣ ਦੀ ਸਮਰੱਥਾ ਵਾਹਿਗੁਰੂ ਤੋਂ ਉਰੇ ਜਮਾਤ ਨੂੰ ਸੀ। ਜਿਸ ਜਮਾਤ ਦੀ ਰੂਪ-ਰੇਖਾ ਸਤਿਗੁਰਾਂ ਨੇ ਉਲੀਕੀ, ਉਹ ਰੂਪ-ਰੇਖਾ

ਖ਼ਾਲਸਾ ਸੀ। ਵਖਰੀ ਰੂਪ-ਰੇਖਾ ਤੇ ਵਖਰੇ ਸੰਗਠਨ ਤੋਂ ਬਿਨਾਂ ਬ੍ਰਾਹਮਣਵਾਦ ਤੇ ਮੌਲਵੀਵਾਦ ਨਾਲ ਟੱਕਰ ਨਹੀਂ ਲਈ ਜਾ ਸਕਦੀ ਸੀ, ਬਲਕਿ ਡਰ ਸੀ ਕਿ ਇਹ ਦੋਵੇਂ ਵਾਦ ਸਮਾਂ ਪਾ ਕੇ ਇਸ ਨੂੰ ਹੜੱਪ ਕਰ ਜਾਣਗੇ।

ਮੇਰੇ ਵੀਰ, ਤੂੰ ਕਹੇਂਗਾ ਕਿ ਜਨਤਾ ਦੀ ਕਿਸੇ ਲਹਿਰ ਨੂੰ ਕੋਈ ਹੜੱਪ ਕਿਵੇਂ ਕਰ ਸਕਦਾ ਹੈ। ਮੈਂ ਤੈਨੂੰ ਇਤਿਹਾਸਕ ਸਚਾਈ ਦੀ ਮਿਸਾਲ ਦੇ ਕੇ ਸਮਝਾਉਂਦਾ ਹਾਂ, ਜਿਸ ਤੋਂ ਇਹ ਭੀ ਤੈਨੂੰ ਪਤਾ ਲਗ ਜਾਵੇਗਾ ਕਿ ਬ੍ਰਾਹਮਣਵਾਦ ਦੀਆਂ ਜੜ੍ਹਾਂ ਕਿਤਨੀਆਂ ਡੂੰਘੀਆਂ ਗਈਆਂ ਹੋਈਆਂ ਹਨ। ਕਰੀਬਨ ਦੋ ਹਜ਼ਾਰ ਬਰਸ ਹੋਏ, ਬ੍ਰਾਹਮਣ ਨੇ ਕੁਝ ਕਮਜ਼ੋਰੀ ਖਾਧੀ ਅਤੇ ਭਾਰਤ ਵਿਚ ਮਹਾਤਮਾ ਬੁਧ ਦਾ ਬੋਲ-ਬਾਲਾ ਹੋ ਗਿਆ। ਅਸ਼ੋਕ ਵਰਗਾ ਪ੍ਰਤਾਪੀ ਰਾਜਾ, ਜਿਸਦਾ ਰਾਜ ਸਾਰੇ ਭਾਰਤ 'ਤੇ ਛਾਇਆ ਹੋਇਆ ਸੀ, ਬੋਧੀ ਹੋ ਗਿਆ ਅਤੇ ਉਸ ਨੇ ਦੇਸ਼ ਭਰ ਵਿਚ ਬੁਧ ਮੱਤ ਦਾ ਡੰਕਾ ਵਜਾ ਦਿਤਾ। ਬ੍ਰਾਹਮਣਵਾਦ, ਜਿਸ ਦੀਆਂ ਜੜ੍ਹਾਂ ਹਿੰਦ ਮਹਾਂ ਸਾਗਰ ਤੋਂ ਡੂੰਘੀਆਂ ਲਗੀਆਂ ਹੋਈਆਂ ਸਨ, ਵੀ ਕੁਝ ਕਾਲ ਬੁਧ ਦੇ ਪ੍ਰਭਾਵ ਹੇਠ ਦੱਬ ਗਿਆ। ਪਰ ਬਹੁਤਾ ਕਾਲ ਨਹੀਂ ਸੀ ਬੀਤਿਆ ਕਿ ਬ੍ਰਾਹਮਣ-ਵਾਦ ਨੇ ਐਸਾ ਪਲਸੇਟਾ ਮਾਰਿਆ ਕਿ ਬੁਧ ਮੱਤ ਨੂੰ ਦੇਸ਼-ਨਿਕਾਲਾ ਲੈਂਦਿਆਂ ਵਾਰ ਨਾ ਲਗਾ। ਡਾਕਟਰ ਰਾਧਾ ਕ੍ਰਿਸ਼ਨਨ ਜੈਸਾ ਵਿਦਵਾਨ ਲਿਖਦਾ ਹੈ:

> "It is said, not without truth that Brahmanism killed Budhism by a fraternal embrace." ਅਰਥਾਤ "ਕਹਿੰਦੇ ਹਨ ਤੇ ਇਹ ਹੈ ਵੀ ਸੱਚ, ਕਿ ਬ੍ਰਾਹਮਣਵਾਦ ਨੇ ਬੁਧ ਮੱਤ ਨੂੰ ਬਾਪੂ ਵਾਲੀ ਗਲਵਕੜੀ ਵਿਚ ਲੈ ਕੇ ਉਹਦਾ ਗਲਾ ਘੁਟ ਦਿਤਾ।"

ਉਸ ਤੋਂ ਪਿਛੋਂ ਬ੍ਰਾਹਮਣਵਾਦ ਮੁੜ ਆਪਣੇ ਸਿਖਰ 'ਤੇ ਆਇਆ ਅਤੇ ਤੀਜੀ ਤੋਂ ਦਸਵੀਂ ਸਦੀ ਤਕ ਇਹਨਾਂ ਨੇ ਆਪਣੀਆਂ ਚੰਮ ਦੀਆਂ ਚਲਾਈਆਂ। ਇਸ ਤੋਂ ਮਗਰੋਂ ਸਤ ਸੌ ਸਾਲ ਮੁਸਲਮਾਨੀ ਅਤੇ ਦੋ ਸੌ ਸਾਲ ਅੰਗਰੇਜ਼ ਸਾਮਰਾਜ ਦੇ ਨੀਚੇ ਬ੍ਰਾਂਹਮਵਾਦ ਸੁਲਘਦਾ ਰਿਹਾ। ਹੁਣ ਵੀਹਵੀਂ ਸਦੀ ਵਿਚ ਅੰਗਰੇਜ਼ ਵਲੋਂ ਮੁਸਲਮਾਨਾਂ ਨੂੰ ਵਖਰਾ ਦੇਸ਼ 'ਪਾਕਿਸਤਾਨ' ਦਿਤੇ ਜਾਣ ਪਿਛੋਂ ਬ੍ਰਾਹਮਣਵਾਦ ਨੇ ਮੁੜ ਸਿਰ ਪਟਿਆ ਹੈ। ਉਹ ਚਾਹੁੰਦੇ ਹਨ ਕਿ ਇਕ ਵਾਰ ਮੁੜ ਚੰਦਰਗੁਪਤਾ ਅਤੇ ਹਰਸ਼ ਦਾ ਸਮਾਂ ਭਾਰਤ 'ਤੇ ਲਿਆਂਦਾ ਜਾਏ, ਜਿਸ ਲਈ ਇਹਨਾਂ ਇਕ ਦੇਸ਼, ਇਕ ਧਰਮ ਤੇ ਭਾਸ਼ਾ—'ਹਿੰਦੁਸਤਾਨ, ਹਿੰਦੀ ਤੇ ਹਿੰਦੂ' ਦਾ ਨਾਅਰਾ ਲਾਇਆ ਹੈ ਅਤੇ ਪਿਛਲੇ ਤੀਹ ਸਾਲ ਦੇ ਆਜ਼ਾਦ ਭਾਰਤ ਵਿਚ ਜੋ ਵਰਤਿਆ, ਸਭ ਦੇ ਸਾਹਮਣੇ ਹੈ। ਹਿੰਦੂ ਮਹਾਂ ਸਭਾ ਦੀ ਮਾਡਰੇਟ ਹਿੰਦੂ ਨੀਤੀ ਨੂੰ ਤੇਜ਼ ਕਰਨ ਲਈ ਜਨਸੰਘ ਹੋਂਦ ਵਿਚ ਆਇਆ, ਪਰ ਇਸ ਦੀ ਸ਼ਾਇਦ ਨਰਮ ਮਿਲਵਰਤਣ ਚਾਲ ਤੋਂ ਖੁਣਸ

ਖਾ ਕੇ ਪੰਜਾਬ ਵਿਚ 'ਸੁਤੰਤਰ ਜਨ ਸੰਘ' ਦੀ ਸਥਾਪਨਾ ਕੀਤੀ ਗਈ, ਜਿਸ ਨੇ ਜੰਮਦਿਆਂ ਹੀ ਪਹਿਲਾ ਨਾਅਰਾ 'ਹਿੰਦੀ, ਹਿੰਦੂ ਹਿੰਦੁਸਤਾਨ' ਦੁਹਰਾਇਆ ਹੈ ਅਤੇ ਉਹ ਚਾਹੁੰਦੇ ਹਨ ਕਿ ਮਾੜੀ ਮੋਟੀ ਰੜਕ ਜੋ ਦੇਸ਼, ਖ਼ਾਸ ਕਰ ਪੰਜਾਬ ਵਿਚ ਰਹਿੰਦੀ ਹੈ, ਉਸ ਨੂੰ ਰਗੜ ਕੇ ਸਾਫ਼ ਪਧਰਾ ਕਰ ਦਿਤਾ ਜਾਏ। ਉਹ ਰੜਕ ਸਿਖ ਦੀ ਹੈ, ਜਿਸਦਾ ਰੂਪ ਰੰਗ, ਸ਼ਕਲ ਅਕਲ. ਰਹਿਣੀ ਬਹਿਣੀ, ਪਾਠ ਪੂਜਾ, ਵਰਤਣ ਵਿਹਾਰ ਇਨ੍ਹਾਂ ਨਾਲੋਂ ਨਿਆਰੇ ਹਨ ਅਤੇ ਸਿਖ ਜੀਊਂਦੇ ਜਾਗਦੇ ਲੋਕ ਹੋਣ ਕਰਕੇ ਇਹ ਉਹਨਾਂ ਨੂੰ ਰੜਕਦੇ ਹਨ। ਸੋ ਜੋ ਹਥਿਆਰ ਇਨ੍ਹਾਂ ਬੁਧ ਮੱਤ ਨੂੰ ਮਾਤ ਪਾ ਦੇਣ ਲਈ ਵਰਤੇ ਸਨ ਉਹ ਸਿਖ 'ਤੇ ਵਰਤਣੇ ਅਰੰਭੇ ਹਨ। ਸਿੱਖਾਂ ਵਾਂਗ ਵੇਦ-ਬਾਣੀ ਦੇ ਅਖੰਡ ਪਾਠ, ਸਿਖਾਂ ਵਾਂਗ ਜਮਾਤੀ ਭਜਨ ਸੰਗੀਤ, ਉਹਨਾਂ ਵਾਂਗ ਹੀ ਅਰਦਾਸ ਤੇ 'ਸਤਿ ਸ੍ਰੀ ਅਕਾਲ' ਦੀ ਥਾਂ ਨਾਅਰਾ 'ਬਜਰੰਗੀ' ਚਾਲੂ ਕਰ ਲਏ ਹਨ, ਪਰ ਸਭ ਤੋਂ ਵਧ ਸਿਖ ਸ਼ਕਲ ਨੂੰ ਵਿਗਾੜ ਕੇ ਆਪਣੇ ਜੈਸਾ ਬਣਾ ਲੈਣ ਦਾ ਯਤਨ ਕੀਤਾ ਹੈ, ਕਿਉਂਕਿ ਸਿਖ ਦੇ ਨਿਆਰੇਪਣ ਦਾ ਜ਼ਾਹਿਰਾ ਰੂਪ ਉਸ ਦੀ ਸ਼ਕਲ ਹੈ, ਜੋ ਵਿਗਾੜ ਦਿਤੀ ਜਾਏ ਤਾਂ ਬਾਕੀ ਗੱਲਾਂ ਨੂੰ ਸਹਿਜੇ ਸਹਿਜੇ ਮਿਟਾਇਆ ਜਾ ਸਕਦਾ ਹੈ। ਉਹਨਾਂ ਦਾ ਪਹਿਲਾ ਵਾਰ ਸਿਖ ਦੀ ਦਾੜ੍ਹੀ ਪਰ ਹੈ, ਉਸ ਤੋਂ ਪਿਛੋਂ ਸਿਰ ਦੇ ਕੇਸ ਅਤੇ ਪਗੜੀ, ਜਦ ਇਹ ਨਾ ਰਹੇ ਤਾਂ ਜਿਥੋਂ ਤਕ ਸਿਖ ਹੁਲੀਏ ਦਾ ਸੰਬੰਧ ਹੈ, ਸਿੱਖੀ ਦਾ ਭੋਗ ਪੈ ਹੀ ਜਾਵੇਗਾ। ਇਸ ਤੋਂ ਅਗਲੀ ਗੱਲ ਜਿਸ ਵੱਲ ਵੱਡੀ ਤੇਜ਼ੀ ਨਾਲ ਬ੍ਰਾਹਮਣੀ ਕਦਮ ਵੱਧ ਰਿਹਾ ਹੈ ਉਹ ਹਨ— (੧) ਪਹਿਲਾ ਵਰਣ-ਵਿਤਕਰਾ, ਜਿਸ ਵਿਚੋਂ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਕੱਢ ਕੇ ਚਾਰ ਵਰਣ ਤੋਂ ਇਕ ਵਰਣ ਕੀਤਾ ਸੀ ਅਤੇ ਜਾਤ ਪਾਤ ਦਾ ਭੇਦ ਮਿਟਾਇਆ ਸੀ। ਤੁਸੀਂ ਲੰਮੀ ਨਜ਼ਰ ਨਾਲ ਵੇਖੋ, ਅੱਜ-ਕੱਲ੍ਹ ਦੇ ਸਿਖ ਪਹਿਲੋਂ ਅਰੋੜੇ, ਖਤਰੀ, ਰਾਮਗੜ੍ਹੀਏ, ਜੱਟ ਜਾਂ ਆਹਲੂਵਾਲੀਏ ਹਨ ਤੇ ਫਿਰ ਸਿਖ। ਬਲਕਿ ਇਸ ਤੋਂ ਹੋਰ ਅਗੇ—ਇਹ ਸ਼ੇਰਗਿਲ, ਸੰਧੂ, ਸਿਧੂ, ਸੇਠੀ, ਨਾਰੰਗ, ਰੰਧਾਵੇ, ਗਰੇਵਾਲ, ਚੋਪੜੇ ਤੇ ਚਾਵਲੇ ਆਦਿ ਹਨ ਅਤੇ ਫੇਰ ਕੁਝ ਹੋਰ। ਪੜ੍ਹੀ ਲਿਖੀ ਅਤੇ ਉਪਰਲੀ ਸ਼੍ਰੇਣੀ ਵਿਚ ਅਸਲ ਨਾਮ ਕੋਈ ਜਾਣਦਾ ਹੀ ਨਹੀਂ, ਮਿਸਟਰ ਰੰਧਾਵਾ, ਗਰੇਵਾਲ, ਨਾਰੰਗ ਜਾਂ ਚਾਵਲਾ ਕਰਕੇ ਹੀ ਬੁਲਾਇਆ ਜਾਂਦਾ ਹੈ ਅਤੇ (੨) ਦੂਜੇ ਦੇ ਭੁਲ ਭੁਲੇਖੇ ਕੋਈ ਅਸਲ ਨਾਮ ਲਵੇ ਭੀ ਤਾਂ ਅਮਰਜੀਤ ਢਿਲੋਂ, ਸੁਰਜੀਤ ਸੋਢੀ, ਦਿਲਜੀਤ ਰੰਧਾਵਾ, ਸੁਰਿੰਦਰ ਬੇਦੀ, ਬਲਬੀਰ ਵਿਰਕ ਕਰਕੇ ਹੀ ਬੁਲਾਇਆ ਜਾਂਦਾ ਹੈ, ਜਿਵੇਂ 'ਸਿੰਘ' ਆਖਣਾ ਵਢ ਖਾਂਦਾ ਹੋਵੇ। ਫ਼ਰਮਾਂ ਤੇ ਸੁਸਾਇਟੀਆਂ ਦੇ ਨਾਮ ਭੀ ਚੱਢਾ ਕੰਪਨੀ, ਅਰੋੜਾ ਬ੍ਰਦਰਜ਼, ਰਾਮਗੜ੍ਹੀਆ ਸਭਾ, ਅਗਰਵਾਲ ਤੇ ਗਰੇਵਾਲ ਵਰਕਸ ਹੀ ਰਖੇ ਜਾਂਦੇ ਹਨ। ਸਿਖ ਇਸਤ੍ਰੀ ਜਾਤੀ ਤਾਂ 'ਕੌਰ' ਦੇ ਨਾਮ ਤੋਂ ਏਨੀ ਘਿਰਣਾ

ਕਰ ਗਈ ਹੈ ਕਿ ਇਹਨਾਂ ਦਾ ਨਾਮ ਲੈਣ ਲਈ ਤਾਂ ਜਾਤ ਨਾਮ ਯਥਾ ਗਿੱਲ, ਰੰਧਾਵੀ, ਚੋਪੜੀ, ਚਾਵਲੀ, ਸੇਖੋਂ ਜਾਂ ਵਧ ਤੋਂ ਵਧ ਕੰਵਲ ਬਾਜਵਾ, ਰਣਧੀਰ ਗਿੱਲ, ਮਨਜੀਤ ਕਾਹਲੋਂ, ਜਸਦੀਪ ਕਪੂਰ ਕਹਿ ਕੇ ਕੰਮ ਸਾਰਿਆ ਜਾਂਦਾ ਹੈ। ਇਹ ਸਭ ਸਾਡੇ ਉਪਰ ਛਾ ਰਹੇ ਬ੍ਰਾਹਮਣਵਾਦ ਦਾ ਪ੍ਰਭਾਵ ਹੈ। ਦੂਜੇ ਬੰਨੇ ਹਿੰਦੂ ਮੁੰਡੇ ਕੜੇ ਪਾ ਕੇ ਅਤੇ ਨਿਕਰ-ਨੁਮਾ ਕਛੇ ਪਹਿਨ ਕੇ ਆਪਣੇ ਆਪ ਨੂੰ ਸਿਖ ਰਹਿਤ ਦਾ ਧਾਰਨੀ ਦੱਸ ਕੇ ਇਹ ਪ੍ਰਭਾਵ ਪਾ ਰਹੇ ਹਨ ਕਿ ਸਿਖ ਹਿੰਦੂ ਇਕੋ ਕੁਝ ਹੀ ਹਨ, ਦਾੜ੍ਹੀ ਕੇਸ ਹੋਏ ਤਾਂ ਕੀ ਅਤੇ ਜੇ ਨਾ ਹੋਏ ਤਾਂ ਕੀ। ਅਜਿਹੇ ਤਰੀਕਿਆਂ ਨਾਲ ਬ੍ਰਾਹਮਣਵਾਦ ਸਿਖ ਉਤੇ ਉਵੇਂ ਹੀ ਛਾ ਰਿਹਾ ਹੈ ਜਿਵੇਂ ਕਦੀ ਇਹ ਬੋਧੀਆਂ 'ਤੇ ਛਾਇਆ ਸੀ, ਜਿਸਦਾ ਸਿੱਟਾ ਡਾ: ਰਾਧਾ ਕ੍ਰਿਸ਼ਨਨ ਦੇ ਸ਼ਬਦਾਂ ਅਨੁਸਾਰ, ਬੁਧ ਧਰਮ ਦਾ ਦੇਸ਼ ਵਿਚੋਂ ਖ਼ਾਤਮਾ ਕਰਨਾ ਸੀ। ਤਕਰੀਬਨ ਇਸ ਭਾਵ ਦੇ ਸ਼ਬਦ ਅਜ ਤੋਂ ਤਕਰੀਬਨ ਸੱਤਰ ਸਾਲ ਪਹਿਲੋਂ ਮਿਸਟਰ ਮੈਕਾਲਿਫ਼ ਨੇ ਸਿਖ ਧਰਮ ਬਾਰੇ ਆਪਣੀ ਪੁਸਤਕ ਲਿਖਣ ਸਮੇਂ ਵਰਤੇ ਸਨ। ਉਸ ਲਿਖਿਆ ਸੀ, "Hinduism has embraced Sikhism in its fold" ਅਰਥਾਤ, "ਹਿੰਦੂ ਮੱਤ ਨੇ ਸਿਖ ਧਰਮ ਨੂੰ ਆਪਣੀ ਗਲਵਕੜੀ ਵਿਚ ਲੈ ਲਿਆ ਹੈ।" ਤਾਂ ਕੀ ਡਾ: ਰਾਧਾ ਕ੍ਰਿਸ਼ਨਨ ਦੇ ਬੁਧ ਮੱਤ ਬਾਰੇ ਲਿਖੇ ਸ਼ਬਦ 'ਬ੍ਰਾਹਮਣ ਨੇ ਬੁਧ ਮੱਤ ਨੂੰ ਬਾਪੂ ਵਾਲੀ ਗਲਵਕੜੀ ਵਿਚ ਲੈ ਕੇ ਉਸ ਦਾ ਗਲਾ ਘੁਟ ਦਿਤਾ'। ਮੈਕਾਲਿਫ਼ ਦੇ ਉਤੇ ਲਿਖੇ ਵਾਕ ਦਾ ਅਗਲਾ ਭਾਗ ਨਹੀਂ ਬਣਨਗੇ। ਇਤਿਹਾਸ ਆਪਣੇ ਆਪ ਨੂੰ ਦੁਹਰਾਇਆ ਕਰਦਾ ਹੈ ਤਾਂ ਜੇ ਬ੍ਰਾਹਮਣਵਾਦ ਦੀ ਬਾਪੂ ਵਾਲੀ ਗਲਵਕੜੀ ਨੇ ਬੁਧ ਮੱਤ ਦਾ ਗਲਾ ਘੁਟ ਦਿਤਾ ਸੀ, ਤਾਂ ਕੀ ਸਿਖ ਧਰਮ ਉਹਨਾਂ ਦੀ ਉਜੇਹੀ ਗਲਵਕੜੀ 'ਚ ਨਹੀਂ ਆ ਚੁਕਾ ? ਮੈਂ ਤਾਂ ਮਿਸਟਰ ਮੈਕਾਲਿਫ਼ ਨੂੰ ਇਕ ਅਤਿ ਸੂਝਵਾਨ ਇਤਿਹਾਸਕਾਰ ਸਮਝਦਾ ਹਾਂ, ਜਿਸ ਨੇ ਅੱਜ ਤੋਂ ੭੦-੮੦ ਵਰ੍ਹੇ ਪਹਿਲੋਂ ਉਹ ਗੱਲ ਕਹਿ ਦਿੱਤੀ ਜੋ ਅਜ ਵਾਪਰ ਰਹੀ ਹੈ ਅਤੇ ਜਿਸ ਰਫ਼ਤਾਰ 'ਤੇ ਹੁਣ ਕੰਮ ਚਲ ਰਿਹਾ ਹੈ, ਜੇ ਇਸ ਨੂੰ ਕੋਈ ਠੱਲ੍ਹ ਨਾ ਪਈ ਤਾਂ ਡਾ: ਰਾਧਾ ਕ੍ਰਿਸ਼ਨਨ ਦੇ ਉਹ ਸ਼ਬਦ ਜੋ ਉਹਨਾਂ ਬੁਧ ਮੱਤ ਲਈ ਕਹੇ ਸਨ, ਸਿੱਖਾਂ ਲਈ ਸਵਾ ਸੋਲ੍ਹਾਂ ਆਨੇ ਠੀਕ ਬੈਠਣਗੇ। ਅਤੇ ਉਹ ਦਿਨ ਦੂਰ ਨਹੀਂ ਜਿਸ ਦਿਨ ਬ੍ਰਾਹਮਣ ਦੀ ਇਹ ਗਲਵਕੜੀ ਬੇਰੀ ਦੇ ਰੁਖ 'ਤੇ ਪਈ ਅੰਬਰ ਵੇਲ ਵਾਂਗੂੰ ਸਾਨੂੰ ਖਾ ਜਾਵੇਗੀ।

ਹੁਣ ਉਹ ਨੌਜਵਾਨ, ਜਿਸ ਨੇ ਬੜੇ ਧਿਆਨ ਨਾਲ ਮੇਰੀ ਸਾਰੀ ਗੱਲ ਸੁਣੀ ਸੀ, ਇਕੋ ਵੇਰ ਚੌਂਕ ਉਠਿਆ, "ਤਾਂ ਸਰਦਾਰ ਜੀ, ਕੀ ਅਸੀਂ ਦੁਨੀਆ ਦੇ ਤਖ਼ਤੇ ਤੋਂ ਮਿਟ ਜਾਵਾਂਗੇ ?"

ਮੈਂ : ਮੇਰੇ ਵੀਰ, ਮੇਰੀ ਜ਼ਬਾਨ ਸੜੇ ਜੇ ਇਹ ਗੱਲ ਕਹਾਂ ਪਰ ਜੋ ਲੋਕ

ਇਤਿਹਾਸ ਦੇ ਵਰਕੇ ਫਰੋਲਦੇ ਹੋਏ ਭੀ ਉਸ ਵਿਚ ਦਰਜ ਸਚਾਈਆਂ ਨੂੰ ਗ੍ਰਹਿਣ ਨਹੀਂ ਕਰਦੇ, ਉਹ ਉਸ ਕਬੂਤਰ ਦੀ ਨਿਆਈਂ ਹਨ ਜੋ ਬਿੱਲੀ ਨੂੰ ਆਉਂਦਾ ਵੇਖ ਕੇ ਅੱਖਾਂ ਮੀਟ ਛਡਦਾ ਹੈ। ਮੈਂ ਤੁਹਾਡਾ ਬਹੁਤ ਸਮਾਂ ਲੈ ਲਿਆ ਹੈ, ਪਰ ਜੇ ਤੁਸੀਂ ਕਾਹਲੇ ਨਾ ਪਵੋ ਤਾਂ ਮੈਂ ਇਕ ਹੋਰ ਗੱਲ ਤੁਹਾਨੂੰ ਦੱਸਾਂ—ਤੁਸੀਂ 'ਹਿੰਦੀ-ਹਿੰਦੂ-ਹਿੰਦੁਸਤਾਨ' ਦੇ ਨਾਅਰੇ (Slogan) ਦਾ ਭਾਵ ਸਮਝਦੇ ਹੋਵੋਗੇ। ਹਿੰਦੂ ਜਿਸਦੀ ਵਾਗ-ਡੋਰ ਫ਼ੀ ਜ਼ਮਾਨਾ ਬ੍ਰਾਹਮਣ ਦੇ ਹੱਥ ਵਿਚ ਹੈ ਅਤੇ ਜੋ ਭਾਰਤ ਦੇ ਸਮੁਚੇ ਹਿੰਦੂ ਸਮਾਜ 'ਤੇ ਛਾਇਆ ਹੋਇਆ ਹੈ, ਭਾਵੇਂ ਇਹ ਹਿੰਦੂ ਮਹਾਂ ਸਭਾ ਦੇ ਲਿਬਾਸ (Garb) ਵਿਚ ਹੈ, ਭਾਵੇਂ ਜਨਸੰਘ ਦੇ ਤੇ ਭਾਵੇਂ ਕਾਂਗਰਸ ਦੇ, ਇਨ੍ਹਾਂ ਸਭ ਦਾ ਮਤਾ ਇਕ ਹੀ ਹੈ। ਜੋ ਲੋਕ ਸੈਕੂਲਰ ਲੇਬਲ ਦਾ ਲਿਬਾਸ ਪਹਿਨੇ ਹੋਏ ਹਨ ਉਨ੍ਹਾਂ ਵਿਚ ਭੀ ਥੋੜ੍ਹੇ ਉਂਗਲੀ ਤੇ ਗਿਣਨ ਜੋਗੇ ਬੰਦੇ ਛਡ ਕੇ, ਬਾਕੀ ਸਾਰਿਆਂ ਦਾ ਸਲੋਗਨ 'ਹਿੰਦੀ-ਹਿੰਦੂ-ਹਿੰਦੁਸਤਾਨ' ਹੀ ਹੈ। ਉਹ ਚਾਹੁੰਦੇ ਹਨ ਕਿ ਜਿਸ ਤਰ੍ਹਾਂ ਪਾਕਿਸਤਾਨ ਨਿਰੋਲ ਮੁਸਲਮਾਨ ਦੇਸ਼ ਹੈ, ਜਿਸ ਵਿਚ ਹੋਰ ਕੋਈ ਧਰਮ ਜਾਂ ਕੌਮ ਪ੍ਰਫੁੱਲਤ ਨਹੀਂ ਹੋ ਸਕਦੀ, ਇਸੇ ਤਰ੍ਹਾਂ ਅਖੰਡ ਹਿੰਦੁਸਤਾਨ ਨਿਰੋਲ ਹਿੰਦੂ ਧਰਮ ਅਤੇ ਹਿੰਦੀ ਬੋਲੀ ਵਾਲਿਆਂ ਦਾ ਦੇਸ਼ ਹੋਵੇ, ਜਿਥੇ ਬ੍ਰਾਹਮਣਵਾਦ ਦਾ ਓਵੇਂ ਬੋਲ- ਬਾਲਾ ਹੋਵੇ ਜਿਵੇਂ ਚੰਦਰ ਗੁਪਤ ਅਤੇ ਹਰਸ਼ ਰਾਜਾ ਸਮੇਂ ਸੀ। ਇਸ ਦੇ ਲਈ ਕੀ ਗੁਪਤ ਤੇ ਕੀ ਜ਼ਾਹਿਰ ਸਾਰੇ ਸਾਧਨ ਕੀਤੇ ਜਾ ਰਹੇ ਹਨ, ਵਰਨਾ ਅਛੂਤ ਜਾਤੀਆਂ ਤੇ ਪਛੜੀਆਂ ਸ਼ਰੇਣੀਆਂ ਅੰਦਰ ਹਿੰਦੂ ਤੇ ਸਿਖ ਹੋਣ ਦੇ ਵਿਤਕਰੇ, ਗਊ-ਰਖਸ਼ਾ ਕਾਨੂੰਨ ਘੜਨ ਦੇ ਵਿਚਾਰ, ਉਦਘਾਟਨ ਸਮੇਂ ਵੇਦ ਮੰਤਰਾਂ ਦੇ ਪਾਠ ਤੇ ਹੋਰ ਬ੍ਰਾਹਮਣੀ ਰਸਮਾਂ ਦਾ ਹੋਣਾ, ਹਿੰਦੀ ਭਾਸ਼ਾ ਨੂੰ ਸਾਰੇ ਦੇਸ਼ ਦੇ ਗਲ ਮੜ੍ਹਨ ਦੇ ਜਤਨ ਅਤੇ ਇਸ ਦੀ ਬੇਹਤਰੀ ਲਈ ਪੰਜਾਬੀ ਵਰਗੀਆਂ ਪ੍ਰਾਂਤਕ ਭਾਸ਼ਾ ਦੇ ਗਲੇ ਅੰਗੂਠਾ ਦੇਣਾ ਆਦਿਕ ਗੱਲਾਂ ਕਿਉਂ ਕੀਤੀਆਂ ਹਨ ?

ਪਰ ਮਤੇ ਤੁਸੀਂ ਇਹ ਖ਼ਿਆਲ ਕਰੋ ਕਿ ਮੈਂ ਆਪਣੀ ਗੱਲ ਛਡ ਕੇ ਰਾਜਸੀ ਗੱਲਾਂ ਵਿਚ ਪੈ ਗਿਆ ਹਾਂ, ਮੈਂ ਇਸ ਨੂੰ ਏਥੇ ਛਡਦਾ ਹੋਇਆ ਕੇਵਲ ਇਕ ਹੋਰ ਗੱਲ ਕਰਦਾ ਹਾਂ। ਤੁਸੀਂ ਵਿਦਿਆਰਥੀ ਹੋ ਅਤੇ ਤੁਹਾਨੂੰ ਪਤਾ ਹੋਵੇਗਾ ਕਿ ਦੇਸ਼ ਵਿਚ ਥਾਂ-ਪਰ-ਥਾਂ ਈਸਾਈ ਮਿਸ਼ਨਰੀਆਂ ਨੇ ਕਨਵੈਂਟ ਸਕੂਲ ਖੋਲ੍ਹੇ ਹੋਏ ਹਨ। ਇਸ ਵਿਚ ਸ਼ੱਕ ਨਹੀਂ ਕਿ ਉਨ੍ਹਾਂ ਦਾ ਪੜ੍ਹਾਈ ਦਾ ਮਿਆਰ (standard) ਭੀ ਆਮ ਸਕੂਲਾਂ ਨਾਲੋਂ ਬਹੁਤ ਉੱਚਾ ਹੈ ਅਤੇ ਉਥੇ ਪੜ੍ਹਾਈ ਦਾ ਮੀਡੀਅਮ ਤੇ ਹੋਰ ਸਾਰਾ ਵਾਤਾਵਰਣ ਭੀ ਅੰਗਰੇਜ਼ੀ ਅਤੇ ਬਾਹਲੇ ਖ਼ਰਚ ਵਾਲਾ ਹੋਣ ਕਰਕੇ ਉਨ੍ਹਾਂ ਦੇ ਵਿਦਿਆਰਥੀਆਂ ਦੀ ਰਹਿਣੀ ਬਹਿਣੀ, ਬੋਲ ਚਾਲ ਜ਼ਮਾਨੇ ਦੇ ਉੱਨਤ ਦੇਸ਼ਾਂ ਵਰਗਾ ਹੈ, ਜਿਸ ਲਈ ਹਰ ਮਨੁੱਖ, ਜਿਸ ਦੀ ਜੇਬ ਵਿਚ ਚਾਰ ਪੈਸੇ ਹਨ, ਆਪਣੇ

ਬੱਚਿਆਂ ਨੂੰ ਕਨਵੈਂਟ ਸਕੂਲਾਂ ਵਿਚ ਪੜ੍ਹਾਉਣ ਦਾ ਚਾਹਵਾਨ ਹੁੰਦਾ ਹੈ, ਖ਼ਾਸ ਕਰ ਜਦੋਂ ਕਿ ਇਸ ਪਾਏ ਦੇ ਸਿਖ ਸਕੂਲ ਮੌਜੂਦ ਨਾ ਹੋਣ। ਕਨਵੈਂਟ ਸਕੂਲ ਬਹੁਤ ਛੋਟੀ ਉਮਰ ਤੋਂ ਹੀ ਬੱਚਿਆਂ ਦੀ ਸੰਭਾਲ ਆਪਣੇ ਜ਼ਿੰਮੇ ਲੈ ਲੈਂਦੇ ਹਨ ਅਤੇ ਹੋਰ ਵਿਦਿਆ ਦੇ ਨਾਲ ਉਨ੍ਹਾਂ ਦੇ ਦੁਆਲੇ ਗਿਰਜੇ ਦਾ ਸਾਰਾ ਵਾਤਾਵਰਣ ਕਾਇਮ ਰਖਦੇ ਹਨ, ਭਾਵੇਂ ਪ੍ਰਗਟ ਤੌਰ 'ਤੇ ਉਹ ਕਿਸੇ ਬੰਦੇ ਨੂੰ ਈਸਾਈ ਮੱਤ ਧਾਰਨ ਕਰਨ ਲਈ ਸ਼ਾਇਦ ਨਾ ਕਹਿੰਦੇ ਹੋਣ, ਪਰ ਉਥੇ ਦੇ ਮਹੌਲ ਵਿਚ ਪਲਿਆ ਤੇ ਪੜ੍ਹਿਆ ਬੱਚਾ ਅੱਧਾ ਈਸਾਈ ਤਾਂ ਜ਼ਰੂਰ ਹੋ ਜਾਂਦਾ ਹੈ ਅਤੇ ਸਿੱਖੀ ਵਲੋਂ ਤਾਂ ਬਿਲਕੁਲ ਕੋਰਾ ਹੁੰਦਾ ਹੈ। ਇਸ ਬਾਰੇ ਮੈਂ ਹੋਰ ਕੁਝ ਨਾ ਕਹਿੰਦਾ ਹੋਇਆ ਕੇਵਲ ਦੋ ਵਾਕਿਆਤ ਜੋ ਮੈਂ ਵੇਖੇ ਜਾਂ ਮੇਰੇ ਸਾਹਮਣੇ ਵਾਪਰੇ, ਹੀ ਦਸਦਾ ਹਾਂ—(੧) ਗੁਰਦੁਆਰਾ ਫ਼ਤਹਗੜ੍ਹ ਸਾਹਿਬ, ਜਿਥੇ ਸ੍ਰੀ ਦਸਮੇਸ਼ ਜੀ ਦੇ ਦੋ ਸਾਹਿਬਜ਼ਾਦੇ ਦੀਵਾਰ ਵਿਚ ਚਿਣੇ ਗਏ ਸਨ, ਦੇ ਦਰਸ਼ਨ ਕਰਦਿਆਂ ਮੈਨੂੰ ਇਕ ਬਜ਼ੁਰਗ ਮਾਤਾ ਦੇ ਨਾਲ ਕਨਵੈਂਟ ਸਕੂਲ ਵਿਚ ਪੜ੍ਹੀ ਇਕ ਸਿਖ ਮੇਜਰ ਜਨਰਲ ਦੀ ੧੯-੨੦ ਸਾਲ ਦੀ ਲੜਕੀ ਨੂੰ ਮਿਲਣ ਦਾ ਅਵਸਰ ਮਿਲਿਆ ਅਤੇ ਮੈਨੂੰ ਇਹ ਜਾਣ ਕੇ ਅਤਿ ਹੈਰਾਨੀ ਹੋਈ ਕਿ ਉਸ ਜਵਾਨ ਲੜਕੀ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਬਾਰੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਉੱਕਾ ਹੀ ਕੁਛ ਪਤਾ ਨਹੀਂ ਸੀ। (੨) ਕਨਵੈਂਟ ਸਕੂਲ ਦੇ ਛੋਟੇ ਛੋਟੇ ਬੱਚੇ ਆਪਣੇ ਮਾਤਾ ਪਿਤਾ ਨਾਲ ਇਕ ਗੁਰਦੁਆਰੇ ਗਏ ਅਤੇ ਬੱਚਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਉਹ ਸਾਰਾ ਡਰਾਮਾ ਕੀਤਾ ਜੋ ਉਹ ਆਪਣੇ ਸਕੂਲ ਗਿਰਜੇ ਵਿਚ ਹਜ਼ਰਤ ਈਸਾ ਜਾਂ ਮੇਰੀ ਦੀ ਮੂਰਤੀ ਸਾਮ੍ਹਣੇ ਕਰਿਆ ਕਰਦੇ ਸਨ, ਅਰਥਾਤ ਉਨ੍ਹਾਂ ਗੋਡੇ ਝੁਕਾ ਕੇ (ਟੇਕ ਕੇ ਨਹੀਂ) ਆਪਣੇ ਨਾਲ ਹਵਾ ਵਿਚ ਕਰਾਸ † ਦੀ ਸ਼ਕਲ ਬਣਾਈ ਤੇ ਖੜੇ ਖੜੇ ਸਿਰ ਝੁਕਾ ਕੇ ਵਾਪਸ ਆ ਗਏ। ਇਨ੍ਹਾਂ ਵਾਕਿਆਤ ਬਾਰੇ ਹੋਰ ਪੜਚੋਲ ਨਾ ਕਰਦਾ ਹੋਇਆ ਮੈਂ ਕੇਵਲ ਏਨਾ ਹੀ ਕਹਾਂਗਾ ਕਿ ਸਾਡੇ ਅਮੀਰ ਘਰਾਣਿਆਂ ਦੇ ਬੱਚਿਆਂ ਦੀ ਅਗਰ ਸੌ ਫ਼ੀ ਸਦੀ ਨਹੀਂ ਤਾਂ ਬਹੁਤ ਵੱਡੀ ਪ੍ਰਤੀਸ਼ਤ ਦਾ ਇਹੋ ਹਾਲ ਹੈ, ਤਾਂ ਜੇ ਉਹ ਜਵਾਨ ਹੋ ਕੇ ਸਿੱਖੀ ਨੂੰ ਕੰਡ ਕਰ ਜਾਣ ਅਤੇ ਕੇਸ ਦਾੜ੍ਹੀ ਕਟਾ ਦੇਣ ਤਾਂ ਇਹ ਕਿਸ ਦਾ ਕਸੂਰ ਹੋਵੇਗਾ ? ਮੈਨੂੰ ਕਈ ਚੰਗੇ ਗੁਰਮੁਖ ਸਿੱਖਾਂ ਦੇ ਐਮ.ਏ., ਬੀ.ਏ. ਵਿਚ ਪੜ੍ਹਦੇ ਬੱਚਿਆਂ ਪਾਸੋਂ ਇਹ ਜਾਣ ਕੇ ਕਿ ਉਹ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕਿਸੇ ਤੀਜੇ ਗੁਰੂ ਦਾ ਨਾਮ ਨਹੀਂ ਜਾਣਦੇ ਸਨ, ਬੜਾ ਦੁਖ ਹੋਇਆ।

ਮੇਰੀ ਉਕਤ ਸਾਰੀ ਗੱਲ ਦਾ ਉਸ ਨੌਜਵਾਨ ਦੇ ਮਨ 'ਤੇ ਬਹੁਤ ਅਸਰ ਹੋਇਆ ਅਤੇ ਉਸ ਮੈਨੂੰ ਬਚਨ ਦਿੱਤਾ ਕਿ ਉਹ ਜਲਦੀ ਹੀ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸਜੇਗਾ।

(੪)

ਸਿਖ ਦੀ ਨਿਘਰਦੀ ਦਸ਼ਾ ਦੇ ਕਾਰਨ

ਅਤੇ

ਸੁਧਾਰ ਦੇ ਉਪਾਅ

ਅੰਮ੍ਰਿਤਸਰ ਲਾਗੇ ਇਕ ਪਿੰਡ ਵਿਚ ਦੀਵਾਨ ਸੱਜ ਰਿਹਾ ਹੈ। ਪਿੰਡ ਦੇ ਲੋਕ ਸੈਂਕੜਿਆਂ ਦੀ ਗਿਣਤੀ ਵਿਚ ਦੀਵਾਨ ਵਿਚ ਬੈਠੇ ਹਨ। ਕੁਝ ਪੜ੍ਹਾਕੂ ਮੁੰਡੇ ਭੀ ਹਨ, ਜੋ ਉਨ੍ਹਾਂ ਦੇ ਚਿਹਰੇ-ਮੋਹਰੇ ਤੇ ਪੁਸ਼ਾਕ ਤੋਂ ਖ਼ਾਲਸਾ ਕਾਲਜ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਆਏ ਜਾਪਦੇ ਹਨ। ਵਿਚ ਵਿਚ ਕੁਝ ਹਿੰਦੂ ਮੁੰਡੇ ਭੀ ਹਨ, ਜਿਨ੍ਹਾਂ ਦੇ ਸਿਰਾਂ 'ਤੇ ਰੁਮਾਲਾਂ ਦੀ ਭਿੰਨਤਾਂ ਤੋਂ ਬਿਨਾਂ ਹੋਰ ਬਹੁਤ ਫ਼ਰਕ ਨਹੀਂ, ਕਿਉਂਕਿ ਸਾਰਿਆਂ ਦੀਆਂ ਦਾੜ੍ਹੀਆਂ ਮੁੱਛਾਂ ਇਕ ਸਾਰ ਕੱਟੀਆਂ ਹੋਈਆਂ ਹਨ, ਕਿਸੇ ਕਿਸੇ ਹਿੰਦੂ ਮੁੰਡੇ ਦੇ ਮੂੰਹ ਉਤੇ ਰਗੜ ਕੇ ਉਸਤਰਾ ਫੇਰਿਆ ਹੋਇਆ ਹੈ, ਪਰ ਦੋਹੀਂ ਪਾਸੇ ਕੰਨਾਂ ਦੇ ਥੱਲੇ ਜਹਾਂਗੀਰੀ ਫ਼ੈਸ਼ਨ ਦੇ ਹੁਕ-ਨੁਮਾ ਕੱਟੇ ਹੋਏ ਵਾਲ, ਗਰਦਨ ਪਿਛੇ ਕੰਨਾਂ ਦੀ ਹੇਠਲੀ ਕਨੂਣੀ ਤਕ ਅੱਛੀ ਤਰ੍ਹਾਂ ਵਾਹੇ ਤੇ ਕੱਟੇ ਸਵਾਰੇ ਹੋਏ ਵਾਲਾਂ ਦੇ ਪਟੇ ਹਨ। ਪਿੰਡਾਂ ਦੇ ਜੱਟ ਮੁੰਡੇ ਭੀ ਕਿਧਰੇ ਕਿਧਰੇ ਇਨ੍ਹਾਂ ਵਿਚ ਬੈਠੇ ਨਜ਼ਰ ਆਉਂਦੇ ਹਨ। ਭਾਵੇਂ ਦੀਵਾਨ ਦੀ ਸਟੇਜ ਉਤੇ ਖੜਾ ਇਕ ਸਿਖ ਪਰਚਾਰਕ ਵੱਡਾ ਪ੍ਰਭਾਵਸ਼ਾਲੀ ਲੈਕਚਰ ਕਰ ਰਿਹਾ ਹੈ, ਪਰ ਇਨ੍ਹਾਂ ਜੱਟ ਮੁੰਡਿਆਂ ਦਾ ਵਧੇਰਾ ਧਿਆਨ ਪੜ੍ਹਾਕੂ ਮੁੰਡਿਆਂ, ਖ਼ਾਸ ਕਰ ਉਨ੍ਹਾਂ ਦੀਆਂ ਦਾੜ੍ਹੀਆਂ ਦੀ ਸ਼ੇਪ ਅਤੇ ਹਿੰਦੂ ਮੁੰਡਿਆਂ ਦੇ ਵਾਹੇ ਸਵਾਰੇ ਮੁਸ਼ਕਾਏ ਪਟਿਆਂ ਵਲ ਹੈ, ਜਿਨ੍ਹਾਂ ਦੀ ਉਹ ਆਪੋ ਵਿਚ ਸਲਾਹੁਤਾ ਕਰਦੇ ਪ੍ਰਤੀਤ ਹੁੰਦੇ ਹਨ।

ਲੈਕਚਰ ਕਰਨ ਵਾਲੇ ਭਾਈ ਜੀ ਨੇ ਅਠਾਰ੍ਹਵੀਂ ਸਦੀ ਦੇ ਸਿਖ ਇਤਿਹਾਸ ਦੀ ਵਾਰਤਾ ਛੇੜ ਰਖੀ ਹੈ ਅਤੇ ਉਹ ਕਹਿ ਰਹੇ ਹਨ:

"ਖ਼ਾਲਸਾ ਜੀ, ਅੱਖਾਂ ਅਗੇ ਲਿਆਓ ਦਿੱਲੀ ਦਾ ਚਾਂਦਨੀ ਚੌਕ ਅਤੇ

ਵੇਖੋ ਨਿਤ ਦਿਹਾੜੇ ਕਤਲ ਹੋ ਰਿਹਾ ਸੌ ਸਿਖ। ਇਕ ਇਕ ਸਿਖ ਨੂੰ ਵਾਰੀ ਵਾਰੀ ਕਤਲਗਾਹ ਦੇ ਅਖਾੜੇ ਵਿਚ ਲਿਆ ਕੇ ਖੜਾ ਕੀਤਾ ਜਾਂਦਾ ਹੈ ਅਤੇ ਮੁਫ਼ਤੀ ਸਾਹਿਬ ਪੁਛਦੇ ਹਨ, 'ਸਿੰਘ ਜੀ, ਸਿੱਖੀ ਪਿਆਰੀ ਹੈ ਕਿ ਜਾਨ ?' ਸਿਖ ਉਤਰ ਦੇਂਦਾ ਹੈ, 'ਪਿਆਰੀ ਉਹ ਜੋ ਹਮੇਸ਼ਾਂ ਨਾਲ ਨਿਭੇ; ਜਾਨ ਨੇ ਤਾਂ ਅੱਜ ਵੀ ਨਿਕਲਣਾ ਅਤੇ ਕੱਲ੍ਹ ਵੀ, ਤਾਂ ਇਸ ਦੇ ਪਿਛੇ ਸਿਖੀ ਕਿਉਂ ਗਵਾਈਏ ?' ਸਿਖ ਦਾ ਜਵਾਬ ਅਜੇ ਮੂੰਹ ਵਿਚ ਹੀ ਹੁੰਦਾ ਹੈ ਕਿ ਜੱਲਾਦ ਦੀ ਤਲਵਾਰ ਸਿਖ ਦੀ ਗਰਦਨ 'ਤੇ ਚਲਦੀ ਅਤੇ ਬਾਕੀ ਰਹਿੰਦੇ ਸਿੱਖਾਂ ਦੇ ਵੇਖਦੇ ਵੇਖਦੇ ਅਤੇ ਹਜ਼ਾਰਹਾਂ ਲੋਕਾਂ ਦੀ ਭੀੜ ਦੇ ਸਾਮ੍ਹਣੇ ਉਸ ਸਿਖ ਦਾ ਸੀਸ ਧੜ ਤੋਂ ਜੁਦਾ ਕਰ ਦੇਂਦਾ ਹੈ। ਇਹ ਗੱਲ ਹਰ ਉਥੇ ਫੜ ਲਿਆਂਦੇ ਸਿਖ ਨਾਲ ਬੀਤਦੀ ਹੈ। ਇਕ ਦਿਨ ਇਨ੍ਹਾਂ ਸੌ ਸਿੱਖਾਂ ਦੀ ਕਤਾਰ ਵਿਚ ਇਕ ਚੌਦ੍ਹਾਂ ਸਾਲ ਦਾ ਜਵਾਨੀ ਚੜ੍ਹਦਾ ਗਭਰੂ ਭੀ ਆਇਆ। ਹਾਲਾਂ ਇਹ ਮੁਫ਼ਤੀ ਦੇ ਪੇਸ਼ ਹੋਇਆ ਹੀ ਸੀ ਕਿ ਭੀੜ ਵਿਚੋਂ ਇਕ ਬੁੱਢੀ ਹੱਥ ਵਿਚ ਇਕ ਪਰਵਾਨਾ ਲਈ ਹਾੜੇ ਕੱਢਦੀ ਤੇ ਇਉਂ ਕਹਿੰਦੀ ਅਗੇ ਵਧੀ, 'ਮੁਫ਼ਤੀ ਸਾਹਿਬ, ਮੇਰਾ ਪੁੱਤਰ ਸਿਖ ਨਹੀਂ ਹੈ, ਇਸ ਨੂੰ ਨਾ ਮਾਰਨਾ, ਮੈਂ ਇਹ ਸ਼ਾਹੀ ਹੁਕਮ ਤੁਹਾਡੇ ਵਲ ਲਿਆਈ ਹਾਂ।' ਮੁਫ਼ਤੀ ਠਠੰਬਰ ਗਿਆ, ਪਰਵਾਨਾ ਲੈ ਕੇ ਪੜ੍ਹਿਆ ਤੇ ਹੁਕਮ ਕੀਤਾ, 'ਇਸ ਮੁੰਡੇ ਨੂੰ ਛਡ ਦਿਓ।' ਹੁਕਮ ਸੁਣਨ ਸਾਰ ਮੁੰਡਾ ਕੁਰਲਾ ਉਠਿਆ, 'ਮੈਨੂੰ ਛਡਿਆ ਕਿਉਂ ਜਾ ਰਿਹਾ ਹੈ ?' ਮੁਫ਼ਤੀ ਨੇ ਕਿਹਾ, 'ਤੇਰੀ ਮਾਂ ਕਹਿੰਦੀ ਹੈ ਤੂੰ ਸਿਖ ਨਹੀਂ।' ਮੁੰਡੇ ਨੇ ਝਟ ਜਵਾਬ ਦਿੱਤਾ, 'ਇਹ ਝੂਠ ਮਾਰਦੀ ਹੈ, ਇਹ ਮੇਰੀ ਮਾਂ ਹੀ ਨਹੀਂ, ਮੈਂ ਗੁਰੂ ਗੋਬਿੰਦ ਸਿੰਘ ਦਾ ਸਿਖ ਹਾਂ, ਮੇਰੇ ਨਾਲ ਓਹੋ ਸਲੂਕ ਕਰੋ ਜੋ ਮੇਰੇ ਹੋਰ ਭਾਈਆਂ ਨਾਲ ਕੀਤਾ ਗਿਆ ਹੈ।' ਲੋਕ ਹੈਰਾਨ ਹੋਏ ਉਂਗਲਾਂ ਟੁਕਦੇ ਤੇ ਕਹਿੰਦੇ ਸਨ, 'ਇਹ ਕੈਸੇ ਲੋਕ ਹਨ ਜੋ ਜਾਨ ਨਾਲੋਂ ਭੀ ਸਿੱਖੀ ਨੂੰ ਪਿਆਰਾ ਸਮਝਦੇ ਹਨ।' ਇਸ ਤਰ੍ਹਾਂ ਮੁਫ਼ਤੀ ਦਾ ਹੁਕਮ ਪਾ ਕੇ ਉਸ ਗਭਰੂ ਨੂੰ ਮੌਤ ਦੇ ਘਾਟ ਉਤਾਰਿਆ ਗਿਆ।"

ਹੁਣ ਪਰਚਾਰਕ ਜੀ ਨੇ ਇਹ ਦਸਣਾ ਸ਼ੁਰੂ ਕੀਤਾ ਕਿ "ਉਸ ਸਮੇਂ ਦੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਹੁਕਮ ਜਾਰੀ ਕਰ ਦਿਤਾ ਸੀ ਕਿ ਕੇਸਾਂ ਦਾੜ੍ਹੀ ਵਾਲਾ ਸਿਖ ਜਿਥੇ ਭੀ ਵੇਖੋ, ਕਤਲ ਕਰ ਦਿਓ। ਬਲਕਿ ਹਿੰਦੂਆਂ ਨੂੰ ਸਖ਼ਤ ਤਾੜਨਾ ਕੀਤੀ ਗਈ ਸੀ ਕਿ ਜੇ ਉਹ ਜੀਊਂਦੇ ਰਹਿਣਾ ਚਾਹੁੰਦੇ ਹਨ ਤਾਂ ਆਪਣੀਆਂ ਦਾੜ੍ਹੀਆਂ ਮੁੰਡਵਾ ਦੇਣ। ਇਹ ਭੀ ਹੁਕਮ ਸੀ 'ਜੋ ਕੋਈ ਸਿਖ ਨੂੰ ਜੀਊਂਦਿਆਂ ਫੜ ਲਿਆਵੇ, ਅੱਸੀ ਰੁਪਏ ਇਨਾਮ ਪਾਵੇ ਅਤੇ ਜੋ ਕੋਈ ਸਿਖ ਦਾ ਸਿਰ ਕੱਟ ਲਿਆਵੇ, ਚਾਲੀ ਰੁਪਏ ਇਨਾਮ ਪਾਵੇ।' ਇਹੋ ਹੁਕਮ ਆਪਣੇ ਆਪਣੇ ਸਮੇਂ ਪੰਜਾਬ ਦੇ ਸੂਬੇਦਾਰਾਂ ਅਬਦੁਲ ਸਮਦ ਖ਼ਾਨ, ਜ਼ਕਰੀਆ ਖ਼ਾਨ, ਖ਼ਾਨ ਬਹਾਦਰ

ਅਤੇ ਮੀਰ ਮੰਨੂੰ ਨੇ ਜਾਰੀ ਕੀਤੇ ਸਨ ਅਤੇ ਸੈਂਕੜੇ ਸਿਖ ਤੇ ਸਿਖਣੀਆਂ ਰੋਜ਼ਾਨਾ ਫੜ ਲਿਆਏ ਜਾਂਦੇ ਅਤੇ ਸਿਖੀ ਛਡਣ ਤੋਂ ਇਨਕਾਰ ਕਰਨ 'ਤੇ ਲਾਹੌਰ ਦਿੱਲੀ ਦਰਵਾਜ਼ੇ ਨਖਾਸ ਚੌਂਕ ਵਿਚ ਕਤਲ ਹੋ ਜਾਂਦੇ। ਇਸੇ ਲੜੀ ਵਿਚ ਭਾਈ ਤਾਰੂ ਸਿੰਘ ਜਿਹੇ ਸਾਧੂ ਬਿਰਤੀ ਸਿਖ ਦਾ ਸਿਰ ਦਾ ਖੋਪਰ ਇਸ ਲਈ ਰੰਬੀ ਨਾਲ ਉਤਾਰਿਆ ਗਿਆ ਕਿ ਉਸ ਨੇ ਕੇਸ ਕਟਾਉਣ ਤੋਂ ਇਨਕਾਰ ਕੀਤਾ ਅਤੇ ਭਾਈ ਸੁਬੇਗ ਸਿੰਘ ਜਿਹੇ ਅਨੇਕ ਸਿਖ ਚਰਖੜੀਆਂ 'ਤੇ ਚੜ੍ਹਾ ਕੇ ਤੂੰਬਾ ਤੂੰਬਾ ਕਰ ਉਡਾਏ ਗਏ, ਪਰ ਕਿਸੇ ਇਕ ਨੇ ਵੀ ਸਿੱਖੀ ਤੋਂ ਮੂੰਹ ਨਹੀਂ ਮੋੜਿਆ।

"ਅਜਿਹੇ ਹਾਲਾਤ ਅੰਦਰ ਹਜ਼ਾਰਾਂ ਸਿਖ ਕਤਲ ਹੋ ਗਏ ਅਤੇ ਰਹਿੰਦੇ ਖੂੰਹਦੇ ਵਸੋਂ ਵਾਲੀਆਂ ਥਾਵਾਂ ਤੋਂ ਨਿਕਲ ਜੰਗਲਾਂ ਬੀਆਬਾਨਾਂ ਅਤੇ ਬੀਕਾਨੇਰ ਦੇ ਮਾਰੂਥਲਾਂ ਵਲ ਨਿਕਲ ਗਏ। ਪੰਜਾਬ ਦੇ ਆਬਾਦ ਇਲਾਕਿਆਂ ਵਿਚ ਘਟ ਹੀ ਕੋਈ ਸਿਖ ਨਜ਼ਰੀਂ ਪੈਂਦਾ, ਜਿਸ 'ਤੇ ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਨੇ ਇਹ ਰਿਪੋਟ ਦਿਤੀ ਕਿ ਪੰਜਾਬ ਵਿਚ ਸਿੱਖਾਂ ਦਾ ਖ਼ਾਤਮਾ ਕਰ ਦਿਤਾ ਗਿਆ ਹੈ। ਇਹ ਰਿਪੋਟ ਸਿੱਖੀ ਅਣਖ ਨੂੰ ਵੱਡਾ ਚੈਲੰਜ ਸੀ। ਇਸ ਦਾ ਜਵਾਬ ਦੇਣ ਲਈ ਭਾਈ ਬੋਤਾ ਸਿੰਘ ਨੇ ਤਰਨ ਤਾਰਨ ਲਾਗੇ ਸਰਕਾਰੀ ਸ਼ਾਹ ਰਾਹ 'ਤੇ ਜਾਣ ਵਾਲੇ ਹਰ ਭਾਰ ਢੋਣ ਵਾਲੇ ਗਡੇ ਤਥਾ ਖੋਤੇ ਤੋਂ ਟੈਕਸ ਵਸੂਲ ਕਰਨਾ ਸ਼ੁਰੂ ਕੀਤਾ, ਤਾਕਿ ਇਸ ਦੀ ਖ਼ਬਰ ਲਾਹੌਰ ਦੇ ਸੂਬੇਦਾਰ ਨੂੰ ਹੋ ਜਾਵੇ ਕਿ ਸਿਖ ਖ਼ਤਮ ਨਹੀਂ ਹੋਏ। ਭਾਈ ਬੋਤਾ ਸਿੰਘ ਨੇ ਏਥੇ ਹੀ ਬਸ ਨਹੀਂ ਕੀਤਾ, ਸਗੋਂ ਖ਼ਾਨ ਬਹਾਦਰ ਦੇ ਨਾਮ ਇਕ ਪੱਤਰ ਲਿਖ ਭੇਜਿਆ :

ਚਿਠੀ ਲਿਖੇ ਯੋਂ ਸਿੰਘ ਬੋਤਾ, ਹਥ ਹੈ ਸੋਟਾ ਵਿਚ ਰਾਹ ਖੜੋਤਾ।
ਆਨਾ ਲਾਇਆ ਗਡੇ ਨੂੰ, ਪੈਸਾ ਲਾਇਆ ਖੋਤਾ।
ਆਖੋ ਭਾਬੀ ਖਾਨੋ ਨੂੰ, ਯੋਂ ਆਖੇ ਸਿੰਘ ਬੋਤਾ।"

ਪ੍ਰਚਾਰਕ ਜੀ ਦੇ ਅਜਿਹੇ ਲੈਕਚਰ ਪਿਛੋਂ ਦੀਵਾਨ ਦੀ ਸਮਾਪਤੀ ਹੋਈ ਅਤੇ ਸਭ ਕੋਈ ਘਰੋ ਘਰੀ ਚਲਿਆ ਗਿਆ।

(੨)

ਦੀਵਾਨ ਤੋਂ ਅਗਲੇ ਭਲਕ ਓਹੋ ਮੁੰਡੇ ਜਿਨ੍ਹਾਂ ਉਕਤ ਲੈਕਚਰ ਸੁਣਿਆ ਸੀ, (ਇਨ੍ਹਾਂ ਵਿਚ ਕਈ ਆਰੀਆ ਸਮਾਜੀ ਵਿਚਾਰ ਰਖਦੇ ਸਨ) ਇਕ ਥਾਂ ਇਕੱਠੇ ਹੋਏ ਅਤੇ ਉਨ੍ਹਾਂ ਵਿਚਾਲੇ ਇਸ ਤਰ੍ਹਾਂ ਗੱਲਬਾਤ ਛਿੜੀ :

ਪਹਿਲਾ : ਕਲ੍ਹ ਸੁਣਿਆ ਸੀ ਨਾ ਭਾਈ ਜੀ ਦਾ ਲੈਕਚਰ ?

ਦੂਜਾ : ਲੈਕਚਰ ਪ੍ਰਭਾਵ-ਸ਼ਾਲੀ ਤਾਂ ਬੜਾ ਸੀ, ਪਰ ਮੇਰਾ ਦਿਲ ਨਹੀਂ

ਮੰਨਦਾ ਕਿ ਉਸ ਸਮੇਂ ਦੇ ਸਿਖ ਏਡੇ ਗੁਰਦੇ ਵਾਲੇ ਹੋਣਗੇ।

ਤੀਜਾ : ਅੱਜ ਕੱਲ੍ਹ ਦੇ ਸਿਖ ਵੀ ਤਾਂ ਓਹਨਾਂ ਦੀ ਹੀ ਔਲਾਦ ਹਨ, ਇਹ ਤਾਂ ਸੂਈ ਦੀ ਚੋਭ ਵੀ ਨਹੀਂ ਸਹਾਰ ਸਕਦੇ, ਮਰਨਾ ਤਾਂ ਇਕ ਪਾਸੇ ਰਿਹਾ।

ਚੌਥਾ : ਭਾਈ ਜੀ ਕਹਿੰਦਾ ਸੀ ਉਹ ਲੋਕ ਜਾਨ ਤਾਂ ਦੇ ਦੇਂਦੇ ਸਨ, ਪਰ ਸਿੱਖੀ ਨਹੀਂ ਸਨ ਛਡਦੇ। ਇਹ ਗੱਲ ਕਿਵੇਂ ਮੰਨੀ ਜਾਏ ਜਦੋਂ ਵੇਖਦੇ ਹਾਂ ਕਿ ਵਡੇ ਵਡੇ ਸਿਖ ਸਰਦਾਰਾਂ ਅਤੇ ਆਦੀ ਸਿਖ ਘਰਾਣਿਆਂ ਦੇ ਨੌਜਵਾਨ, ਬਿਨਾਂ ਕਿਸੇ ਦੇ ਕਹੇ ਕਹਾਏ ਸਾਡੇ ਜਿਹੇ ਬਣਨ ਲਈ ਮੂੰਹ ਸਿਰ ਮੁਨਾ ਦੇਂਦੇ ਹਨ।

ਪਹਿਲਾ : ਪਰ ਕੀ ਤੁਸੀਂ ਸਮਝਦੇ ਹੋ ਕਿ ਇਹ ਏਵੇਂ ਕਿਵੇਂ ਹੀ ਹੋ ਗਿਆ ਹੈ। ਮੈਂ ਤੁਹਾਨੂੰ ਦੱਸਾਂ ਇਕ ਗੱਲ ? ਜੋ ਗੱਲ ਸਾਰੇ ਹਿੰਦੁਸਤਾਨ ਦੇ ਫ਼ਾਤਿਹ ਔਰੰਗਜ਼ੇਬ ਜਿਹੇ ਮੁਗ਼ਲ ਬਾਦਸ਼ਾਹ ਨਾ ਕਰ ਸਕੇ, ਜਿਸ ਗੱਲ ਨੂੰ ਬਾਦਸ਼ਾਹ ਦਾ ਸਿੱਖਾਂ ਦਾ ਨਾਮ ਨਿਸ਼ਾਨ ਮਿਟਾ ਦੇਣ ਵਾਲਾ ਹੁਕਮ ਪੂਰਾ ਨਾ ਕਰ ਸਕਿਆ, ਜਿਸ ਨੂੰ ਕਰਨ ਲਈ ਲਾਹੌਰ ਦੇ ਸੂਬੇਦਾਰ ਯਕੇ ਬਾਅਦ ਦੀਗਰੇ ਟਿੱਲ ਲਾਉਂਦੇ ਰਹੇ, ਪਰ ਨਾ ਕਰ ਸਕੇ, ਜਿਸ ਕੌਮ ਨੂੰ ਜੜ੍ਹ ਤੋਂ ਪੁੱਟ ਸੁੱਟਣ ਲਈ ਅਬਦਾਲੀ ਵਰਗੇ ਹਮਲਾਵਰ ਵਾਰ ਵਾਰ ਜ਼ੋਰ ਲਾ ਥਕੇ, ਪਰ ਸਫਲ ਨਾ ਹੋਏ, ਜਿਸ ਸਿੱਖੀ ਨੂੰ ਜੀਊਂਦਾ ਰੱਖਣ ਲਈ ਸਤਾਰਵੀਂ ਤੇ ਅਠਾਰ੍ਹਵੀਂ ਸਦੀ ਵਿਚ ਗੁਰੂ ਅਰਜਨ, ਗੁਰੂ ਤੇਗ਼ ਬਹਾਦਰ ਤੋਂ ਲੈ ਕੇ ਲੱਖਾਂ ਸਿੰਘਾਂ ਦਾ ਖ਼ੂਨ ਵੀਟਿਆ ਗਿਆ ਅਤੇ ਸਿੱਖੀ ਕਾਇਮ ਰਹੀ, ਉਸ ਸਿੱਖੀ ਨੂੰ ਬੀਤੇ ਪੰਝੀ ਤੀਹ ਵਰ੍ਹਿਆਂ ਨੇ ਮੂਧੇ ਮੂੰਹ ਪਾ ਦਿਤਾ ਹੈ।

ਚੌਥਾ : ਔਰ ਵਡੇ ਕਮਾਲ ਦੀ ਗੱਲ ਇਹ ਕਿ ਕਿਸੇ ਦੇ ਇਹ ਕਹਿਣ ਕਹਾਉਣ ਬਿਨਾਂ ਕਿ ਤੂੰ ਸਿਰ ਦੇ ਵਾਲ ਲੁਹਾ ਦੇਹ, ਦਾੜ੍ਹੀ ਮੁਨਾ ਲੈ ਜਾਂ ਸਿਗਰਟ ਪੀ ਲੈ, ਇਹ ਗੱਲ ਆਪਣੇ ਆਪ ਹੁੰਦੀ ਜਾ ਰਹੀ ਹੈ।

ਦੂਜਾ : ਪਰ ਇਹ ਕਿਵੇਂ ਮੰਨਿਆ ਜਾਏ ? ਅਸੀਂ ਵੇਖਦੇ ਹਾਂ ਕਿ ਇਕ ਇਕ ਸ਼ਹਿਰ ਵਿਚ ਵੀਹ ਵੀਹ ਅਖੰਡ ਪਾਠ ਰੋਜ਼ ਹੁੰਦੇ ਹਨ, ਸਿੱਖਾਂ ਦੇ ਜਲੂਸ ਏਨੇ ਸ਼ਾਨਦਾਰ ਹੁੰਦੇ ਹਨ ਕਿ ਕੋਈ ਇਨ੍ਹਾਂ ਜਿਹਾ ਜਲੂਸ ਕਢ ਨਹੀਂ ਸਕਦਾ, ਹਰ ਗਲੀ ਵਿਚ ਇਨ੍ਹਾਂ ਦਾ ਗੁਰਦੁਆਰਾ ਹੈ, ਜਿਥੇ ਸਵੇਰੇ ਸ਼ਾਮ ਇਹ ਸ਼ਬਦ ਪੜ੍ਹਦੇ ਸੁਣੀਂਦੇ ਹਨ, ਏਹਨਾਂ ਦੇ ਸਕੂਲਾਂ ਕਾਲਜਾਂ ਦਾ ਤਾਂ ਕੋਈ ਹਿਸਾਬ ਨਹੀਂ ਰਿਹਾ, ਨਾ ਪੰਜਾਬ ਵਿਚ ਅਤੇ ਨਾ ਪੰਜਾਬੋਂ ਬਾਹਰ, ਤਾਲੀਮ ਵਿਚ ਇਹ ਕਿਸੇ ਹੋਰ ਭਾਰਤੀ ਕੌਮ ਤੋਂ ਪਿਛੇ ਨਹੀਂ, ਵਪਾਰ ਤੇ ਕਾਰਖ਼ਾਨੇਦਾਰੀ ਵਿਚ ਇਹ ਅਗੇ ਹਨ, ਪੰਜਾਬ ਦਾ ਜ਼ਿਮੀਦਾਰਾ ਲਗ ਪਗ ਸਾਰਾ ਏਹਨਾਂ ਦੇ ਹੱਥ ਵਿਚ ਹੈ, ਟਰਾਂਸਪੋਰਟ ਵਿਚ ਏਹਨਾਂ ਦੀ ਚੌਧਰ ਹੈ, ਦੇਸ਼ ਦੀਆਂ ਫ਼ੌਜਾਂ ਵਿਚ ਇਨ੍ਹਾਂ ਦੀ ਸਭ ਤੋਂ ਵਧ

ਪੁੱਛ ਪ੍ਰਤੀਤ ਹੈ। ਇਨ੍ਹਾਂ ਦੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਰੀ ਕੌਮ ਦੀ ਵਾਹਿਦ (ਇਕੋ ਇਕ) ਨੁਮਾਇੰਦਾ ਜਮਾਤ ਹੈ, ਜਿਸ ਦਾ ਕ੍ਰੋੜਾਂ ਦਾ ਸਾਲਾਨਾ ਬਜਟ ਹੈ ਅਤੇ ਸਾਰੀ ਕੌਮ ਉਸ ਨੂੰ ਆਪਣਾ ਪ੍ਰਤਿਨਿਧ ਮੰਨਦੀ ਹੈ। ਇਹ ਕਮੇਟੀ ਚਾਹੇ ਤਾਂ ਕੌਮ ਦੀ ਨੁਹਾਰ ਬਦਲ ਕੇ ਰਖ ਦੇਵੇ। ਅਜੇ ਕੱਲ੍ਹ ਦੀ ਗੱਲ ਹੈ, ਇਨ੍ਹਾਂ ਨੇ ਆਪਣੇ ਬਲ ਬੋਤੇ ਵਖਰਾ ਪੰਜਾਬੀ ਸੂਬਾ ਲੈ ਕੇ ਛਡਿਆ ਹੈ। ਅਜਿਹੇ ਲੋਕਾਂ ਨੂੰ ਮੂਧੇ ਮੂੰਹ ਪਿਆ ਕਿਵੇਂ ਮੰਨਿਆ ਜਾਏ ? ਤੁਹਾਡੇ ਸਾਰੇ ਅੰਦਾਜ਼ੇ ਗ਼ਲਤ ਤੇ ਨਿਰ-ਅਧਾਰਤ ਹਨ।

ਪਹਿਲਾ : ਇਹ ਠੀਕ ਹੈ, ਜੋ ਤੁਸੀਂ ਕਹਿੰਦੇ ਹੋ ਅਤੇ ਓਪਰੀ ਨਜ਼ਰ ਨਾਲ ਵੇਖਣ ਵਾਲਾ ਹਰ ਕੋਈ ਤੁਹਾਡੇ ਵਾਂਗ ਹੀ ਸੋਚਦਾ ਹੈ। ਪਰ ਹੁਣ ਤਾਂ ਥੋੜ੍ਹੇ ਸਮੇਂ ਦੀ ਗੱਲ ਹੈ, ਸਭ ਕੁਝ ਤੁਹਾਡੇ ਸਾਮ੍ਹਣੇ ਆ ਜਾਵੇਗਾ। ਫ਼ਿਲਹਾਲ ਇਨ੍ਹਾਂ ਦਾ ਬੂਟਾ ਨਰੋਆ ਹੀ ਨਜ਼ਰ ਆਉਂਦਾ ਹੈ, ਪਰ ਇਸ ਦੀਆਂ ਜੜ੍ਹਾਂ ਵਿਚ ਸਿਉਂਕ ਲਗ ਚੁਕੀ ਹੈ, ਜੋ ਦਿਨੋ ਦਿਨ ਜੜ੍ਹਾਂ ਨੂੰ ਖਾ ਰਹੀ ਹੈ, ਤੁਸੀਂ ਵੇਖੋਗੇ ਕਿ ਇਹ ਜਲਦੀ ਹੀ ਪੀਲਾ ਪੈ ਜਾਵੇਗਾ, ਬਲਕਿ ਪੀਲਾ ਤਾਂ ਲਗ ਪਗ ਪੈ ਹੀ ਚੁਕਾ ਹੈ, ਹੁਣ ਤਾਂ ਇਸ ਦਾ ਉਖੜਨਾ ਹੀ ਬਾਕੀ ਹੈ।

ਦੂਜਾ : ਜੋ ਕੁਝ ਮੈਂ ਕਿਹਾ ਹੈ, ਉਸ ਨੂੰ ਸਾਮ੍ਹਣੇ ਰਖ ਕੇ ਗੱਲ ਕਰੋ।

ਪਹਿਲਾ : ਗੱਲ ਕੀ ਕਰਾਂ, ਤੁਹਾਡੇ ਕਹਿਣ ਵਿਚ ਤਾਂ ਵਜ਼ਨ ਹੀ ਕੋਈ ਨਹੀਂ। ਜਿਹੜੀ ਤੁਸੀਂ ਅਖੰਡ ਪਾਠਾਂ ਤੇ ਗੁਰਦੁਆਰਿਆਂ ਦੀ ਗੱਲ ਕਰਦੇ ਹੋ, ਅੰਦਰ ਵੜ ਕੇ ਵੇਖੋ ਤਾਂ ਨਿਰੀ ਦੁਕਾਨਦਾਰੀ ਹੈ, ਜਿਸ ਭਾਈ ਨੂੰ ਹੋਰ ਕੋਈ ਕੰਮ ਨਹੀਂ ਲਭਦਾ, ਉਹ ਗ੍ਰੰਥ ਸਾਹਿਬ ਰਖ ਕੇ ਗੁਰਦੁਆਰਾ ਖੋਲ੍ਹ ਬਹਿੰਦਾ ਹੈ। ਅਖੰਡ ਪਾਠ ਨਿਰਾ ਅਮੀਰਾਂ ਦੇ ਚੋਜ ਅਤੇ ਭਾਈਆਂ ਦੀ ਹੱਟੀ ਹਨ। ਜਿਸ ਪਾਸ ਸੌ ਦੋ ਸੌ ਰੁਪਏ ਖਰਚਣ ਦੀ ਸਮਰੱਥਾ ਹੈ ਉਹ ਚਾਰ ਭਾਈ ਸੱਦ ਅਖੰਡ ਪਾਠ ਖੁਲ੍ਹਾ ਲੈਂਦਾ ਹੈ ਅਤੇ ਆਂਢ-ਗਵਾਂਢ ਦੀ ਵਾਹ ਵਾਹ ਲੈ ਲੈਂਦਾ ਹੈ ਕਿ ਸਰਦਾਰ ਜੀ ਨੇ ਅਖੰਡ ਪਾਠ ਖੁਲ੍ਹਾਇਆ ਹੈ। ਸਰਦਾਰ ਜੀ ਦਾ ਵਿਸ਼ਵਾਸ ਹੈ ਕਿ ਉਮਰ ਭਰ ਦੀ ਬੇਈਮਾਨੀ ਦੀ ਖੱਟੀ ਅਖੰਡ ਪਾਠ ਖੁਲ੍ਹਾਉਣ ਨਾਲ ਪਾਕ ਪਵਿੱਤਰ ਹੋ ਜਾਂਦੀ ਹੈ ਅਤੇ ਭਾਈ ਜੀ, ਜਿਨ੍ਹਾਂ ਨੂੰ ਇਸ ਵਿਚੋਂ ਚਾਰ ਪੈਸੇ ਦੀ ਲਭਤ ਹੋਣੀ ਹੈ, ਸਰਦਾਰ ਜੀ ਦਾ ਐਸਾ ਸਿਦਕ ਬੰਨ੍ਹਾਉਣ ਦਾ ਕਾਰਨ ਹੁੰਦੇ ਹਨ। ਫਿਰ ਭਾਈ ਜੀ ਦਾ ਨਜ਼ਰੀਆ ਤਾਂ ਆਪਣੇ ਪੈਸੇ ਖਰੇ ਕਰਨਾ ਹੀ ਹੁੰਦਾ ਹੈ। ਕਈ ਵਾਰ ਸਰਦਾਰ ਜੀ ਭਾਈਆਂ ਪਾਸੋਂ ਕੀਤਾ-ਕਰਾਇਆ ਪਾਠ ਪੈਸੇ ਦੇ ਕੇ ਖ਼ਰੀਦ ਲੈਂਦੇ ਹਨ। ਇਹੋ ਹਾਲ ਰਾਗੀ ਸਿੰਘਾਂ ਦਾ ਹੈ, ਜਿਨ੍ਹਾਂ ਦੀ ਪੈਸੇ ਦੀ ਝਾਕ ਹੀ ਸ਼ਬਦ ਗਾਉਣ ਤੇ ਸੁਨਾਉਣ ਦਾ ਨਿਸ਼ਾਨਾ ਹੈ। ਨਾ ਸੁਣਨ ਵਾਲੇ ਤੇ ਨਾ ਸੁਣਾਉਣ ਵਾਲੇ ਹੀ ਸਿਖ ਹਨ, ਪੈਸੇ ਵਾਲਿਆਂ ਅੰਦਰ

ਪੈਸੇ ਦੀ ਨੁਮਾਇਸ਼ ਕਰ ਕੇ ਵਾਹ ਵਾਹ ਲੈਣ ਦੀ ਭੁਖ ਹੈ ਅਤੇ ਭਾਈਆਂ ਦੀ ਹੱਟੀ ਇਉਂ ਹੀ ਚਲ ਸਕਦੀ ਹੈ। ਦੋਵੇਂ ਆਪੋ ਆਪਣੀ ਥਾਵੇਂ ਠੀਕ ਹਨ, ਇਹ ਗੱਲ ਸੋਚਣ ਦੀ ਨਾ ਕਿਸੇ ਨੂੰ ਵਿਹਲ ਹੈ ਅਤੇ ਨਾ ਅਜਿਹੀ ਸਿਰ-ਦਰਦੀ ਦੀ ਉਹ ਲੋੜ ਹੀ ਸਮਝਦੇ ਹਨ ਕਿ ਸਿੱਖੀ ਜਾਂ ਸਿੱਖਾਂ ਦਾ ਕਰਮ ਕੀ ਹੈ ? ਭਲਾ ਤੁਸੀਂ ਕਦੀ ਸੋਚਿਆ ਹੈ ਕਿ ਹਰ ਗੁਰਦੁਆਰੇ ਏਡੇ ਉੱਚੇ ਉੱਚੇ ਲਾਊਡ ਸਪੀਕਰ ਕਿਉਂ ਲਗਦੇ ਹਨ। ਰਿਕਸ਼ਾ ਵਿਚ ਮਾਈਕ ਫੜੀ ਬੈਠੇ ਕਿਸੇ ਸਿਨੇਮਾ-ਸਰਕਸ ਦੇ ਢੰਡੋਰਚੀ ਅਤੇ ਇਹਨਾਂ ਵਿਚ ਕੀ ਫ਼ਰਕ ਹੈ ? ਜੇ ਧਰਮ ਢੰਡੋਰੇ ਦਿਤਿਆਂ ਫੈਲਦੇ ਹੋਣ ਤਾਂ ਹਰ ਢੰਡੋਰਚੀ ਆਪਣਾ ਧਰਮ ਚਲਾ ਲਵੇ। ਧਰਮ ਤੇ ਅੰਦਰ ਦੀ ਚੀਜ਼ ਹੈ ਅਤੇ ਗੁਪਤ ਰਹਿ ਕੇ ਵਧਦਾ ਹੈ। ਕਰਣੀ ਅਤੇ ਰਹਿਣੀ ਹੀ ਧਰਮ ਦੀ ਪ੍ਰੇਰਨਾ ਦਿਆ ਕਰਦੀਆਂ ਹਨ, ਨਿਰੇ ਢੰਡੋਰੇ ਨੂੰ ਅੱਜ ਕੌਣ ਸੁਣਦਾ ਹੈ ? ਜੇ ਕਹੋ ਕਿ ਗੁਰਦੁਆਰਿਆਂ ਤੋਂ ਬਰਾਡ-ਕਾਸਟ ਕੀਤਾ ਪਾਠ ਕੀਰਤਨ ਲੋਕਾਂ ਨੂੰ ਗੁਰਦੁਆਰੇ ਆਉਣ ਦੀ ਪ੍ਰੇਰਨਾ ਦੇਂਦਾ ਹੈ ਤਾਂ ਇਹ ਗੱਲ ਬਿਲਕੁਲ ਗ਼ਲਤ ਹੈ, ਕਿਉਂਕਿ ਹਰ ਰੋਜ਼ ਦੇ ਲਾਊਡ-ਸਪੀਕਰ ਠਠਿਆਰ ਦੀ ਨਿਤਾਪ੍ਰਤੀ ਦੀ ਠਕ ਠਕ ਤੋਂ ਵਧ ਕੋਈ ਅਰਥ ਨਹੀਂ ਰਖਦੇ, ਜਿਸ ਨੂੰ ਉਸੇ ਛਤ ਹੇਠ ਰਹਿੰਦਾ ਕਬੂਤਰ ਸੁਣਦਾ ਹੋਇਆ ਵੀ ਆਪਣੀ ਗੁਟਕੂ-ਗੂੰ ਵਿਚ ਮਸਤ ਰਹਿੰਦਾ ਹੈ, ਅਤੇ ਭਲਾ, ਜੇ ਸੈਂਕੜਿਆਂ ਵਿਚੋਂ ਕੋਈ ਇਕ ਆਪਣੀ ਰਜਾਈ ਦੀ ਨਿਘ ਮਾਣਦਾ ਹੋਇਆ ਗੁਰਦੁਆਰਿਆਂ ਤੋਂ ਬਰਾਡ-ਕਾਸਟ ਹੋਏ ਸ਼ਬਦ ਸੁਣਦਾ ਭੀ ਹੈ ਤਾਂ ਇਹ ਸਗੋਂ ਉਸ ਦੇ ਲਈ ਪ੍ਰੇਰਨਾ ਹੈ ਕਿ ਗੁਰਦੁਆਰੇ ਜਾਣ ਦੀ ਕੀ ਲੋੜ ਹੈ, ਜਦੋਂ ਨਿਘੀ ਬੁਕਲ ਵਿਚ ਬੈਠਿਆਂ ਹੀ ਸਭ ਕੁਝ ਸੁਣ ਰਿਹਾ ਹੈ।

ਰਹੀ ਗੱਲ ਸਕੂਲਾਂ ਕਾਲਜਾਂ ਦੀ। ਇਹ ਠੀਕ ਹੈ ਕਿ ਪ੍ਰਾਈਵੇਟ (denominational) ਆਸ਼ਰਮ ਇਸ ਲਈ ਖੋਲ੍ਹੇ ਗਏ ਸਨ ਕਿ ਇਨ੍ਹਾਂ ਵਿਚ ਪ੍ਰਵਾਣਤ ਪੜ੍ਹਾਈ ਦੇ ਕੋਰਸਾਂ ਤੋਂ ਇਲਾਵਾ ਧਰਮਾਂ ਦੀ ਸਿਖਿਆ ਦਿਤੀ ਜਾ ਸਕੇ। ਅਵਲ ਤਾਂ ਭਾਰਤ ਦੀ ਆਜ਼ਾਦ ਸਰਕਾਰ ਅਤੇ ਇਸ ਦੀ ਕਹੀ ਜਾਂਦੀ ਸੈਕੂਲਰ ਪਾਲਿਸੀ ਦੇ ਦਬਾ ਹੇਠ ਇਹਨਾਂ ਆਸ਼ਰਮ ਦੇ ਪ੍ਰਬੰਧਕ ਆਪਣੇ ਆਪ ਹੀ ਧਾਰਮਕ ਸਿਖਿਆ ਨੂੰ ਤਿਲਾਂਜਲੀ ਦੇ ਚੁਕੇ ਹਨ, ਅਤੇ ਜੇ ਕੋਈ ਕਸਰ ਰਹਿ ਗਈ ਸੀ ਤਾਂ ਉਸ ਨੂੰ ਅੱਜ-ਕੱਲ੍ਹ ਦੀਆਂ ਵਿਦਿਆਰਥੀ ਲਹਿਰਾਂ ਅਤੇ ਉਹਨਾਂ ਦੀ ਕਹੀ ਜਾਂਦੀ ਆਜ਼ਾਦ ਸੋਚਣੀ ਨੇ ਪੂਰਾ ਕਰ ਦਿਤਾ ਹੈ। ਇਹ ਤਾਂ ਰੱਬ ਜਾਣੇ ਕਿ ਉਹ ਕਿਸੇ ਹੋਰ ਪਖੋਂ ਆਜ਼ਾਦ ਹੋਏ ਹਨ ਜਾਂ ਨਹੀਂ, ਪਰ ਧਰਮ ਅਤੇ ਇਖ਼ਲਾਕ ਵਲੋਂ ਉਹ ਜ਼ਰੂਰ ਆਜ਼ਾਦ ਹੋ ਗਏ ਹਨ, ਅਤੇ ਚੂੰਕਿ ਸਿਖ ਨਿਰਾ ਰਹਿਣੀ ਅਤੇ ਕਰਣੀ ਦਾ ਹੀ ਧਰਮ ਹੈ, ਜਿਸ ਦਾ ਇਹਨਾਂ ਲਹਿਰਾਂ ਅੰਦਰ ਕੋਈ ਮੁੱਲ ਨਹੀਂ

ਰਿਹਾ, ਇਸ ਲਈ ਸਭ ਤੋਂ ਵਧ ਅਸਰ ਜੋ ਇਨ੍ਹਾਂ ਅਖਾਉਤੀ ਆਜ਼ਾਦੀ ਲਹਿਰਾਂ ਦਾ ਪਿਆ, ਉਹ ਸਿੱਖਾਂ ਉਪਰ ਹੈ। ਅਜਿਹੇ ਧਰਮ ਅਤੇ ਇਖ਼ਲਾਕ-ਵਿਰੋਧੀ ਵਿਚਾਰਾਂ ਨੂੰ ਹੋਰ ਹਵਾ ਦੇਣ ਕਾਰਨ ਉਹ ਇਸ਼ਕੀਆ ਨਗ਼ਮੇ, ਨਾਚ ਤੇ ਨਿਤ ਨਵੇਂ-ਫ਼ੈਸ਼ਨ-ਦਰਸਾਉਂਦੀਆਂ-ਤਸਵੀਰਾਂ ਹਨ ਜੋ ਸਿਨੇਮਾ ਘਰਾਂ, ਰੇਡੀਓ ਅਤੇ ਟੈਲੀਵੀਜ਼ਨਾਂ ਤੋਂ ਵਿਖਾਏ ਤੇ ਸੁਣਾਏ ਜਾਂਦੇ ਹਨ ਅਤੇ ਜਿਨ੍ਹਾਂ ਉਪਰ ਪ੍ਰਵਾਨਗੀ ਦੀ ਛਾਪ ਸਾਡੀ ਆਜ਼ਾਦ ਸਰਕਾਰ ਵਲੋਂ ਲਗੀ ਹੋਈ ਹੈ। ਇਕ ਹੋਰ ਚੇਤੇ ਰੱਖਣ ਵਾਲੀ ਗੱਲ ਹੈ ਕਿ ਬੀਤੇ ਪੰਝੀ ਤੀਹ ਸਾਲਾਂ ਨੇ ਮਨੁੱਖ ਦੀ ਸੋਚਣੀ ਦਾ ਢੰਗ ਹੀ ਬਦਲ ਦਿਤਾ ਹੈ, ਜਿਸ ਨੇ ਸਾਡੇ ਅੱਜ ਦੇ ਵੀਚਾਰਾਂ ਅਤੇ ਸਾਡੀ ਪਰੰਪਰਾ ਵਿਚਾਲੇ ਜ਼ਮੀਨ ਅਸਮਾਨ ਜਿਹਾ ਪਾੜਾ ਪਾ ਦਿਤਾ ਹੈ। ਧਰਮ, ਸਚਾਈ, ਇਖ਼ਲਾਕ, ਸ਼ਰਮ-ਹਯਾ, ਨੇਕੀ ਤੇ ਈਮਾਨਦਾਰੀ ਦੀਆਂ ਕੀਮਤਾਂ ਹੀ ਬਦਲ ਗਈਆਂ ਹਨ। ਜਿਸ ਨੂੰ ਕਲ੍ਹ ਧਰਮ-ਸਚਾਈ ਤੇ ਨੇਕੀ ਸਮਝਿਆ ਜਾਂਦਾ ਸੀ, ਉਹ ਅੱਜ ਭਰਮ-ਭ੍ਰਾਂਤੀ ਤੇ ਸਾਦਾਪਣ ਵਿਚ ਬਦਲ ਗਿਆ ਹੈ। ਜੋ ਗੱਲ ਕੱਲ੍ਹ ਸ਼ਰਮ-ਹਯਾ ਸਮਝੀ ਜਾਂਦੀ ਸੀ, ਉਹ ਅੱਜ ਦੀਆਂ ਕੁੜੀਆਂ ਨੂੰ ਮਾਡਰਨ ਨਾ ਹੋਣ ਦਾ ਦੋਸ਼ੀ ਠਹਿਰਾਉਂਦੀ ਹੈ। ਲਾਰਡ ਟਨੀਸਨ ਨੇ ਜੋ ਕਿਹਾ ਸੀ, 'The old order changeth, yielding place to new.' (ਨਵੇਂ ਵਰਤਾਰੇ ਨੇ ਪੁਰਾਣੇ ਦੀ ਥਾਂ ਲੈ ਲਈ ਹੈ) ਉਹ ਸਾਡੇ ਨੌਜਵਾਨਾਂ ਵਿਚ ਠੀਕ ਹੀ ਵਾਪਰ ਚੁਕੀ ਹੈ। ਅੱਜ ਦੇ ਨੌਜਵਾਨਾਂ ਲਈ ਰੱਬ ਮਰ ਚੁਕਾ ਹੈ, ਮਾਂ ਬਾਪ ਪਿਛਲੇ ਜੁਗ ਦੇ ਬੰਦੇ ਹਨ ਜੋ ਅੱਜ ਦੇ ਸਮਾਜ ਅੰਦਰ (fit in) ਠੀਕ ਨਹੀਂ ਢੁਕਦੇ। ਇਹ ਨਵੀਨਤਾ ਦਾ ਜ਼ਮਾਨਾ ਹੈ, ਪੁਰਾਤਨਤਾ ਦੀ ਇਸ ਵਿਚ ਕੋਈ ਥਾਂ ਨਹੀਂ। ਜੋ ਵਿਚਾਰਧਾਰਾ ਜ਼ਮਾਨੇ ਨਾਲ ਨਹੀਂ ਬਦਲਦੀ, ਉਸ ਦਾ ਸਮੇਂ ਨਾਲ ਤੁਰਨਾ ਮੁਸ਼ਕਲ ਹੋ ਜਾਂਦਾ ਹੈ। ਫਿਰ ਜਦੋਂ ਧਰਮ-ਵਿਰੋਧੀ ਜਮਾਤਾਂ ਖੁਲ੍ਹੇ ਤੌਰ 'ਤੇ ਆਪਣਾ ਝੰਡਾ ਉੱਚਾ ਝੁਲਾਉਣ ਲਈ ਤੁਲੀਆਂ ਹੋਣ ਤਾਂ ਮੁਕਾਬਲਾ ਹੋਰ ਭੀ ਕਠਨ ਹੋ ਜਾਂਦਾ ਹੈ। ਤੁਹਾਨੂੰ ਸ਼ਾਇਦ ਪਤਾ ਨਹੀਂ ਕਿ ਮੁੰਡਿਆਂ ਨੂੰ ਸਿੱਖੀ ਵਲੋਂ ਮੁਨਹੱਰਫ਼ ਕਰਨ (ਡੇਗਣ) ਲਈ ਕਈ ਤਨਖ਼ਾਹਦਾਰ (paid) ਧਰਮ-ਵਿਰੋਧੀ ਭਾਵ ਫੈਲਾਉਣ ਦਾ ਕੰਮ ਕਰਦੇ ਹਨ। ਉਹ ਪ੍ਰਗਟ ਤੌਰ 'ਤੇ ਭਾਸ਼ਣ ਰੂਪ ਵਿਚ ਇਹ ਕੰਮ ਨਹੀਂ ਕਰਦੇ, ਬਲਕਿ ਉਹਨਾਂ ਦਾ ਸਾਧਨ ਵਿਦਿਆਰਥੀਆਂ ਦੀ ਆਪੋ ਵਿਚਲੀ ਗੱਲਬਾਤ (table-talk) ਹੁੰਦਾ ਹੈ। ਧਰਮ ਤਥਾ ਧਾਰਮਕ ਰੁਚੀ ਰਖਣ ਵਾਲੇ ਮੁੰਡਿਆਂ ਨਾਲ ਟਿਚਕਰ, ਸ਼ਰਾਬ ਅਤੇ ਹੋਰ ਨਸ਼ੀਲੀ ਚੀਜ਼ਾਂ ਦੀ ਵਰਤੋਂ ਕਰਨੀ ਕਰਾਉਣੀ, ਇਸ਼ਕੀਆ ਗਾਣੇ ਤੇ ਮਜਲਸਾਂ ਸਿਨਮਿਆਂ ਵਿਚ ਜਾਣ ਦੀ ਪ੍ਰੇਰਨਾ, ਭਾਂਤ ਭਾਂਤ ਦੇ ਫ਼ੈਸ਼ਨਾਂ ਨੂੰ ਹਵਾ ਦੇਣੀ, ਹਰ ਵਿਦਿਆਰਥੀ-ਐਜੀਟੇਸ਼ਨ ਵਿਚ

ਲੀਡ ਦੇਣਾ ਉਨ੍ਹਾਂ ਦੇ ਨਿਤ ਕਰਮ ਬਣੇ ਹੁੰਦੇ ਹਨ। ਫਿਰ ਸਿਖ ਮੁੰਡੇ ਨੂੰ ਡੇਗਣਾ ਤਾਂ ਕੋਈ ਮੁਸ਼ਕਲ ਹੀ ਨਹੀਂ, ਕਿਉਂਕਿ ਸਿਖ ਦੇ ਪ੍ਰਗਟ ਨਿਸ਼ਾਨ ਦਾੜ੍ਹੀ ਅਤੇ ਸਿਰ ਦੇ ਵਾਲ ਤੇ ਪਗੜੀ ਹੀ ਮੰਨੇ ਗਏ ਹਨ, ਜੋ ਅੱਜ ਦੇ ਨਿਤ ਨਵੇਂ ਬਦਲਦੇ ਫ਼ੈਸ਼ਨਾਂ ਨਾਲ ਮੇਲ ਨਹੀਂ ਖਾਂਦੇ। ਮਨੁੱਖ ਦਾ ਕੁਦਰਤੀ ਸੁਭਾਉ ਹੈ ਕਿ ਉਹ ਤਬਦੀਲੀ ਤਥਾ ਨਵੀਂ ਗੱਲ, ਨਵੀਂ ਸ਼ੇਪ, ਨਵੇਂ ਫ਼ੈਸ਼ਨ ਦੀ ਪਕੜ ਬਹੁਤ ਛੇਤੀ ਕਰਦਾ ਹੈ ਅਤੇ ਜੇਕਰ ਉਸਦਾ ਮਨ ਥੋੜ੍ਹਾ ਜਿਹਾ ਭੀ ਕਮਜ਼ੋਰ ਹੈ ਤਾਂ ਦਾੜ੍ਹੀ ਨੂੰ ਦਿਤੀ ਮਾਮੂਲੀ ਸ਼ੇਪ, ਸਿਰ ਦੇ ਵਾਲਾਂ ਨੂੰ ਵਿਸ਼ੇਸ਼ ਢੰਗ ਨਾਲ ਸੰਵਾਰਨਾ-ਸ਼ਿੰਗਾਰਨਾ-ਮੁਸ਼ਕਾਉਣਾ ਅਤੇ ਨੰਗੇ ਸਿਰ ਇਸ ਦੀ ਪ੍ਰਦਰਸ਼ਨੀ ਕਰਨਾ ਉਸ ਦੇ ਮਨ ਨੂੰ ਅਜਿਹਾ ਬਣ ਕੇ ਫਿਰਨ ਦੀ ਪ੍ਰੇਰਨਾ ਦੇਂਦੇ ਹਨ ਅਤੇ ਇਸ ਤਰ੍ਹਾਂ ਵੇਖੋ-ਵੇਖੀ ਸਿਖ ਮੁੰਡੇ ਪਹਿਲੋਂ ਪੱਗ ਉਤਾਰ ਕੇ ਫਿਰਨਾ ਸਿਖਦੇ ਹਨ ਅਤੇ ਫਿਰ ਆਪਣੇ ਹਮਸਾਏ ਗ਼ੈਰ ਸਿਖ ਮੁੰਡਿਆਂ ਵਾਲਾ ਰੂਪ ਧਾਰਨ ਕਰਨ ਦੀ ਪ੍ਰੇਰਨਾ ਲੈਂਦੇ ਹਨ। ਇਹੋ ਹਾਲ ਗਰਲ ਸਟੂਡੈਂਟਸ ਦਾ ਹੈ ਅਤੇ ਇਸ ਤਰ੍ਹਾਂ ਖ਼ਰਬੂਜ਼ੇ ਦੇ ਰੰਗ ਫੜਨ ਵਾਂਗੂੰ ਵੇਖੋ-ਵੇਖੀ ਇਹ ਗੱਲ ਫੈਲਦੀ ਜਾਂਦੀ ਹੈ। ਫਿਰ ਜਦੋਂ ਕੋਈ ਵਿਸ਼ੇਸ਼ ਪਾਰਟੀ ਸਿਖ ਮੁੰਡਿਆਂ ਕੁੜੀਆਂ ਨੂੰ ਪੱਤਤ ਕਰਨ ਪਰ ਤੁੱਲੀ ਹੋਈ ਹੋਵੇ ਤਾਂ ਉਹਨਾਂ ਲਈ ਅਜਿਹਾ ਕਰ ਲੈਣਾ ਮੁਸ਼ਕਲ ਨਹੀਂ ਹੁੰਦਾ, ਅਤੇ ਸ਼ਕਲ ਨਾ ਰਹੇ ਤਾਂ ਸਿੱਖੀ ਅਸੂਲਾਂ ਦੀ ਪਕੜ ਇਸ ਦੇ ਨਾਲ ਹੀ ਖ਼ਤਮ ਹੋ ਜਾਂਦੀ ਹੈ। ਮੁੰਡੇ ਆਮ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਅੰਦਰ ਦੀ ਸਿੱਖੀ ਹੋਣੀ ਚਾਹੀਦੀ ਹੈ ਅਤੇ ਇਹੋ ਗੱਲ ਉਹਨਾਂ ਨੂੰ ਦਾੜ੍ਹੀ ਕੇਸ ਕਟਾਉਣ ਦੀ ਪ੍ਰੇਰਨਾ ਦੇਂਦੀ ਹੈ, ਪਰ ਉਹ ਇਹ ਗੱਲ ਨਹੀਂ ਸਮਝਦੇ ਕਿ ਮਨੁੱਖੀ ਸੁਭਾਉ (nature) ਗੁਪਤ ਨਾਲੋਂ ਪਰਤੱਖ ਦਾ ਵਧੇਰੇ ਕਾਇਲ ਹੈ ਅਤੇ ਆਮ ਤੌਰ 'ਤੇ ਪਰਤੱਖ ਦੀ ਸ਼ਰਮ ਹੀ ਗੁਪਤ ਨੂੰ ਨਿਰੋਈ ਸੇਧ ਦੇਂਦੀ ਹੈ। ਪਰਤੱਖ ਨੂੰ ਗਵਾ ਕੇ ਗੁਪਤ ਦੀ ਹੋਂਦ ਦਾ ਦਾਅਵਾ ਬੇ-ਅਰਥ ਤੇ ਫ਼ਜ਼ੂਲ ਹੈ। ਜੋ ਸ਼ਖ਼ਸ ਪਰਤੱਖ ਸ਼ਕਲ ਦੇ ਹੁੰਦਿਆਂ ਹੋਇਆਂ ਗੁਪਤ (ਅੰਦਰਲੀ) ਸਿੱਖੀ ਤੋਂ ਵਾਂਝਾ ਹੈ, ਉਸ ਦੇ ਪਰਤੱਖ ਨੂੰ ਗਵਾ ਕੇ ਗੁਪਤ ਦੇ ਰਖਣ ਦਾ ਕਿਸ ਤਰ੍ਹਾਂ ਭਰੋਸਾ ਕੀਤਾ ਜਾ ਸਕਦਾ ਹੈ। ਇਸੇ ਲਈ ਹੀ ਮੁਗ਼ਲ ਰਾਜ ਸਮੇਂ ਭੀ ਸਿਖ ਨੂੰ ਖ਼ਤਮ ਕਰਨ ਲਈ ਵੱਡਾ ਸਾਧਨ ਸਿਖ ਦੇ ਰੂਪ ਨੂੰ ਵਿਗਾੜਨ ਅਥਵਾ ਕੇਸ ਦਾੜ੍ਹੀ ਕਟ ਦੇਣ ਨੂੰ ਹੀ ਮੰਨਿਆ ਗਿਆ ਸੀ ਅਤੇ ਅੱਜ ਭੀ ਸਿਖ-ਵਿਰੋਧੀ ਜਾਤਾਂ ਇਸੇ ਪਾਸੇ ਲਗ ਰਹੀਆਂ ਹਨ। ਫਿਰ ਕਿਸੇ ਕੌਮ ਜਾਂ ਨੇਸ਼ਨ ਦੀ ਜਮਾਤੀ ਹੋਂਦ ਨੂੰ ਖ਼ਤਮ ਕਰਨ ਦਾ ਮੁਖ ਜ਼ਰੀਆ ਉਸ ਦਾ ਨਿਸ਼ਾਨ (Insignia) ਮਿਟਾ ਦੇਣਾ ਹੁੰਦਾ ਹੈ, ਕਿਸ ਦੇ ਅੰਦਰ ਗੁਰੂ ਦੀ ਤਾਲੀਮ ਹੈ ਜਾਂ ਨਹੀਂ, ਇਹ ਗੱਲ ਪਿਛੋਂ ਵੇਖੀ ਜਾਂਦੀ ਹੈ। ਪਹਿਲੀ ਗੱਲ ਉਸ ਦਾ ਰੂਪ ਵਿਗਾੜਨ ਦੀ ਹੁੰਦੀ ਹੈ। ਇਸੇ

ਲਈ ਸਿਖ-ਵਿਰੋਧੀ ਲੋਕਾਂ ਦਾ ਸਿਖ ਨੌਜਵਾਨਾਂ ਨੂੰ ਸਿੱਖੀ ਵਲੋਂ ਮੋੜਨ ਦਾ ਪਹਿਲਾ ਜਤਨ ਉਹਨਾਂ ਦੇ ਪਰਤੱਖ ਦਰਸ਼ਨ ਨੂੰ ਖ਼ਤਮ ਕਰਨਾ ਹੈ।

ਚੌਥਾ : ਇਕ ਹੋਰ ਗੱਲ ਜੋ ਵਡੇ ਵਡੇਰੇ ਸਿਖ ਘਰਾਣਿਆਂ ਦੇ ਗਭਰੂਆਂ ਨੂੰ ਸਿੱਖੀ ਤੋਂ ਦੁਰੇਡੇ ਲੈ ਜਾ ਰਹੀ ਹੈ, ਉਹ ਹੈ ਇਨ੍ਹਾਂ ਦਾ ਵਿਸ਼ਵਾਸ ਕਿ ਕਨਵੈਂਟ ਸਕੂਲਾਂ ਦੇ ਪੜ੍ਹੇ ਮੁੰਡੇ ਕੁੜੀਆਂ ਲਾਇਕ ਅਤੇ ਸਮੇਂ ਦੀ ਮਾਡਰਨ ਰਹਿਣੀ ਦੇ ਵਧੇਰੇ ਅਨੁਕੂਲ ਹੁੰਦੇ ਹਨ। ਮਾਪਿਆਂ ਦੇ ਆਪਣੇ ਅੰਦਰ ਸਿੱਖੀ ਵਾਲੀ ਪਕੜ ਨਾ ਹੋਣ ਕਰਕੇ ਉਹ ਘਰ ਹੁੰਦਿਆਂ ਭੀ ਬੱਚੇ ਨੂੰ ਸਿਖ ਰਹਿਣੀ ਸਿਖਲਾ ਨਹੀਂ ਸਕਦੇ ਅਤੇ ਨਾ ਉਨ੍ਹਾਂ ਦੇ ਅੰਦਰ ਬੱਚੇ ਨੂੰ ਸਿਖ ਬਣਾਉਣ ਦੀ ਕੋਈ ਖਿੱਚ ਹੁੰਦੀ ਹੈ। ਇਕੋ ਗੱਲ ਜੋ ਉਨ੍ਹਾਂ ਦੇ ਅੰਦਰ ਸਮਾਈ ਹੈ, ਉਹ ਹੈ ਬੱਚੇ ਦਾ ਖਾਣ ਪੀਣ, ਪਹਿਨਣ ਤੇ ਬੋਲ ਚਾਲ ਅਜਿਹਾ ਬਣਾਉਣਾ, ਜਿਸ ਨਾਲ ਸੋਹਣੀ ਕਲੱਬ-ਲਾਈਫ਼ ਬਿਤਾ ਸਕੇ, ਅਤੇ ਕਹੇ ਜਾਂਦੇ ਅਗਾਂਹ-ਵਧੂ ਮਾਡਰਨ ਲੋਕਾਂ ਦੀ ਸੁਸਾਇਟੀ ਵਿਚ ਵਿਚਰ ਸਕੇ। ਸਿਖ ਬੱਚਿਆਂ ਨੂੰ ਕਨਵੈਂਟ ਸਕੂਲਾਂ ਵਿਚ ਜੋ ਸੁਸਾਇਟੀ ਮਿਲਦੀ ਹੈ ਉਹ ਭੀ ਅਕਸਰ ਸਿੱਖੀ ਅਨਕੂਲ ਨਹੀਂ ਹੁੰਦੀ। ਇਸ ਤਰ੍ਹਾਂ ਸਿਖ ਬੱਚੇ ਨਾ ਘਰ ਅਤੇ ਨਾ ਸਕੂਲ ਵਿਚ ਸਿੱਖੀ ਵਾਤਾਵਰਣ ਵੇਖਦੇ ਹਨ। ਨਿਰਾ ਸਿਖ-ਘਰ ਵਿਚ ਪੈਦਾ ਹੋਣਾ ਉਨ੍ਹਾਂ ਨੂੰ ਸਿਖ ਨਹੀਂ ਰਖ ਸਕਦਾ, ਬਲਕਿ ਸਕੂਲੇ ਪ੍ਰਾਪਤ ਹੋਈ ਸੁਸਾਇਟੀ ਉਨ੍ਹਾਂ ਨੂੰ ਸਿਖ ਦੀ ਸ਼ਕਲ ਤੋਂ ਭੀ ਮੁਤਨਫ਼ਰ ਕਰ ਦੇਂਦੀ ਹੈ ਅਤੇ ਜਿਵੇਂ ਹੀ ਉਹ ਹੋਸ਼ ਸੰਭਾਲਦੇ ਹਨ ਉਨ੍ਹਾਂ ਦਾ ਪਹਿਲਾ ਕੰਮ ਸਿਖ ਵਾਲੀ ਸ਼ਕਲ ਤਿਆਗਣਾ ਹੁੰਦਾ ਹੈ। ਪਰ ਉਨ੍ਹਾਂ ਦਾ ਇਸ ਵਿਚ ਕੋਈ ਕਸੂਰ ਨਹੀਂ, ਕਿਉਂਕਿ ਉਨ੍ਹਾਂ ਨੂੰ ਤਾਂ ਇਹ ਪਤਾ ਹੀ ਨਹੀਂ ਹੁੰਦਾ ਕਿ ਸਿੱਖੀ ਕੀ ਹੈ ਅਤੇ ਸਿਖ ਦੀ ਕੋਈ ਨਿਆਰੀ ਹੋਂਦ ਭੀ ਹੈ।

ਦੂਜਾ : ਤੁਸਾਂ ਜੋ ਕਿਹਾ ਹੈ ਇਸ ਵਿਚ ਵਾਕਈ ਬੜਾ ਵਜਨ ਹੈ, ਪਰ ਸਿਖ ਆਰਥਕ ਤੌਰ 'ਤੇ ਕਾਫ਼ੀ ਖ਼ੁਸ਼ਹਾਲ ਹੈ ਅਤੇ ਜਥੇਬੰਦ ਭੀ ਹੋਰ ਕੌਮਾਂ ਨਾਲੋਂ ਵਧੇਰਾ ਹੈ। ਇਹ ਦੋਨੋਂ ਗੱਲਾਂ ਇਸ ਦੀ ਆਜ਼ਾਦ ਹੋਂਦ ਰੱਖਣ ਲਈ ਵੱਡੀਆਂ ਸਹਾਈ ਹਨ। ਇਹ ਇਨ੍ਹਾਂ ਦੀ ਬਦਕਿਸਮਤੀ ਹੈ ਕਿ ਇਨ੍ਹਾਂ ਆਪਣੀ ਦਸ਼ਾ ਦਾ ਲਾਭ ਨਹੀਂ ਉਠਾਇਆ, ਪਰ ਇਨ੍ਹਾਂ ਦਾ ਜਦੋਂ ਭੀ ਏਧਰ ਧਿਆਨ ਹੋ ਗਿਆ, ਇਹ ਬੜੀ ਛੇਤੀ ਪਾਸਾ ਪਲਟ ਸਕਣਗੇ।

ਪਹਿਲਾ : ਤੁਹਾਡਾ ਕਹਿਣਾ ਠੀਕ ਹੈ, ਪਰ ਇਸ ਵਿਚ ਭੀ ਬਹੁਤ ਭੇਦ ਹੈ। ਸਿਖ ਦੀ ਖ਼ੁਸ਼ਹਾਲੀ ਦਾ ਮੁਢਲਾ ਤੇ ਵੱਡਾ ਕਾਰਨ ਪੰਜਾਬ ਜਿਹੇ ਉਪਜਾਊ ਖਿੱਤੇ ਅੰਦਰ ਇਸ ਦਾ ਖੇਤੀ ਬਾੜੀ ਦੇ ਕਿੱਤੇ ਨੂੰ ਅਪਨਾਉਣਾ ਹੈ। ਏਥੋਂ ਤਕ ਕਿ ਪੰਜਾਬ ਦੇ ਵਾਹੀ ਵਾਹ ਦੀ ਕੋਈ ਗੱਲ ਸਮੁਚੇ ਤੌਰ 'ਤੇ ਸਿਖ ਦੀ ਗੱਲ

ਸਮਝੀ ਜਾਂਦੀ ਹੈ। ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲੋਂ ਪੰਜਾਬ ਵਿਚ ਸਿਖਾਂ ਦੀ ਵਸੋਂ ਕੇਵਲ ੧੩ ਫ਼ੀ ਸਦੀ ਸੀ, ਪਰੰਤੂ ਉਹ ੪੦ ਫ਼ੀ ਸਦੀ ਧਰਤੀ ਦਾ ਮਾਲਕ ਸੀ ਅਤੇ ਇਸ ਦੇ ਹਲ ਹੇਠ ੫੦ ਫ਼ੀ ਸਦੀ ਤੋਂ ਭੀ ਜ਼ਿਆਦਾ ਧਰਤੀ ਸੀ। ਉਸ ਸਮੇਂ ਦੇ ਪੰਜਾਬ ਦੀਆਂ ਸਾਂਦਲ, ਗੰਜੀ ਅਤੇ ਨੀਲੀ ਬਾਰਾਂ ਇਸੇ ਦਾ ਸਿਰ ਸਦਕਾ ਆਬਾਦ ਹੋਈਆਂ, ਯੂ.ਪੀ. ਦੇ ਤਰਾਈ ਦੇ ਮੈਦਾਨ ਅਤੇ ਬੀਕਾਨੇਰ ਦੇ ਥਲਾਂ ਨੂੰ ਸਬਜ਼ਾ-ਜ਼ਾਰ ਬਣਾ ਦੇਣ ਵਾਲਾ ਸਿਖ ਹੀ ਸੀ, ਜਿਨ੍ਹਾਂ ਨੇ ਇਸ ਦੀ ਮਾਲੀ ਦਸ਼ਾ ਨੂੰ ਬਹੁਤ ਉੱਚਾ ਕੀਤਾ। ਦੇਸ਼-ਵੰਡ ਨੇ ਬਾਰਾਂ ਇਸ ਪਾਸੋਂ ਖੋਹ ਲਈਆਂ ਅਤੇ ਆਜ਼ਾਦ ਭਾਰਤ ਅੰਦਰ ਵਖੋ ਵਖ ਪ੍ਰਾਂਤਾਂ ਦੇ ਸੂਬਾਈ ਪਿਆਰ (provincialism) ਨੇ ਤਰਾਈ ਅਤੇ ਰਾਜਿਸਥਾਨ ਅੰਦਰ ਇਨ੍ਹਾਂ ਦੇ ਵਧਣ ਨੂੰ ਵੀ ਠੱਲ੍ਹ ਪਾ ਦਿਤੀ ਅਤੇ ਇਨ੍ਹਾਂ ਦਾ ਵਧਣਾ ਫੁੱਲਣਾ, ਜੋ ਪੰਜਾਬ ਦੇ ੨੯ ਜ਼ਿਲਿਆਂ ਅਤੇ ਤਿੰਨ ਚਾਰ ਸਿਖ ਰਿਆਸਤਾਂ ਦੀ ਥਾਂ ਕੁਝ ਜ਼ਿਲਿਆਂ ਤਕ ਸੀਮਤ ਹੋ ਗਿਆ। ਉਸ ਵਿਚੋਂ ਭੀ ਹਰਿਆਣਾ ਤੇ ਹਿਮਾਚਲ ਦੇ ਇਲਾਕੇ ਕੱਢ ਕੇ ਪੰਜਾਬ ਨੂੰ ਉਕਾ ਹੀ ਲੂਲ੍ਹਾ ਤੇ ਲੰਗੜਾ ਕਰ ਦਿਤਾ ਗਿਆ ਹੈ। ਇਸ ਤਬਦੀਲੀ ਨੇ ਜੇ ਸਭ ਤੋਂ ਵਧ ਸੱਟ ਕਿਸੇ ਨੂੰ ਮਾਰੀ ਤਾਂ ਉਹ ਵਾਹੀ ਵਾਹ ਸਿਖ ਨੂੰ ਹੈ। ਫਿਰ ਸਾਡੀ ਆਜ਼ਾਦ ਸਰਕਾਰ ਦੀ ਨੀਤੀ ਨੇ, ਥੋੜ੍ਹੀਆਂ ਬਹੁਤ ਜ਼ਮੀਨਾਂ ਜੋ ਇਨ੍ਹਾਂ ਪਾਸ ਰਹਿ ਗਈਆਂ ਸਨ, ਉਨ੍ਹਾਂ ਨੂੰ ਦੋ ਵਾਰ ਪਹਿਲੋਂ ੧੯੫੩ ਵਿਚ ਅਤੇ ਫਿਰ ੧੯੭੨ ਵਿਚ ਇਉਂ ਛਾਂਗਿਆ ਮਾਂਜਿਆ ਕਿ ਇਕ ਟੱਬਰ ਪਾਸ ਵਧ ਤੋਂ ਵਧ ੭ ਹੈਕਟਰ ਜ਼ਮੀਨ ਛਡੀ ਗਈ। ਅਤੇ ਬੇ-ਮਾਲਕ ਸਿਖ ਵਾਹੀ ਵਾਹ ਜੋ ਅਗੇ ਵਡੇ ਮਾਲਕਾਂ ਦੇ ਸਿਰ 'ਤੇ ਪਲਦਾ ਸੀ, ਉਸ ਦਾ ਗੁਜ਼ਾਰਾ ਭੀ ਉਸ ਪਾਸ ਨਾ ਰਿਹਾ। ਇਸ ਪਾਲਿਸੀ ਦਾ ਮਾਰੂ ਅਸਰ ਭਾਵੇਂ ਅੱਜ ਵੀ ਸਿਖ ਮਹਿਸੂਸ ਕਰ ਰਿਹਾ ਹੈ, ਅਤੇ ਪਿਛੇ ਜਮ੍ਹਾ ਕੀਤੀ ਪੂੰਜੀ ਦੇ ਸਿਰ ਪਰ ਹੁਣ ਤਕ ਓਹ ਤੁਰਦਾ ਆ ਰਿਹਾ ਸੀ, ਪਰ ਇਸ ਵਿਚ ਉੱਕਾ ਹੀ ਕੋਈ ਭੁਲੇਖਾ ਨਹੀਂ ਕਿ ਅੱਜ ਦੇ ਬੱਚੇ ਜਵਾਨ ਹੋਣ 'ਤੇ ਘਾਹ ਖੋਤ ਕੇ ਹੀ ਪੇਟ-ਪਾਲਨਾ ਕਰਿਆ ਕਰਨਗੇ। ਇਹ ਹੈ ਸਿਖ ਦੇ ਸਭ ਤੋਂ ਵੱਡਾ ਕਿੱਤਾ ਕਰਨ ਵਾਲਿਆਂ ਦਾ ਹਾਲ।

ਦੂਜਾ : ਵਡਾ ਕਿੱਤਾ ਜੋ ਸਿਖ ਦੀ ਮਾਲੀ ਦਸ਼ਾ ਉਚਾ ਰਖਣ ਦਾ ਹੁਣ ਤਕ ਜ਼ਾਮਨ ਰਿਹਾ ਹੈ, ਉਹ ਹੈ ਸਿਖ ਦਾ ਦੇਸ਼ ਦੀ ਫ਼ੌਜੀ ਨੌਕਰੀ ਵਿਚ ਹਿਸਾ। ਇਸ ਪੱਖੋਂ ਅੰਗਰੇਜ਼ ਸਰਕਾਰ ਸਮੇਂ ਇਸ ਨੂੰ ਵਿਸ਼ੇਸ਼ ਥਾਂ ਪ੍ਰਾਪਤ ਸੀ ਅਤੇ ਸਾਡੀ ਆਜ਼ਾਦ ਸਰਕਾਰ ਨੇ ਭੀ ਇਸ ਦੀ ਫ਼ੌਜੀ ਸਮਰੱਥਾ ਨੂੰ ਵੇਖਦੇ ਹੋਏ ਹੁਣ ਤਕ ਇਸ ਦੀ ਉਸ ਪੱਧਰ ਵਿਚ ਬਹੁਤਾ ਫ਼ਰਕ ਨਹੀਂ ਪਾਇਆ ਸੀ, ਪਰ ਦਿਨੋ ਦਿਨ ਜ਼ੋਰ ਫੜ ਰਹੇ ਫ਼ਿਰਕਾਦਾਰੀ ਤਅੱਸਬ (communalism), ਪ੍ਰਾਂਤਕ ਪਕੜ

(provincialism) ਅਤੇ ਪੰਜਾਬੀਆਂ ਦੀ ਉੱਨਤ ਦਸ਼ਾ ਦੇ ਸਾੜੇ (jealousy) ਨੇ ਇਸ ਪਾਸੇ ਭੀ ਸਿਖ ਦੀ ਆਰਥਕ ਦਸ਼ਾ 'ਤੇ ਕਰਾਰੀ ਸੱਟ ਮਾਰ ਦਿਤੀ ਹੈ ਅਤੇ ਇਹ ਫ਼ੈਸਲਾ ਹੋਇਆ ਸੁਣਿਆ ਜਾਂਦਾ ਹੈ ਕਿ ਅਗੋਂ ਲਈ ਫ਼ੌਜੀ ਭਰਤੀ ਦੇਸ਼ ਦੇ ਜਵਾਨਾਂ ਦੀ ਗਿਣਤੀ ਦੇ ਤਨਾਸਬ ਨਾਲ ਕੀਤੀ ਜਾਵੇਗੀ। ਇਸ ਵੰਡ ਅਧੀਨ ਇਕ ਸੌ ਫ਼ੌਜੀ ਜਵਾਨਾਂ ਪਿਛੇ ਸਿਖ ਦੇ ਹਿਸੇ ੧.੮ ਜਵਾਨ ਹੀ ਆਉਣਗੇ ਅਤੇ ਇਸ ਤਰ੍ਹਾਂ ਜਿਥੇ ਹੁਣ ਤਕ ਤੀਹ ਤੋਂ ਉਪਰ ਸਿਖ ਫ਼ੌਜੀ ਨੌਕਰੀ ਵਿਚ ਲਏ ਜਾਂਦੇ ਸਨ, ਹੁਣ ਦੋ ਤੋਂ ਵੀ ਘਟ ਲਏ ਜਾ ਸਕਣਗੇ। ਸੋ ਇਸ ਬੰਨਿਉਂ ਵੀ ਹੋਰ ਦਸ ਵੀਹ ਸਾਲ ਬੀਤਣ ਤਕ ਸਿਖ ਨੌਜਵਾਨ ਦੀ ਦਸ਼ਾ ਗਲੀਆਂ ਦਾ ਘੱਟਾ ਛਾਨਣ ਜਾਂ ਅਮੀਰ ਲੋਕਾਂ ਦੇ ਭਾਰ ਢੋਣ ਤੋਂ ਵਧ ਕੁਝ ਨਹੀਂ ਰਹੇਗੀ। ਸਿਖ ਦੇ ਅਪਣਾਏ ਹੋਏ ਤੀਜੇ, ਭਾਵ ਟਰਾਂਸਪੋਰਟ ਵਾਲੇ ਕਿੱਤੇ ਤੋਂ ਭੀ ਇਸ ਨੂੰ ਛੁਟੀ ਮਿਲ ਜਾਣ ਦੀ ਸੰਭਾਵਨਾ ਦਿਨੋ ਦਿਨ ਵਧ ਰਹੀ ਹੈ। ਜਿਵੇਂ ਜਿਵੇਂ ਟਰਾਂਸਪੋਰਟ ਨੂੰ ਕੌਮੀ (nationalise) ਕੀਤਾ ਜਾ ਰਿਹਾ ਹੈ, ਸਿੱਖਾਂ ਦੀ ਇਸ ਬੰਨੇ ਖਪਤ ਭੀ ਇਹਨਾਂ ਦੀ ਆਬਾਦੀ 'ਤੇ ਆਧਾਰਤ ਹੋ ਜਾਵੇਗੀ।

ਇਕ ਹੋਰ ਗੱਲ, ਜਿਸ ਦਾ ਸਿੱਖਾਂ ਨੂੰ ਥੋੜ੍ਹਾ ਬਹੁਤ ਮਾਣ ਹੈ, ਉਹ ਹੈ ਸਿਖ ਬਹੁ-ਸੰਮਤੀ ਵਾਲਾ ਪੰਜਾਬੀ ਸੂਬਾ—ਪਰ ਇਸ ਵਿਚ ਭੀ ਸਿੱਖਾਂ ਨੂੰ ਵਡਾ ਭੁਲੇਖਾ ਹੈ। ਪਹਿਲੀ ਗੱਲ ਤਾਂ ਇਸ ਸੂਬੇ ਦੇ ਆਕਾਰ ਦਾ ਏਨਾ ਛੋਟਾ ਬਣਾਇਆ ਜਾਣਾ ਹੈ, ਜਿਸ ਵਿਚ ਸਿਖ ਦੇ ਬਹੁਤਾ ਵਧਣ ਫੁੱਲਣ ਦੀ ਗੁੰਜਾਇਸ਼ ਹੀ ਨਹੀਂ ਰਹੀ। ਫਿਰ ਇਸ ਵਿਚ ਭੀ ਰਾਜਿਸਥਾਨ ਤੇ ਯੂ.ਪੀ. ਦਾ ਮਜ਼ਦੂਰ ਦਿਨੋ ਦਿਨ ਏਨਾ ਵਧ ਰਿਹਾ ਹੈ ਕਿ ਦੇਸ਼ ਦੀ ਅਗਲੀ ਮਰਦੁਮ-ਸ਼ੁਮਾਰੀ ਤਕ ਸਿਖ ਦਾ ਇਹ ਮਾਣ ਭੀ ਟੁਟ ਜਾਣ ਦਾ ਖ਼ਤਰਾ ਪ੍ਰਤੀਤ ਹੋ ਰਿਹਾ ਹੈ ਅਤੇ ਵਡੀ ਸੰਭਾਵਨਾ ਹੈ ਕਿ ਕਿਹਾ ਜਾਂਦਾ ਬਹੁ-ਗਿਣਤੀ ਸਿਖ ਸੂਬਾ ਭੀ ਘਟ-ਗਿਣਤੀ ਅਤੇ ਦੋ-ਭਾਸ਼ੀ ਸੂਬਾ ਬਣ ਕੇ ਰਹਿ ਜਾਏ।

ਇਸ ਤੋਂ ਇਲਾਵਾ ਪੰਜਾਬ ਦਾ ਲੱਖਾਂ ਰੁਪਇਆ, ਜਿਸ ਨੇ ਏਥੋਂ ਦੇ ਮਜ਼ਦੂਰ ਤੇ ਕਿਸਾਨ ਨੂੰ, ਜੋ ਅਕਸਰ ਸਿਖ ਹੀ ਹੈ, ਆਰਥਕ ਤੌਰ ਉਪਰ ਉਠਾਉਣਾ ਸੀ, ਪੰਜਾਬੋਂ ਬਾਹਰ ਗ਼ੈਰ-ਪ੍ਰਾਂਤਾਂ ਵਿਚ ਜਾ ਰਿਹਾ ਹੈ। ਭਾਵੇਂ ਗ਼ਰੀਬ ਦੇਸ਼ ਦੀ ਭੁਖ-ਮਰਦੀ-ਗ਼ਰੀਬ ਜਨਤਾ ਨੂੰ ਇਸ ਤਰ੍ਹਾਂ ਪੰਜਾਬ ਵਲੋਂ ਕਾਫ਼ੀ ਸਹਾਰਾ ਮਿਲ ਰਿਹਾ ਹੈ ਅਤੇ ਪੰਜਾਬ ਦੇ ਉਦਾਰ ਹਿਰਦੇ ਨੂੰ ਇਸ ਦਾ ਗਿਲਾ ਨਹੀਂ ਹੋਣਾ ਚਾਹੀਦਾ, ਪਰ ਜਿਥੋਂ ਤੱਕ ਪੰਜਾਬ ਦੇ ਹੇਠਲੇ ਦਰਜੇ ਦੇ ਸਿਖ ਤਬਕੇ ਦਾ ਸਵਾਲ ਹੈ, ਇਹ ਲੱਖਾਂ ਰੁਪਇਆ ਉਹਨਾਂ ਦਾ ਹੱਕ ਸੀ, ਜਿਸ ਤੋਂ ਉਹ ਵਾਂਝੇ ਜਾ ਰਹੇ ਹਨ ਅਤੇ ਇਉਂ ਭੀ ਪੰਜਾਬ ਦੇ ਗ਼ਰੀਬ ਸਿਖ ਲਈ ਇਹ ਭਾਰੀ ਚੋਟ ਹੈ।

ਪੰਜਾਬ ਤੋਂ ਬਾਹਰ ਸਿਖ ਦੀ ਕਿੰਨੀ ਕੁ ਪੁਛ-ਗਿਛ ਹੈ, ਇਸ ਦਾ ਅੰਦਾਜ਼ਾ ਇਸੇ ਇਕ ਗੱਲ ਤੋਂ ਹੀ ਕੀਤਾ ਜਾ ਸਕਦਾ ਹੈ ਕਿ ਹਰਿਆਣਾ ਤੇ ਹਿਮਾਚਲ, ਜੋ ਅਜੇ ਕੱਲ੍ਹ ਪੰਜਾਬ ਦਾ ਹੀ ਭਾਗ ਸਨ ਅਤੇ ਜਿਥੇ ਪੰਜਾਬੀ ਸਿਖ ਕਾਫ਼ੀ ਗਿਣਤੀ ਵਿਚ ਵਸਦੇ ਹਨ, ਵਿਚ ਇਨ੍ਹਾਂ ਦੀ ਮਾਤ-ਭਾਸ਼ਾ ਪੰਜਾਬੀ ਨੂੰ ਦੂਜੀ ਬੋਲੀ ਦਾ ਥਾਂ ਵੀ ਪ੍ਰਾਪਤ ਨਹੀਂ। ਇਹਦੀ ਥਾਂ ਹਰਿਆਣੇ ਵਿਚ ਦੱਖਣ ਦੀ ਬੋਲੀ ਤਾਮਿਲ, ਜੋ ਹਰਿਆਣੇ ਦੇ ਕਿਸੇ ਬੰਦੇ ਦੀ ਮਾਤ ਭਾਸ਼ਾ ਨਹੀਂ, ਅਤੇ ਹਿਮਾਚਲ ਵਿਚ ਉਰਦੂ ਨੂੰ ਪ੍ਰਾਪਤ ਹੈ, ਹੋਰ ਆਰਥਕ ਉਨਤੀ ਜਾਂ ਨੌਕਰੀ ਆਦਿ ਦੇ ਸਾਧਨ ਤਾਂ ਸਿਖ ਨੂੰ ਕੀ ਪ੍ਰਾਪਤ ਹੋਣੇ ਹੋਏ। ਦੇਸ਼ ਦਿਆਂ ਬਾਕੀ ਪ੍ਰਾਂਤਾਂ ਵਿਚ ਜਿਥੇ ਸਿਖ ਦੀ ਗਿਣਤੀ ਹਰਿਆਣੇ ਜਾਂ ਹਿਮਾਚਲ ਜਿਤਨੀ ਭੀ ਨਹੀਂ, ਅਜਿਹੇ ਅਵਸਰ ਦਾ ਪ੍ਰਾਪਤ ਹੋਣਾ ਤਾਂ ਸੁਪਨੇ ਦੀ ਹੀ ਗੱਲ ਹੈ।

ਇਕ ਗੱਲ ਤੁਸਾਂ ਸਮੂਹ ਸਿੱਖਾਂ ਦੀ ਇਕੋ ਇਕ ਸਾਂਝੀ ਜਥੇਬੰਦੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀਤੀ ਹੈ, ਇਹ ਗੱਲ ਭੀ ਸ਼ਾਇਦ ਹੁਣ ਨਹੀਂ ਰਹੇਗੀ। ਭਾਰਤ ਦੀ ਜਨਤਾ ਸਰਕਾਰ ਨੇ ਦੇਸ਼ ਦੇ ਸਾਰੇ ਗੁਰਦੁਆਰਿਆਂ ਲਈ ਕਾਨੂੰਨ ਬਣਾ ਦੇਣ ਦਾ ਮਨ ਬਣਾ ਲਿਆ ਹੋਇਆ ਹੈ ਅਤੇ ਇਸ ਦਾ ਖਰੜਾ ਤਿਆਰ ਕਰਨ ਲਈ ਇਕ ਸਲਾਹਕਾਰ ਕਮੇਟੀ ਬਣੀ ਵੀ ਸੁਣੀਂਦੀ ਹੈ। ਪਰ ਜਿਸ ਤਰ੍ਹਾਂ ਆਮ ਹੋਇਆ ਹੀ ਕਰਦਾ ਹੈ ਹਰ ਸਟੇਟ ਜਾਂ ਸੂਬੇ ਦੇ ਸਿਖ ਆਪਣੇ ਆਪਣੇ ਸੂਬੇ ਦੀ ਸਟੇਟ ਗੁਰਦੁਆਰਾ ਕਮੇਟੀ ਬਣਾਏ ਜਾਣ ਲਈ ਜ਼ੋਰ ਪਾ ਰਹੇ ਹਨ, ਜਿਸ ਤਰ੍ਹਾਂ ਦਿੱਲੀ ਸਟੇਟ ਦੀ ਗੁਰਦੁਆਰਾ ਕਮੇਟੀ ਪਹਿਲੋਂ ਹੀ ਬਣ ਚੁਕੀ ਹੈ। ਜੇ ਅਜਿਹੀ ਗੱਲ ਹੋ ਗਈ ਤਾਂ ਸ਼ਰੋਮਣੀ ਕਮੇਟੀ ਨੂੰ ਕਿਸ ਪੁਛਣਾ ਹੈ ? ਨਾਮ ਨੂੰ ਤਾਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਹੋਵੇਗੀ, ਪਰ ਸਟੇਟ ਕਮੇਟੀਆਂ ਦੀ ਹੋਂਦ ਹੀ ਸੈਂਟਰਲ ਕਮੇਟੀ ਦਾ ਲੱਕ ਤੋੜਨ ਦਾ ਸਾਧਨ ਬਣੇਗੀ। ਭਾਵੇਂ ਇਹ ਗੱਲ ਨਿਖਰ ਕੇ ਤਾਂ ਅਜੇ ਸਾਮ੍ਹਣੇ ਨਹੀਂ ਆਈ, ਪਰ ਜੇਕਰ ਵਿਉਂਤੇ ਜਾ ਰਹੇ ਸਰਬ ਭਾਰਤ ਗੁਰਦੁਆਰਾ ਐਕਟ ਨੇ ਸਟੇਟ ਗੁਰਦੁਆਰਾ ਕਮੇਟੀਆਂ ਦੇ ਅਸੂਲ ਨੂੰ ਪ੍ਰਵਾਨ ਕਰ ਲਿਆ ਤਾਂ ਸ਼ਰੋਮਣੀ ਕਮੇਟੀ ਦੇ ਇਕਤਦਾਰ ਵਾਲੀ ਗੱਲ ਵੀ ਨਹੀਂ ਰਹੇਗੀ।

ਇਹ ਤਾਂ ਤੁਸੀਂ ਮੰਨੋਗੇ ਕਿ ਜੋ ਗੁਰਦੁਆਰੇ ਸਿੱਖੀ ਦੀ ਜਿੰਦ ਜਾਨ ਅਤੇ ਸਿੱਖਾਂ ਦੀ ਆਚਰਨ-ਉਸਾਰੀ ਦੀਆਂ ਦਰਸਗਾਹਾਂ (ਸਕੂਲ) ਸਨ, ਉਹ ਅੱਜ ਕੱਲ੍ਹ ਮਾਇਆ ਦੀਆਂ ਟਕਸਾਲਾਂ ਸਮਝੀਆਂ ਜਾਂਦੀਆਂ ਹਨ। ਗੁਰਦੁਆਰਿਆਂ ਦੀ ਚੜ੍ਹਤ, ਕੜਾਹ ਪ੍ਰਸ਼ਾਦ ਦੀਆਂ ਦੁਕਾਨਾਂ ਅਤੇ ਅਖੰਡ ਪਾਠਾਂ ਦੀਆਂ ਮੂੰਹ-ਮੰਗੀਆਂ ਭੇਟਾਂ ਨੇ ਇਨ੍ਹਾਂ ਦਾ ਰੰਗ-ਰੂਪ ਹੀ ਬਦਲ ਦਿਤਾ ਹੈ, ਜਿਸ ਦਾ ਹੀ ਸਿੱਟਾ ਹੈ

ਕਿ ਹਰ ਕੋਈ ਗੁਰਦੁਆਰੇ ਦਾ ਪ੍ਰਬੰਧਕ ਬਣਨ ਦੀ ਇਛਾ ਧਾਰੇ ਹੋਏ ਹੈ ਅਤੇ ਜਿਸ ਦਾ ਹੱਥ ਇਕ ਵਾਰ ਪੈ ਜਾਏ, ਉਹ ਇਸ ਨੂੰ ਛਡਣ ਦਾ ਨਾਮ ਨਹੀਂ ਲੈਂਦਾ, ਬਲਕਿ ਇਸ ਪੌੜੀ ਦੇ ਆਸਰੇ ਹੋਰ ਉਪਰ ਚੜ੍ਹਨ ਦੀ ਸੋਚਦਾ ਹੈ। ਗੁਰਦੁਆਰੇ ਦੀ ਅਜਿਹੀ ਝਾਕ ਨੇ ਸਮੁਚੇ ਤੌਰ 'ਤੇ ਹੀ ਸਿਖ ਆਚਰਣ ਨੀਵਾਂ ਕਰ ਦਿਤਾ ਹੈ। ਫਿਰ ਜਿਥੇ ਪ੍ਰਬੰਧਕ ਬਣਨ ਲਈ ਕੇਵਲ ਬਹੁਤੀਆਂ ਵੋਟਾਂ ਇਕੱਠਾ ਕਰਨਾ ਹੀ ਸਾਧਨ ਹੋਵੇ, ਉਥੇ ਨੀਵੇਂ ਤੋਂ ਨੀਵਾਂ ਮਨੁੱਖ ਵੀ ਪੈਸੇ ਦੇ ਬਲ ਨਾਲ ਅਗੇ ਆ ਸਕਦਾ ਹੈ। ਜਦੋਂ ਤਾਈਂ ਸਿਰਾਂ ਦੀ ਗਿਣਤੀ ਗੁਰਦੁਆਰਿਆਂ ਦੇ ਪ੍ਰਬੰਧ ਦਾ ਆਧਾਰ ਰਹੇਗਾ, ਇਹ ਆਸ ਕਰਨੀ ਕਿ ਕੋਈ ਗੁਰਦੁਆਰਾ ਕਮੇਟੀ, ਭਾਵੇਂ ਇਹ ਸੈਂਟਰਲ ਹੈ ਜਾਂ ਸਟੇਟ-ਬਾਡੀ, ਸਿਖ ਕੌਮ ਦਾ ਕੁਝ ਸਵਾਰ ਸਕੇਗੀ, ਅਨਹੋਣੀ ਗੱਲ ਹੈ।

ਸੋ ਜਿਸ ਕੌਮ ਨੂੰ ਇਤਨੀਆਂ ਘਾਟਾਂ ਪੈ ਰਹੀਆਂ ਹੋਣ ਅਤੇ ਉਪਰੋਂ ਕਾਮ ਚੇਸ਼ਟਾ ਵਧਾਉਣ ਵਾਲੇ ਨਿਤ ਨਵੇਂ ਬਦਲਦੇ ਫ਼ੈਸ਼ਨਾਂ, ਇਸ਼ਕੀਆ ਨਗ਼ਮਿਆਂ, ਗੀਤਾਂ, ਅਲਫ਼ ਨੰਗੀਆਂ ਤਸਵੀਰਾਂ ਦੀ ਭਰਮਾਰ ਹੋਵੇ ਅਤੇ ਸਿਖ ਰਹਿਣੀ ਦੀ ਕਰੜੀ ਬੰਦਸ਼ (discipline) ਤੋਂ ਬਚ ਨਿਕਲਣ ਦੇ ਸੁਝਾਉ ਹਮਸਾਏ ਨੌਜਵਾਨਾਂ ਵਲੋਂ ਨਿਤਾਪ੍ਰਤ ਮਿਲਦੇ ਹੋਣ, ਤਾਂ ਕੋਈ ਵਿਰਲਾ ਮਰਦ ਹੀ ਏਨੀਆਂ ਖਿੱਚਾਂ ਤੇ ਘਾਟਿਆਂ ਵਿਚ ਅਡੋਲ ਰਹਿ ਕੇ ਸਿੱਖੀ ਸਿਰੜ ਨੂੰ ਕਾਇਮ ਰਖ ਸਕਦਾ ਹੈ।

ਫਿਰ, ਇਕ ਹੋਰ ਬਿੱਦਤ, ਜਿਸ ਦਾ ਦੂਜਿਆਂ ਨਾਲੋਂ ਸਿਖ ਵਧੇਰਾ ਸ਼ਿਕਾਰ ਹੋ ਰਿਹਾ ਹੈ, ਉਹ ਹੈ, ਸ਼ਰਾਬ ਅਤੇ ਹੋਰ ਨਸ਼ਿਆਂ ਦੀ ਬੇ-ਤਹਾਸ਼ਾ ਵਰਤੋਂ। ਇਸ ਸੰਬੰਧੀ ਦੇਸ਼ ਦੀ ਸਰਕਾਰ ਦੀ ਨੀਤੀ ਭੀ ਸਿੱਖਾਂ ਲਈ ਹਾਨੀਕਾਰਕ ਹੈ। ਦੇਸ਼ ਆਜ਼ਾਦ ਹੋਣ ਤੋਂ ਪਹਿਲੋਂ ਜ਼ਿਲੇ ਭਰ ਅੰਦਰ ਬਹੁਤੀ ਵਸੋਂ ਵਾਲੀਆਂ ਦੋ ਚਾਰ ਥਾਵਾਂ 'ਤੇ ਸ਼ਰਾਬ ਦੇ ਠੇਕੇ ਹੁੰਦੇ ਸਨ, ਪਰ ਅੱਜ ਪਿੰਡ ਪਿੰਡ ਅਤੇ ਮਹੱਲੇ ਮਹੱਲੇ ਵਿਚ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੇ ਵਖੋ ਵਖ ਠੇਕੇ ਹਨ, ਜਿਥੋਂ ਇਸ ਦੇ ਖ਼ਰੀਦ ਲੈ ਜਾਣ ਦੀ ਹਰ ਕਿਸੇ ਨੂੰ ਪੂਰਨ ਖੁੱਲ੍ਹ ਹੈ; ਬਲਕਿ ਇਸ ਦੇ ਪੀਣ ਲਈ ਥਾਂ ਥਾਂ ਮੈਖ਼ਾਨੇ ਤੇ ਹੋਟਲ ਖੁੱਲ੍ਹੇ ਹੋਏ ਹਨ, ਜਿਥੇ ਹਰ ਸਮੇਂ ਸ਼ਰਾਬ ਦੇ ਦੌਰ ਚਲਦੇ ਹੀ ਰਹਿੰਦੇ ਹਨ। ਸਿਖ ਨੇ ਆਪਣੀ ਖ਼ੁਸ਼ਹਾਲੀ ਦਾ ਸਭ ਤੋਂ ਵੱਡਾ ਸਬੂਤ ਸ਼ਰਾਬ ਦੀ ਖੁੱਲ੍ਹੀ ਵਰਤੋਂ ਕਰ ਕੇ ਦਿਤਾ ਹੈ। ਸ਼ਰਾਬ ਤੋਂ ਇਲਾਵਾ ਅਫ਼ੀਮ, ਡੋਡੇ, ਭੰਗ ਆਦਿ ਦੀ ਵਰਤੋਂ ਵਿਚ ਭੀ ਕੋਈ ਕਸਰ ਨਹੀਂ ਰਹੀ ਅਤੇ ਨਵੇਂ ਢੰਗ ਦੀਆਂ ਨਸ਼ੀਲੀਆਂ ਗੋਲੀਆਂ-ਕੈਪਸੂਲ ਵਿਸ਼ੇਸ਼ ਕਰਕੇ ਸਿਖ ਨੌਜਵਾਨਾਂ ਦੀ ਸੱਤਿਆ ਹਰਨ ਦਾ ਸਾਧਨ ਬਣ ਰਹੀਆਂ ਹਨ। ਬੰਬਈ ਵਿਚ ਨਸ਼ੀਲੀਆਂ ਦਵਾਈਆਂ ਸੰਬੰਧੀ ਹੋਈ ਇਕ ਕਾਨਫ਼ਰੰਸ ਵਿਚ ਇਸ ਗੱਲ 'ਤੇ ਵੱਡੀ ਚਿੰਤਾ ਪ੍ਰਗਟ ਕੀਤੀ

ਗਈ ਹੈ ਕਿ ਪਰਦੇਸਾਂ ਤੋਂ ਸਮੱਗਲ ਹੋ ਰਹੀਆਂ ਨਸ਼ੀਲੀਆਂ ਚੀਜ਼ਾਂ ਰਾਹੀਂ ਪੰਜਾਬ ਦੀ ਮਾਰਸ਼ਲ ਕੌਮ (ਸਿਖ) ਦੀ ਸੱਤਿਆ ਹਰਨ ਦਾ ਭਰਪੂਰ ਸਾਧਨ ਕੀਤਾ ਜਾ ਰਿਹਾ ਹੈ। (ਟ੍ਰੀਬਿਊਨ ੧੫ ਜੁਲਾਈ ੧੯੭੪)।

ਕੀ ਸਮੇਂ ਦੀ ਹਕੂਮਤ ਇਸ ਵਲੋਂ ਅਨਜਾਣ ਹੈ? ਹਰਗਿਜ਼ ਨਹੀਂ। ਪਰ ਸ਼ਾਇਦ ਸਰਕਾਰ ਅਜਿਹੀ ਸਿਖ-ਮਾਰੂ-ਨੀਤੀ ਦੀ ਰੋਕ-ਥਾਮ ਦੇ ਸਾਧਨ ਕਰਨਾ ਜ਼ਰੂਰੀ ਨਹੀਂ ਸਮਝਦੀ। ਸੋ ਇਸ ਪੱਖੋਂ ਭੀ ਸਿਖ ਆਪਣੀ ਹਾਨੀ ਦੇ ਰਾਹ ਤੁਰ ਰਿਹਾ ਹੈ। ਇਸ ਤਰ੍ਹਾਂ ਧਾਰਮਿਕ, ਆਚਰਣਕ, ਸਮਾਜਕ, ਰਾਜਨੀਤਿਕ, ਆਰਥਕ—ਹਰ ਪਧਰ 'ਤੇ ਸਿਖ ਦੀ ਦਸ਼ਾ ਦਿਨੋ ਦਿਨ ਡਾਵਾਂ ਡੋਲ ਹੁੰਦੀ ਜਾ ਰਹੀ ਹੈ।

ਸਭ ਤੋਂ ਵੱਧ ਖ਼ਤਰਨਾਕ ਗੱਲ ਇਹ ਹੈ ਕਿ ਸਿਖ ਨੌਜਵਾਨ ਦੇ ਮਨ ਉਪਰੋਂ ਭਾਈਚਾਰੇ ਤਥਾ ਸਮਾਜ ਦੇ ਭੈ ਵਾਲੀ ਲੋਈ ਉੱਕੀ ਹੀ ਲਥ ਗਈ ਹੈ। ਭਾਵੇਂ ਕੋਈ ਸਿਖ ਲੜਕਾ ਹੈ ਜਾਂ ਲੜਕੀ, ਉਸ ਦੇ ਮਨ ਵਿਚ ਕਿਸੇ ਵੱਡੇ ਛੋਟੇ ਦਾ ਹਯਾ ਤਾਂ ਰਿਹਾ ਹੀ ਨਹੀਂ, ਨਾ ਉਸ ਨੂੰ ਮਾਪਿਆਂ ਦਾ ਕੋਈ ਡਰ ਹੈ, ਨਾ ਭਾਈਚਾਰੇ ਦਾ, ਨਾ ਸਮਾਜ ਦਾ ਅਤੇ ਨਾ ਰਾਜ ਦਾ। ਇਸ ਗੱਲ ਦਾ ਤਾਂ ਵਿਚਾਰ ਹੀ ਗ਼ਾਇਬ ਹੈ ਕਿ ਕੋਈ ਕੀ ਕਹਿੰਦਾ ਹੈ, ਅਥਵਾ ਉਸ ਬਾਰੇ ਉਸ ਦਾ ਭਾਈਚਾਰਾ ਜਾਂ ਸਮਾਜ ਕਿਵੇਂ ਸੋਚਦਾ ਹੈ। ਲੋਕ ਰਾਇ (Public Opinion) ਦਾ ਭੈ ਉਸ ਦੇ ਮਨੋਂ ਲਥ ਚੁਕਾ ਹੈ। ਅਜਿਹੀ ਹਾਲਤ ਬਾਰੇ ਹੀ ਗੁਰੂ ਨਾਨਕ ਦੇਵ ਦਾ ਇਕ ਬਚਨ ਹੈ:

ਭੈ ਬਿਨੁ ਘਾੜਤ ਕਚੁ ਨਿਕਚ ॥੨॥

(ਗਉੜੀ ਗੁ: ਮ: ੧, ਪੰਨਾ ੧੫੧)

ਅਰਥਾਤ, ਜਦੋਂ ਇਨਸਾਨ ਦੇ ਅੰਦਰੋਂ ਰੱਬ ਦਾ ਜਾਂ ਆਪਣੀ ਜ਼ਮੀਰ ਦਾ ਭੈ ਅਤੇ ਲੋਕ-ਰਾਇ ਦਾ ਭੈ ਜਾਂਦਾ ਰਹੇ ਤਾਂ ਉਸ ਦੀ ਸਾਰੀ ਘਾੜਤ-ਉਸਾਰੀ (development) ਕੱਚੀ ਰਹਿ ਜਾਂਦੀ ਹੈ।

ਫਿਰ ਜਦੋਂ ਅਜਿਹੀ ਢਹਿੰਦੀ ਦਸ਼ਾ ਨੂੰ ਸੰਭਾਲਣ ਵਾਲਾ ਭੀ ਕੋਈ ਨਾ ਹੋਵੇ ਤਾਂ ਨੌਜਵਾਨ ਕੀ ਕਰਨ। ਇਹ ਠੀਕ ਹੈ ਕਿ ਸਿੱਖਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੁਝ ਹੋਰ ਐਸੀਆਂ ਜਥੇਬੰਦੀਆਂ ਹਨ ਜੋ ਚਾਹੁਣ ਤਾਂ ਸਿੱਖਾਂ ਨੂੰ ਰਸਾਤਲ ਵਲ ਲੈ ਜਾਣ ਵਾਲੀ ਇਸ ਹਾਲਤ ਨੂੰ ਠੱਲ੍ਹ ਪਾ ਸਕਦੀਆਂ ਹਨ, ਪਰ ਇਹ ਸਾਰੀਆਂ ਹੀ ਆਪਣਾ ਆਪਣਾ ਅਸਲ ਕਿੱਤਾ ਛੱਡ ਕੇ ਰਾਜਨੀਤਕ ਘੋਲਾਂ ਅੰਦਰ ਏਨਾ ਉਲਝ ਗਈਆਂ ਹਨ ਕਿ ਉਹਨਾਂ ਨੂੰ ਆਪਣੀ ਅਸਲ ਜ਼ਿੰਮੇਵਾਰੀ ਦਾ ਤਾਂ ਅਹਿਸਾਸ ਹੀ ਨਹੀਂ ਰਿਹਾ। ਫਿਰ ਕੌਮ ਏਨੀ ਛੋਟੀ ਹੈ ਕਿ ਜਿਧਰ ਉਲਟਦੀ ਹੈ, ਸਾਰੀ ਇਕੋ ਵਾਰ ਉਲਟ ਜਾਂਦੀ ਹੈ, ਅਤੇ

ਰਾਜਸੀ ਸੱਤਾ ਦੀ ਕੁਰਸੀ ਏਨੀ ਦਿਲਕਸ਼ ਹੈ ਜੋ ਹਰ ਕਿਸੇ ਜਾਣੀਦੇ ਪਛਾਣੀਦੇ ਮਨੁੱਖ ਦੇ ਮੂੰਹ ਵਿਚ ਪਾਣੀ ਲੈ ਆਉਂਦੀ ਹੈ, ਅਤੇ ਇਸ ਤਰ੍ਹਾਂ ਨੌਜਵਾਨਾਂ ਨੂੰ ਸੰਭਾਲਣ ਵਾਲੀ ਗੱਲ ਭੁੱਲੀ ਵਿਸਰੀ ਬਣ ਜਾਂਦੀ ਹੈ। ਜੇ ਇਹ ਲੋਕ ਥੋੜ੍ਹੀ ਸਿਆਣਪ ਤੋਂ ਭੀ ਕੰਮ ਲੈਂਦੇ ਅਤੇ ਕੌਮ ਤੇ ਦੇਸ਼ ਵਲ ਆਪਣੀਆਂ ਜ਼ਿੰਮੇਵਾਰੀਆਂ ਨੂੰ ਵਖੋ ਵਖ ਸੰਭਾਲਦੇ ਅਤੇ ਇਕ ਦੂਜੇ ਦੇ ਕੰਮ ਵਿਚ ਦਖ਼ਲ ਨਾ ਦੇਂਦੇ ਤਾਂ ਸੰਭਵ ਸੀ ਕਿ ਸਾਰੇ ਪੱਖਾਂ ਉਪਰ ਇਹਨਾਂ ਦਾ ਵਸੀਕਾਰ ਬਣਿਆ ਰਹਿੰਦਾ, ਪਰ ਇਉਂ ਨਹੀਂ ਹੋਇਆ। ਇਸ ਦਾ ਨਤੀਜਾ ਉਹ ਅਵੱਸ਼ ਭੋਗ ਰਹੇ ਹਨ, ਤੇ ਭੋਗਣਗੇ। ਇਸ ਸਾਰੇ ਵਰਤਾਰੇ ਨੂੰ ਸਾਹਮਣੇ ਰੱਖ ਕੇ ਹੀ ਮੈਂ ਕਹਿੰਦਾ ਹਾਂ ਕਿ ਜਿਸ ਸਿਖ ਨੂੰ ਮੁਗ਼ਲ ਹਕੂਮਤ ਦੀ ਸਿਰ-ਸਿਰ ਵਰ੍ਹਦੀ ਤਲਵਾਰ ਦਾ ਭੈ ਸਿੱਖੀ ਤੋਂ ਨਾ ਡੋਗ ਸਕਿਆ, ਉਸ ਨੂੰ ਅੱਜ ਦੇ ਚਲੰਤ ਵਿਹਾਰ ਦੀ ਮਿੱਠੀ ਮਿੱਠੀ ਲੋਰੀ ਨੇ ਸਿੱਖੀ ਵਲੋਂ ਏਨੀ ਗੂੜ੍ਹੀ ਨੀਂਦੇ ਸੁਲਾ ਦਿਤਾ ਹੈ ਕਿ ਇਸ ਨੂੰ ਸਿੱਖੀ ਤੋਂ ਡੋਗਣ ਲਈ ਕੋਈ ਡਰ ਦੇਣ ਦੀ ਲੋੜ ਹੀ ਨਹੀਂ ਰਹੀ, ਅਤੇ ਇਹ ਆਪਣੇ ਆਪ ਹੀ ਮੂਧੇ-ਮੂੰਹ ਪੈਂਦਾ ਜਾ ਰਿਹਾ ਹੈ।

(੩)

ਉਕਤ ਸਾਰੀ ਗੱਲ ਬਾਤ, ਉਥੇ ਬੈਠੇ ਕੁਝ ਸਿਖ ਵਿਦਿਆਰਥੀਆਂ ਨੇ ਭੀ ਸੁਣੀ ਸੀ ਅਤੇ ਉਹ ਕੁਝ ਕੁ ਪਸ਼ੇਮਾਨ ਜਿਹੇ ਜਾਪਦੇ ਸਨ। ਉਸ ਵੇਲੇ ਤਾਂ ਉਹ ਕੁਝ ਨਾ ਬੋਲੇ, ਪਰ ਅਗਲੇ ਦਿਨ ਜਦੋਂ ਉਹ ਆਪੋ ਵਿਚ ਬੈਠੇ ਤਾਂ ਉਹਨਾਂ ਵਿਚਾਲੇ ਕੱਲ੍ਹ ਵਾਲੇ ਵਿਸ਼ੇ 'ਤੇ ਇਉਂ ਗੱਲ ਛਿੜੀ :

ਇਕ : ਸਿਖ ਦਸ਼ਾ ਦਾ ਜੋ ਵਿਸ਼ਲੇਸ਼ਣ ਕੱਲ੍ਹ ਸੁਣਿਆ ਸੀ, ਉਹ ਕਾਫ਼ੀ ਤਸ਼ਵੀਸ਼-ਜਨਕ ਸੀ। ਜੇ ਉਹ ਗੱਲਾਂ ਠੀਕ ਹਨ (ਗ਼ਲਤ ਹੋਣ ਦੀ ਸੰਭਾਵਨਾ ਨਹੀਂ ਲਗਦੀ) ਤਾਂ ਬੜੇ ਅਫ਼ਸੋਸ ਵਾਲੀ ਹਾਲਤ ਹੈ। ਪਰ ਵਧੇਰਾ ਸ਼ੋਕ ਇਸ ਗੱਲ ਦਾ ਹੈ ਕਿ ਸਿਖ ਨੇਤਾ ਅਤੇ ਸਿੱਖੀ ਦਾ ਦਰਦ ਰਖਣ ਵਾਲੇ ਹੋਰ ਸੱਜਣ ਇਸ ਬੰਨੇ ਸ਼ਾਇਦ ਸੋਚਦੇ ਨਹੀਂ ਅਤੇ ਜੇ ਸੋਚਦੇ ਹਨ ਤਾਂ ਕੁਝ ਕਰਨ ਦੀ ਸਮਰੱਥਾ ਨਹੀਂ ਰਖਦੇ।

ਦੂਜਾ : ਸੋਚਦੇ ਤਾਂ ਜ਼ਰੂਰ ਹੋਣਗੇ ਅਤੇ ਜਦੋਂ ਉਦੇਸ਼ ਠੀਕ ਹੋਵੇ ਤਾਂ ਸਮਰੱਥਾ ਭੀ ਆ ਜਾਇਆ ਕਰਦੀ ਹੈ, ਕੁਝ ਕਰਨ ਤੇ ਦਿਲ ਹੋਣਾ ਚਾਹੀਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਤੋਂ ਪਿਛੋਂ ਸਿੱਖਾਂ ਪਰ ਢਾਹੇ ਗਏ ਜ਼ੁਲਮਾਂ ਤੋਂ ਡਰ ਕੇ ਜੇਕਰ ਸਿਖ ਦਿਲ ਹਾਰ ਬਹਿੰਦੇ ਤਾਂ ਅੱਜ ਸਿੱਖੀ ਦਾ ਨਾਮ ਨਿਸ਼ਾਨ ਮਿਟ ਗਿਆ ਹੁੰਦਾ। ਜੇਕਰ ਨਨਕਾਣਾ ਸਾਹਿਬ ਦੀ ਸ਼ਹਾਦਤ ਤੋਂ ਸਿਖ ਘਾਬਰ ਜਾਂਦੇ ਤਾਂ ਭਾਰਤ

ਵਿਚ ਹੀ ਨਹੀਂ, ਬਲਕਿ ਸੰਸਾਰ ਅੰਦਰ ਸਿਖ ਵਕਾਰ ਖ਼ਤਮ ਹੋ ਜਾਂਦਾ। ਇਹੋ ਗੱਲ ੧੯੪੭ ਦੀ ਦੇਸ਼-ਵੰਡ ਮਗਰੋਂ ਹੋਈ, ਪਰ ਸਿਖ ਆਪਣੇ ਪੈਰਾਂ 'ਤੇ ਮੁੜ ਖੜਾ ਹੋ ਗਿਆ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਨੇ ਸਿਖ ਦੇ ਅੰਦਰ ਕੋਈ ਅਜਿਹੀ ਕਣੀ ਭਰੀ ਹੈ ਕਿ ਇਹ ਮੂਧੇ-ਮੂੰਹ ਡਿਗ ਕੇ ਭੀ ਪੈਰਾਂ ਸਿਰ ਹੋ ਜਾਂਦਾ ਹੈ।

ਤੀਜਾ : ਪਰ ਇਹ ਕਣੀ ਕੀ ਹੈ ?

ਦੂਜਾ : ਇਹ ਹੈ ਕੁਝ ਕਰ ਗੁਜ਼ਰਨ ਦੀ ਜੁਰੱਅਤ। ਇਹ ਹਿਸਾਬ ਵਿਚ ਨਹੀਂ ਪੈਂਦਾ। ਇਸ ਦਾ ਵਿਸ਼ਵਾਸ ਹੈ ਮਿਹਨਤ ਕਰਨੀ ਚਾਹੀਦੀ ਹੈ, ਮਿਹਨਤ ਨੂੰ ਫਲ ਲਾਉਣਾ ਰੱਬ ਦਾ ਕੰਮ ਹੈ। ਇਹ ਕਰਨ (action) ਵਿਚ ਵਧੇਰੇ ਭਰੋਸਾ ਰਖਦਾ ਹੈ। ਇਹ ਕਠਨ ਤੋਂ ਕਠਨ ਅਤੇ ਖ਼ਤਰੇ ਭਰਪੂਰ ਕੰਮ ਕਰਨ ਦੀ (enterprising) ਸਪਿਰਟ ਰਖਦਾ ਹੈ। ਇਹੋ ਵਜ੍ਹਾ ਹੈ ਕਿ ਇਹ ਕਿਧਰੇ ਝਨਾਂ, ਰਾਵੀ ਤੇ ਸਤਲੁਜ ਦੀਆਂ ਕੰਢਿਆਲੀਆਂ ਬਾਰਾਂ ਆਬਾਦ ਕਰਦਾ ਰਿਹਾ ਹੈ, ਕਿਧਰੇ ਤਰਾਈ ਦੇ ਘਣੇ ਜੰਗਲ ਸਾਫ਼ ਕਰਦਾ ਹੈ, ਕਿਧਰੇ ਬੀਕਾਨੇਰ ਦੇ ਰੇਤਲੇ ਟਿਬਿਆਂ ਨਾਲ ਮੱਥਾ ਲਾਇ ਹੋਏ ਹੈ। ਕੈਨੇਡਾ, ਅਫ਼ਰੀਕਾ, ਅਸਟਰੇਲੀਆ, ਦੱਖਣੀ ਅਮਰੀਕਾ ਆਦਿ ਥਾਵਾਂ 'ਤੇ ਅਪੜ ਕੇ ਆਪਣੇ ਬਾਹੂ-ਬਲ ਦੀ ਕਮਾਈ ਦੁਆਰਾ ਰੋਟੀ ਪੈਦਾ ਕਰਨ ਵਿਚ ਇਸ ਨੂੰ ਸੰਕੋਚ ਨਹੀਂ। ਅਤਿ ਭਿਆਨਕ ਜੰਗਾਂ ਅਤੇ ਵਰ੍ਹਦੇ ਬੰਬਾਂ ਅੰਦਰ ਜਾ ਘੁਸਣ ਦਾ ਇਸ ਦੇ ਮਨ 'ਤੇ ਭੈ ਨਹੀਂ। ਭਾਰਤ ਦੀ ਕਰੋੜਹਾਂ ਦੀ ਵਸੋਂ ਵਿਚ ਇਸ ਦੀ ਕੁਖ ਲਖਾਂ ਦੀ ਗਿਣਤੀ ਆਪਣੇ ਮਿਹਨਤੀ ਸੁਭਾਅ ਸਦਕਾ ਸਭ ਤੋਂ ਵਧੀਆ ਮਜ਼ਦੂਰ ਤੇ ਕਿਸਾਨ ਹੋਣ ਦਾ ਮਾਣ ਰਖਦੀ ਹੈ।

ਤੀਜਾ : ਪਰ ਸਿਖ ਦਾ ਅਜਿਹਾ ਮਿਹਨਤੀ ਸੁਭਾਅ ਅਤੇ ਕੁਝ ਕਰ ਗੁਜ਼ਰਨ ਦੀ ਜੁਰੱਅਤ ਹੋਣ ਦਾ ਵਿਸ਼ੇਸ਼ ਕਾਰਨ ਕੀ ਹੈ ? ਪੰਜਾਬ ਅੰਦਰ ਵਸਦੇ ਇਸ ਦੇ ਹੋਰ ਹਮਸਾਏ ਇਸ ਵਾਲੀ ਜੁਰੱਅਤ 'ਤੇ ਦਲੇਰੀ ਕਿਉਂ ਨਹੀਂ ਰਖਦੇ ?

ਦੂਜਾ : ਸਵਾਲ ਬੜਾ ਕਠਨ ਹੈ, ਪਰ ਬੀਤੇ ਚਾਰ ਪੰਜ ਸੌ ਸਾਲ ਦੇ ਪੰਜਾਬ ਦੇ ਇਤਿਹਾਸ ਤੋਂ ਇਸ ਦਾ ਉੱਤਰ ਕੁਝ ਇਉਂ ਜਿਹਾ ਮਿਲਦਾ ਹੈ ਕਿ ਜਿਥੇ ਪੰਜਾਬ ਸਤਾਰ੍ਹਵੀਂ ਸਦੀ ਦੇ ਅਖ਼ੀਰ ਤਕ ਉੱਤਰ ਪੱਛਮੋਂ ਉਤਰਦੇ ਹਰ ਹਮਲਾਵਰ ਦੇ ਪੈਰਾਂ ਦੀ ਲਿਤਾੜ ਬਣਿਆ ਹੋਇਆ ਸੀ ਅਤੇ ਕਿਸੇ ਨੂੰ ਜੁਰੱਅਤ ਨਹੀਂ ਸੀ ਹੋਈ ਕਿ ਉਸ ਦਾ ਮੂੰਹ ਮੋੜਦਾ, ਬਲਕਿ ਮਾਮੂਲੀ ਧਾੜਵੀ ਭੀ ਜੇ ਸੈਨਾ ਜੋੜ ਕੇ ਭਾਰਤ ਉਪਰ ਚੜ੍ਹ ਆਇਆ ਤਾਂ ਪੰਜਾਬ ਦੇ ਪੰਜਾਂ ਦਰਿਆਵਾਂ ਨੂੰ ਪਾਰ ਕਰ ਸਿਧਾ ਦਿੱਲੀ ਜਾ ਅਪੜਿਆ, ਉਥੇ ਇਸ ਸਦੀ ਦੇ ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਅੰਦਰ ਕੋਈ ਐਸੀ ਰੂਹ ਭਰੀ ਕਿ ਬਾਵਜੂਦ ਦਿੱਲੀ ਦੀ

ਸਤ ਪੁਸ਼ਤਾਂ ਦੀ ਜੰਮੀ ਹੋਈ ਮੁਗ਼ਲ ਹਕੂਮਤ ਦੇ ਕਟੜ ਵਿਰੋਧ ਦੇ ਅਤੇ ਪੱਛਮ ਤੋਂ ਅਬਦਾਲੀ ਵਰਗੇ ਜਾਬਰ ਦੇ ਵਾਰ ਵਾਰ ਕੀਤੇ ਜਾ ਰਹੇ ਹਮਲਿਆਂ ਦੇ ਇਕ ਸਦੀ ਬੀਤਣ ਤੋਂ ਪਹਿਲੋਂ ਪਹਿਲੋਂ ਦਿੱਲੀ ਅਤੇ ਕਾਬਲ ਦੇ ਵਿਚਲੇ ਹਿੱਸੇ, ਐਸੀ ਅਜਿਤ ਸੈਨਾ ਉਤਪੰਨ ਹੋ ਗਈ ਜਿਸ ਨੇ ਇਕ ਬੰਨੇ ਦਿੱਲੀ ਦੀ ਕਿੱਲੀ ਨੂੰ ਉਖੇੜ ਕੇ ਰਖ ਦਿਤਾ ਅਤੇ ਦੂਜੇ ਬੰਨੇ ਅਬਦਾਲੀ ਵਰਗਿਆਂ ਦੇ ਅਜਿਹੇ ਦੰਦ ਭੰਨੇ ਕਿ ਮੁੜ ਕੇ ਅੱਜ ਤਕ ਕਿਸੇ ਨੂੰ ਉਧਰੋਂ ਪੰਜਾਬ ਉਪਰ ਪੈਰ ਧਰਨ ਦਾ ਹੌਸਲਾ ਨਹੀਂ ਪਿਆ। ਇਸ ਦੇ ਅਸਲ ਭੇਦ ਨੂੰ ਗੁਰੂ ਜਾਣੇ ਜਾਂ ਉਹ ਜਾਣਨ ਜਿਨ੍ਹਾਂ ਅੰਦਰ ਇਹ ਪਲਟਾ ਆਇਆ, ਪਰ ਇਕ ਗੱਲ ਬੜੀ ਸਪੱਸ਼ਟ ਹੈ ਕਿ ਅਠਾਰ੍ਹਵੀਂ ਸਦੀ ਅਤੇ ਉਨ੍ਹੀਵੀਂ ਸਦੀ ਦੇ ਮਧ ਤਕ ਡੇਢ ਸੌ ਸਾਲ ਦੇ ਸੈਨਿਕ ਤੇ ਕਠਨਾਈਆਂ ਭਰੇ ਜੀਵਨ ਨੇ ਪੰਜਾਬ ਦੇ ਸਿੱਖਾਂ ਨੂੰ ਏਨਾ ਕਾਠਾ ਬਣਾ ਦਿਤਾ ਸੀ ਅਤੇ ਉਹਨਾਂ ਦੀਆਂ ਰਗਾਂ ਵਿਚ ਏਨਾ ਸੂਰਬੀਰੀ ਖ਼ੂਨ ਭਰ ਦਿਤਾ ਸੀ ਕਿ ਮਾਨੋ, ਸਿਖ ਮਾਵਾਂ ਕਸਮ ਖਾ ਲਈ ਹੋਵੇ ਕਿ ਜਣਾਂਗੀਆਂ ਤਾਂ ਸੂਰਮਾ ਪੁਤਰ, ਨਹੀਂ ਤਾਂ ਬਾਂਝ ਹੀ ਰਵਾਂਗੀਆਂ। ਸਿਖ ਦੀ ਅਜਿਹੀ ਸਥਿਤੀ ਦਾ ਹੀ ਸਿੱਟਾ ਸੀ, (ਅਤੇ ਅੰਗਰੇਜ਼ ਨੇ ਇਸ ਦਾ ਸਰਵੇਖਣ ਸਿੱਖਾਂ ਨਾਲ ਲੜੀਆਂ ਲੜਾਈਆਂ ਵਿਚ ਭਲੀ ਤਰ੍ਹਾਂ ਕਰ ਲਿਆ ਸੀ) ਕਿ ਅੰਗਰੇਜ਼ ਨੇ ਪੰਜਾਬ ਦੀ ਸੌ ਸਾਲ ਦੀ ਹਕੂਮਤ ਸਮੇਂ ਸਿਖ ਦੀ ਸੂਰਬੀਰਤਾ ਨੂੰ ਆਪਣੀ ਲੋੜ ਲਈ ਵਰਤਿਆ। ਪਰ ਚੂੰਕਿ ਸਿਖ ਦਾ ਭੈ ਅੰਗਰੇਜ਼ ਦੇ ਹਿਰਦੇ ਵਿਚ ਸਦਾ ਹੀ ਕਾਇਮ ਰਿਹਾ, ਉਸ ਨੇ ਨਾ-ਕੇਵਲ ਸਿੱਖਾਂ ਅੰਦਰ ਪੁੰਗਰਦੀ ਹਰ ਲਹਿਰ ਉਪਰ ਕੜੀ ਨਿਗਾਹ ਰਖੀ ਅਤੇ ਉਸ ਨੂੰ ਆਪਣੇ ਕਾਬੂ ਵਿਚ ਰੱਖਣ ਜਾਂ ਉੱਕਾ ਹੀ ਦਬਾ ਦੇਣ ਦੇ ਜਤਨ ਜਾਰੀ ਰਖੇ[1] ਬਲਕਿ ਸਿਖ ਨੂੰ ਖ਼ੁਸ਼ਹਾਲ ਤੇ ਸੁਖ-ਰਹਿਣੇ ਬਣਾ ਕੇ ਇਸ ਨੂੰ ਸਰੀਰਕ ਤੇ ਆਚਰਣਕ ਤੌਰ 'ਤੇ ਨਿਤਾਣਾ ਕਰਨ ਦੇ ਸਾਰੇ ਜਤਨ ਕੀਤੇ।[2] ਬਾਵਜੂਦ ਇਨ੍ਹਾਂ ਸਾਰੇ ਜਤਨਾਂ ਦੇ ਸਿੱਖਾਂ ਦੇ ਅਗਾਂਹ-ਵਧੂ ਭਾਗ ਨੇ ਭਾਰਤ ਦੇ ਆਜ਼ਾਦੀ ਪ੍ਰਾਪਤੀ ਦੇ ਜੰਗ ਵਿਚ ਵੱਧ ਚੜ੍ਹ ਕੇ ਹਿਸਾ ਲਿਆ, ਅਨੇਕ ਮੁਸੀਬਤਾਂ ਸਹੀਆਂ ਅਤੇ ਆਪਣੇ ਸੁਭਾਉ ਦਾ ਸੂਰਬੀਰੀ ਅੰਸ਼ ਕਿਸੇ ਹਦ ਤਕ ਕਾਇਮ ਰਖਿਆ। ਆਜ਼ਾਦੀ ਮਿਲਣ ਸਮੇਂ ੧੯੪੭ ਵਿਚ ਦੇਸ਼-ਬਦਰ ਹੋਣ ਕਾਰਨ ਜੋ ਮੁਸੀਬਤਾਂ ਸਿਖ ਨੂੰ ਸਹਿਣੀਆਂ

---

੧. ਪੜ੍ਹੋ ਕੂਕਾ ਲਹਿਰ ਅਤੇ ਅਕਾਲੀ ਲਹਿਰ ਦੇ ਕਾਂਡ ਅਤੇ ਸਿਖ ਆਸ਼ਰਮਾਂ ਅਤੇ ਚੀਫ਼ ਖ਼ਾਲਸਾ ਦੀਵਾਨ ਉਪਰ ਆਪਣਾ ਵਸੀਕਾਰ ਬਣਾਏ ਰਖਣ ਦੇ ਬ੍ਰਿਤਾਂਤ।

੨. ਪੜ੍ਹੋ ਸਾਂਦਲ, ਗੰਜੀ ਤੇ ਨੀਲੀ ਬਾਰਾਂ ਅਤੇ ਹੋਰ ਪ੍ਰਾਂਤਾਂ ਅੰਦਰ ਸਿਖ ਦੀ ਮਾਲੀ ਦਸ਼ਾ ਉਚਿਆਣ ਅਤੇ ਸਿਖ ਨੂੰ ਐਸ਼-ਪ੍ਰਸਤ ਬਣਾਉਣ ਦੇ ਸਾਧਨ।

ਪਈਆਂ, ਉਨ੍ਹਾਂ ਵਿਚ ਇਹ ਡੋਲਿਆ ਨਹੀਂ, ਬਲਿਕ ਛੇਤੀ ਹੀ ਮੁੜ ਆਪਣੇ ਪੈਰਾਂ ਸਿਰ ਖੜਾ ਹੋ ਕੇ ਇਸ ਨੇ ਆਪਣੀ ਦਸ਼ਾ ਚੰਗੀ ਬਣਾ ਲਈ। ਇਸ ਸਾਰੀ ਵਾਰਤਾ ਤੋਂ ਕਈ ਗੱਲਾਂ ਸਪੱਸ਼ਟ ਹੁੰਦੀਆਂ ਹਨ, ਯਥਾ ਸਿਖ ਕਠਨਾਈਆਂ ਅਤੇ ਮੁਸੀਬਤਾਂ ਵਿਚ ਵਧੇਰੇ ਮੌਲਦਾ ਹੈ, ਜਿਸ ਤਰ੍ਹਾਂ ਅੰਗੂਰ, ਗੁਲਾਬ ਆਦਿ ਦੀਆਂ ਵੇਲਾਂ ਨੂੰ ਜਿੰਨਾ ਵਧੇਰੇ ਛਾਂਗਿਆ ਜਾਵੇ, ਇਹ ਉਤਨਾ ਜ਼ਿਆਦਾ ਵਧਦੇ ਤੇ ਫੁਲਦੇ ਹਨ, ਇਉਂ ਹੀ ਸਿਖ ਠੋਕਰਾਂ ਖਾ ਕੇ ਵਧੇਰੇ ਕਾਠਾ ਤੇ ਮਜ਼ਬੂਤ ਹੁੰਦਾ ਹੈ। ਪਰ ਜੇ ਇਸ ਨੂੰ ਆਪਣੇ ਆਪ 'ਤੇ ਛਡ ਦਿਤਾ ਜਾਵੇ ਅਤੇ ਇਹ ਆਪਣੀ ਖ਼ੁਸ਼ੀ ਜਾਗੇ ਸਵੇਂ, ਖਾਵੇ ਪੀਵੇ, ਐਸ਼ ਕਰੇ ਤਾਂ ਇਹ ਕਮਜ਼ੋਰ ਹੁੰਦਾ ਜਾਂਦਾ ਹੈ।

ਕੌਮੀ ਜ਼ਬਤ (Discipline): ਹਰ ਮੁਸੀਬਤ ਮਨੁੱਖ ਦੇ ਵਿਕਾਸ ਦਾ ਸਾਧਨ ਹੁੰਦੀ ਹੈ, ਪਰ ਜੇ ਮਨੁੱਖ ਆਚਰਣ ਦੇ ਹੀਣੇ ਹੋਣ ਅਤੇ ਜਿਨ੍ਹਾਂ ਦਾ ਜੀਵਨ ਨਿਤਾਪ੍ਰਤ ਦੇ ਕਿਸੇ ਜ਼ਬਤ (discipline) ਅੰਦਰ ਨਹੀਂ ਢਲਿਆ, ਅਥਵਾ ਜਿਨ੍ਹਾਂ ਨੂੰ ਵਿਸ਼ੇਸ਼ ਬੰਧਨਾਂ ਵਿਚ ਰਹਿਣ ਦੀ ਕਰੜਾਈ ਦਾ ਕੋਈ ਤਜਰਬਾ ਨਹੀਂ, ਉਹ ਮੁਸੀਬਤ ਪੈਣ ਪਰ ਘਾਬਰ ਜਾਂਦੇ ਹਨ ਅਤੇ ਵਿਕਾਸ ਕਰਨ ਦੀ ਬਜਾਏ ਉਹ ਆਪਣੇ ਆਪ ਨੂੰ ਨਿਤਾਣੇ ਤੇ ਕਮਜ਼ੋਰ ਮਹਿਸੂਸ ਕਰਦੇ ਹਨ। ਜ਼ਬਤ (discipline) ਹੀ ਮਨੁੱਖ-ਜੀਵਨ ਦਾ ਉਹ ਧੁਰਾ ਹੈ, ਜਿਸ ਦੇ ਸਿਰ 'ਤੇ ਮਨੁੱਖ ਦੀ ਜੀਵਨ-ਗੱਡੀ ਸੁਖਾਵੀਂ ਰਿੜ੍ਹਦੀ ਹੈ। ਸੰਸਾਰ ਭਰ ਦਾ ਫ਼ੌਜੀ ਜੀਵਨ ਜ਼ਬਤ 'ਤੇ ਹੀ ਉਸਰਦਾ ਹੈ। ਜ਼ਬਤ ਅੰਦਰ ਰਿਹਾ ਵਿਦਿਆਰਥੀ ਹੀ ਸਿਖਰੇ ਪੁਜਿਆ ਕਰਦਾ ਹੈ। ਇਹੋ ਅਸੂਲ ਮਨੁੱਖ 'ਤੇ ਲਾਗੂ ਹੈ।

ਸਿਖ ਦਾ ਸਮੁਚਾ ਜੀਵਨ ਜ਼ਬਤ ਵਿਚ ਢਾਲਿਆ ਜੀਵਨ ਹੈ। ਧੁਰ ਆਤਮਕ ਪੱਧਰ ਤੋਂ ਲੈ ਕੇ ਸਰੀਰ, ਕੁਟੰਬ, ਭਾਈਚਾਰੇ ਅਤੇ ਸਮਾਜ ਪੱਧਰ ਤਕ ਇਸ ਦੇ ਨੀਯਤ-ਜ਼ਬਤ ਦਾ ਪਾਲਣਾ ਕਰਨਾ ਹੈ। ਇਸ ਦਾ ਦਿਨ-ਰਾਤ, ਇਸ ਦਾ ਖਾਣ-ਪੀਣ-ਪਹਿਨਣ, ਇਸ ਦਾ ਕਾਰ-ਵਿਹਾਰ ਅਤੇ ਲੋਕ-ਵਰਤਾਰਾ ਸਮੁੱਚਾ ਹੀ ਜ਼ਬਤ ਅਧੀਨ ਹੈ। ਇਸ ਦਾ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ, ਨਾਮ ਸਿਮਰਨ, ਬਾਣੀ ਦਾ ਨਿਤਨੇਮ, ਪਾਠ, ਸਤਸੰਗਤਿ, ਧਰਮ ਦੀ ਕਿਰਤ, ਵੰਡ ਖਾਣਾ, ਪਰ-ਇਸਤ੍ਰੀ ਵੱਲ ਮਾਂ ਭੈਣ ਵਾਲੀ ਭਾਵਨਾ, ਨਸ਼ਿਆਂ ਦਾ ਤਿਆਗ ਅਤੇ ਸਰੀਰਕ ਖ਼ਾਲਸਈ ਰਹਿਤ ਦਸਤਾਰ ਇਤਿਆਦੀ ਸਾਰੇ ਜ਼ਬਤ ਹਨ, ਜਿਨ੍ਹਾਂ ਅੰਦਰ ਸਿਖ ਨੇ ਵਿਚਰਨਾ ਹੈ।

ਇਨ੍ਹਾਂ ਬੰਦਸ਼ਾਂ ਦੀ ਕਰੜਾਈ ਸਿੱਖੀ ਸੁਭਾਅ ਨੂੰ ਹਾਠਾ ਅਤੇ ਸਰੀਰ ਨੂੰ ਕਾਠਾ ਬਣਾਉਂਦੀ ਹੈ। ਇਹ ਇਸ ਦੇ ਆਚਰਣ ਘੜਨ ਦੀ ਟਕਸਾਲ ਹੈ। ਨਿਤਾਪ੍ਰਤ ਦਾ ਨਾਮ ਸਿਮਰਨ ਅਤੇ ਬਾਣੀ ਦਾ ਪਾਠ ਇਸ ਦਾ ਗੁਰੂ ਪਰ ਭਰੋਸਾ

ਬੰਨ੍ਹਾਉਂਦਾ ਹੈ, ਜਿਸ ਭਰੋਸੇ ਅਤੇ ਵਿਸ਼ਵਾਸ ਸਦਕਾ ਇਹ ਕਰੜੀ ਤੋਂ ਕਰੜੀ ਮੁਸੀਬਤ ਸਹਿ ਗੁਜ਼ਰਨ ਦੇ ਯੋਗ ਹੋ ਜਾਂਦਾ ਹੈ। ਵਿਸ਼ਵਾਸ (faith) ਹੀ ਮਨੁੱਖ ਦੀਆਂ ਸਫਲਤਾਵਾਂ ਦੀ ਢਾਲ ਹੈ, ਜੋ ਘਮਸਾਣ ਦੇ ਯੁੱਧਾਂ ਵਿਚੋਂ ਭੀ ਇਸ ਨੂੰ ਡੋਲਣ ਨਹੀਂ ਦੇਂਦੀ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਸਮੁੱਚਾ ਸਿਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਉਪਰ ਕਦੀ ਨਾ ਡੋਲਣ ਵਾਲੇ ਵਿਸ਼ਵਾਸ ਦੇ ਸਿਰ 'ਤੇ ਹੀ ਸਿਖ ਕਠਨ ਤੋਂ ਕਠਨ ਮੁਸੀਬਤਾਂ ਸਹਿਣ ਵਾਲੇ ਹੋ ਗਏ। ਸੋ ਸਿਖ ਦਾ ਅਸਲ ਸਹਾਰਾ ਉਸ ਦਾ ਗੁਰੂ ਉਤੇ ਵਿਸ਼ਵਾਸ ਹੈ, ਅਤੇ ਇਸ ਵਿਸ਼ਵਾਸ ਦੇ ਕਾਇਮ ਰਖਣ ਤੇ ਇਸ ਨੂੰ ਹੋਰ ਦ੍ਰਿੜ ਕਰਨ ਦਾ ਸਾਧਨ ਹੈ ਸਿੱਖੀ ਜ਼ਬਤ (discipline)। ਇਹ ਆਤਮਕ ਭੀ ਹੈ ਅਤੇ ਸਰੀਰਕ ਭੀ। ਇਸ ਵਿਚ ਕਿਸੇ ਤਰ੍ਹਾਂ ਦੀ ਢਿਲਿਆਈ ਵਿਸ਼ਵਾਸ ਨੂੰ ਕਮਜ਼ੋਰ ਕਰਨਾ ਹੈ। ਇਸ ਤਰ੍ਹਾਂ ਇਹ ਕਹਿਣਾ ਬਣਦਾ ਹੈ ਕਿ ਸਿਖੀ ਜ਼ਬਤ (discipline) ਹੀ ਸਿਖ ਦੀ ਸ਼ਕਤੀ ਦਾ ਆਧਾਰ ਹੈ।

ਜ਼ਬਤ ਹੀ ਸੰਗਠਨ ਜਾਂ ਜਥੇਬੰਦੀ ਦੀ ਰੂਹ ਹੋਇਆ ਕਰਦੀ ਹੈ। ਜ਼ਬਤ ਵਿਹੂਣੀ ਕੋਈ ਜਥੇਬੰਦੀ ਕਦੀ ਸਫਲ ਨਹੀਂ ਹੋਈ। ਜ਼ਬਤ ਦੇ ਜਾਣ ਨਾਲ ਇਹ ਖੇਰੂੰ ਖੇਰੂੰ ਹੋ ਕੇ ਰਹਿ ਜਾਂਦੀ ਹੈ। ਜ਼ਬਤ ਤੋਂ ਬਿਨਾਂ ਹਕੂਮਤਾਂ ਮਲੀਆਮੇਟ ਹੋ ਜਾਂਦੀਆਂ ਅਤੇ ਆਸ਼ਰਮ ਤੇ ਸੰਸਥਾ ਢਹਿ-ਢੇਰੀ ਹੋ ਜਾਇਆ ਕਰਦੀਆਂ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਨੂੰ ਇਕ ਜ਼ਬਤ ਅੰਦਰ ਸਾਜਿਆ। ਇਹ ਜ਼ਬਤ ਨਾਮ ਦਾ ਸੀ, ਆਚਰਣ ਦਾ ਸੀ, ਗੁਰੂ ਦੇ ਕੁਟੰਬੀ ਹੋਣ ਦਾ ਸੀ ਅਤੇ ਸਿਖ ਦੀ ਰਹਿਣੀ ਤੇ ਉਸ ਦੇ ਨਿਆਰੇ ਬਾਣੇ ਦਾ ਸੀ। ਅਜਿਹੇ ਜ਼ਬਤ ਵਾਲਿਆਂ ਦਾ ਨਾਮ ਗੁਰੂ ਨੇ 'ਵਾਹਿਗੁਰੂ ਜੀ ਕਾ ਖ਼ਾਲਸਾ' ਰਖਿਆ। ਜ਼ਿੰਨਾ ਚਿਰ ਅਤੇ ਜਦੋਂ ਸਿਖ ਇਸ ਜ਼ਬਤ ਦਾ ਪਾਬੰਦ ਹੋਇਆ, ਇਸ ਦੇ ਅੰਦਰ ਕਰੜੀ ਤੋਂ ਕਰੜੀ ਮੁਸੀਬਤ ਸਹਿਣ ਦੀ ਸਮਰੱਥਾ ਆਈ, ਇਸ ਦੀ ਫ਼ਤਹ ਹੋਈ ਅਤੇ ਸਾਰੀ ਦੁਨੀਆ ਨੇ ਇਸ ਦੀ ਸੋਭਾ ਕੀਤੀ। ਦੂਰ ਨਾ ਜਾਓ, ਪੜ੍ਹੋ ੧੯੨੧ ਦਾ ਨਨਕਾਣਾ ਸਾਹਿਬ ਦਾ ਸਾਕਾ, ੧੯੨੨ ਦਾ ਗੁਰੂ ਕੇ ਬਾਗ਼ ਦਾ ਮੋਰਚਾ ਅਤੇ ੧੯੨੪ ਗੰਗਸਰ ਜੈਤੋ ਦੇ ਸ਼ਹੀਦਾਂ ਦੀ ਵਾਰਤਾ। ਕੀ ਸਤਾਂ-ਸਮੁੰਦਰਾਂ ਦੀ ਜੇਤੂ ਅੰਗਰੇਜ਼ ਸਰਕਾਰ ਉਨ੍ਹਾਂ ਸਾਹਮਣੇ ਨਹੀਂ ਝੁਕੀ ? ਕੀ ਦੁਨੀਆ ਨੇ ਇਨ੍ਹਾਂ ਉਪਰ ਫੁਲ ਨਹੀਂ ਵਰਸਾਏ ? ਕੀ ਸਿੱਖਾਂ ਨੂੰ ਇਨ੍ਹਾਂ ਵਿਚ ਸਫਲਤਾ ਨਹੀਂ ਹੋਈ ? ਪਰ ਇਹ ਸਭ ਕੁਝ, ਸਦਕੇ ਉਸ ਜ਼ਬਤ ਦੇ ਸੀ ਜੋ ਗੁਰੂ ਨੇ ਇਨ੍ਹਾਂ 'ਤੇ ਲਾਗੂ ਕੀਤਾ ਸੀ ਅਤੇ ਜਿਸ ਦੀ ਬਦੌਲਤ ਇਹ ਵਰ੍ਹਦੀਆਂ ਗੋਲੀਆਂ ਤੇ ਡਾਂਗਾਂ ਅੰਦਰ ਭੀ

ਨਹੀਂ ਡੋਲੇ ਅਤੇ ਉਹ ਕੁਝ ਕਰ ਵਿਖਾਇਆ ਜਿਸ ਪਰ ਦੁਨੀਆ ਹੈਰਾਨ ਸੀ। ਕਿਸੇ ਨੂੰ ਮਾਮੂਲੀ ਸੱਟ ਮਾਰੇ ਤਾਂ 'ਹਾਇ, ਉਫ, ਮਰ ਗਿਆ' ਤੋਂ ਵਧ ਕੁਝ ਨਹੀਂ ਬੋਲਦਾ, ਪਰ ਇਹ ਸਿਖ ਸਨ ਜੋ ਡਾਂਗ ਬਰਛੇ ਗੰਡਾਸੇ ਦੇ ਹਰ ਵਾਰ ਅਤੇ ਸਰੀਰ ਅੰਦਰ ਧਸੀ ਹਰ ਗੋਲੀ ਨਾਲ ਓਦੋਂ ਤਕ 'ਸਤਿਨਾਮ ਵਾਹਿਗੁਰੂ, ਵਾਹਿਗੁਰੂ ਸਤਿਨਾਮ' ਬੋਲਦੇ ਜਾਂਦੇ, ਜਦ ਤਕ ਠੰਢੇ ਨਾ ਹੋ ਜਾਂਦੇ। ਕੀ ਇਹ 'ਨਾਮ' ਦੇ ਜ਼ਬਤ ਤੋਂ ਬਿਨਾਂ ਸੰਭਵ ਹੋ ਸਕਦਾ ਸੀ ? ਹਰਗਜ਼ਿ ਨਹੀਂ। ਉਹਨਾਂ ਦੇ ਅੰਦਰ ਗੁਰੂ ਉਪਰ ਅਤੁਟ ਸਿਦਕ ਅਤੇ ਉਸ ਦਾ ਬਖ਼ਸ਼ਿਆ ਨਾਮ ਸਮਾਇਆ ਹੋਇਆ ਸੀ, ਜਿਸ ਲਈ ਉਹ ਵਡੇ ਤੋਂ ਵਡੇ ਕਸ਼ਟ ਵਿਚ ਭੀ 'ਸਤਿਨਾਮ ਵਾਹਿਗੁਰੂ' ਤੋਂ ਬਿਨਾਂ ਕੁਝ ਨਹੀਂ ਸਨ ਬੋਲਦੇ। ਉਨ੍ਹਾਂ ਦੇ ਅੰਦਰ ਗੁਰੂ ਦੀ ਸੁਝਾਈ ਇਕੋ ਗੱਲ ਵਸੀ ਹੋਈ ਸੀ :

'ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥

(ਗਉੜੀ ਕਬੀਰ ਜੀ, ਪੰਨਾ ੩੩੮)

ਅਰਥਾਤ, ਉਹ ਸੂਰਮਾ ਕਾਹਦਾ ਹੋਇਆ ਜੋ ਰਣਭੂਮੀ ਅੰਦਰ ਜਾ ਕੇ ਡਰ ਮੰਨੇ, ਜਾਂ ਉਹ ਸਤੀ ਕਾਹਦੀ ਹੋਈ ਜੋ ਸਤੀ ਹੋਣ ਸਮੇਂ ਭਾਂਡੇ ਸਾਂਭਣ ਲਗ ਜਾਵੇ। ਉਹ ਤਾਂ ਆਪਣੇ ਮਨ ਨੂੰ ਇਉਂ ਸਮਝਾਉਂਦੇ ਸਨ :

ਡਗਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨੋ ਹਾਥਿ ਸੰਧਉਰਾ ॥

(ਗਉੜੀ ਕਬੀਰ ਜੀ, ਪੰਨਾ ੩੩੮)

ਇਹ ਅਵਸਥਾ ਉਨ੍ਹਾਂ ਦੀ ਹੁੰਦੀ ਹੈ ਜੋ ਗੁਰੂ ਦੇ ਜ਼ਬਤ ਵਿਚ ਰਹਿ ਕੇ ਮਨ ਦੇ ਹਾਠੇ ਅਤੇ ਸਰੀਰ ਦੇ ਕਾਠੇ ਹੋ ਗਏ ਹੋਣ। ਉਨ੍ਹਾਂ ਦੀ ਸਾਰੀ ਸੂਝ ਤੇ ਸ਼ਕਤੀ ਗੁਰੂ ਦੀ ਹੋ ਜਾਂਦੀ ਹੈ। ਉਹ ਫਿਰ ਡਗਮਗਾਂਦੇ ਨਹੀਂ।

ਸੋ ਮੇਰੇ ਵੀਰ, ਸਿਖ ਦੀ ਸਾਰੀ ਜੁਰੱਅਤ, ਮਰਦਾਨਗੀ ਤੇ ਸਫਲਤਾ ਦਾ ਇਕੋ ਇਕ ਰਾਜ਼ ਸਿੱਖੀ ਜ਼ਬਤ (discipline) ਹੈ। ਅੱਜ ਅਸੀਂ ਕਮਜ਼ੋਰ ਇਸ ਲਈ ਹੋ ਗਏ ਹਾਂ ਕਿ ਅਸੀਂ ਗੁਰੂ ਦੇ ਜ਼ਬਤ ਵਿਚ ਨਹੀਂ ਰਹੇ। ਜ਼ਬਤ-ਹੀਨ ਜੀਵਨ ਨੇ ਸਾਨੂੰ ਸੁਖ-ਰਹਿਣਾ ਬਣਾ ਦਿਤਾ ਹੈ। ਸਾਡੀ ਸਾਰੀ ਸੋਚਣੀ ਸਰੀਰਕ ਸੁਖ ਅਤੇ ਐਸ਼ ਦੇ ਸਾਮਾਨ ਜੋੜਨ ਵਲ ਲਗ ਗਈ ਹੈ। ਅਸੀਂ ਜੀਭ-ਰਸ, ਅੱਖ-ਰਸ, ਕੰਨ-ਰਸ ਤੇ ਹੋਰ ਸਰੀਰਕ ਰਸਾਂ ਵਿਚ ਪੈ ਗਏ ਹਾਂ। ਫ਼ੈਸ਼ਨ-ਪ੍ਰਸਤੀ, ਗੀਤ ਸੰਗੀਤ-ਪ੍ਰਸਤੀ, ਤਸਵੀਰ (ਸਿਨਮਾ)-ਪ੍ਰਸਤੀ ਸਾਡਾ ਨਿਤ ਦਾ ਵਿਹਾਰ ਬਣ ਗਿਆ ਹੈ। ਜੋ ਹਿਰਦਾ ਦਿਨ ਰਾਤ ਐਸੀ ਦਿਲਕਸ਼ ਪ੍ਰਸਤਸ਼ (ਪੂਜਾ) ਵਿਚ ਉਲਝਿਆ ਰਹੇ,

ਉਸ ਨੂੰ ਕੀ ਆਖ ਕਿ ਜ਼ਬਤ ਲਾਗਿਉਂ ਭੀ ਲੰਘ ਸਕੇ।

ਇਹ ਸਾਰੀ ਗੱਲ ਬਾਤ ਉਥੇ ਬੈਠੇ ਦੂਜੇ ਵਿਦਿਆਰਥੀਆਂ ਨੇ ਬੜੇ ਗਹੁ ਨਾਲ ਸੁਣੀ ਸੀ ਅਤੇ ਮਹਿਸੂਸ ਭੀ ਬਹੁਤ ਕੀਤਾ ਸੀ। ਉਨ੍ਹਾਂ ਵਿਚੋਂ ਇਕ ਬੋਲਿਆ, "ਪਰ ਵੀਰ ਜੀ, ਹਾਲਾਤ ਏਨੇ ਦਿਗਰਗੂੰ (ਉਲਟ ਪੁਲਟ) ਹੋ ਗਏ ਹਨ ਕਿ ਇਸ ਵਿਚ ਹੁਣ ਕੁਝ ਹੋ ਸਕਣਾ ਸੰਭਵ ਨਹੀਂ ਜਾਪਦਾ।"

ਉਕਤ ਵਿਆਖਿਆ ਕਰਨ ਵਾਲਾ ਵਿਦਿਆਰਥੀ ਫਿਰ ਬੋਲਿਆ :

"ਨਹੀਂ, ਇਹ ਠੀਕ ਨਹੀਂ, ਦਿਲ ਹਾਰਨਾ ਤਾਂ ਮਰਦੂਦਾਂ ਦਾ ਕੰਮ ਹੈ। ਅਸੀਂ ਤਾਂ ਗੁਰੂ ਦੇ ਸਿਖ ਹਾਂ ਅਤੇ ਗੁਰੂ ਨੂੰ ਸਦਾ ਅੰਗ-ਸੰਗ ਰਹਿੰਦਾ ਮੰਨਦੇ ਹਾਂ। ਇਕ ਅਖੌਤ ਹੈ, 'ਹਿੰਮਤੇ ਮਰਦਾਂ, ਮਦਦਿ ਖ਼ੁਦਾ'। ਹਿੰਮਤ ਕਰਨ ਵਾਲਿਆਂ ਦੀ ਰੱਬ ਸਹਾਇਤਾ ਕਰਿਆ ਕਰਦਾ ਹੈ। ਜੇਕਰ ਅਸੀਂ ਵਿਦਿਆਰਥੀ ਹੀ ਲੱਕ ਬੰਨ੍ਹ ਲਈਏ ਤਾਂ ਅਸੀਂ ਇਸ ਵਿਚ ਮੋੜਾ ਲਿਆ ਸਕਦੇ ਹਾਂ। ਜੋ ਗੱਲ ਸਟੇਜਾਂ ਉਪਰੋਂ ਵਰ੍ਹਾਏ ਲੈਕਚਰ ਨਹੀਂ ਕਰ ਸਕਦੇ ਉਹ ਅਸੀਂ ਖਾਣੇ ਦੀ ਮੇਜ਼ 'ਤੇ ਬੈਠ ਕਰ ਸਕਦੇ ਹਾਂ। ਜੇ ਅਸੀਂ ਦ੍ਰਿੜ੍ਹ ਵਿਸ਼ਵਾਸ ਨਾਲ ਲਗ ਪਈਏ ਤਾਂ ਇਹ ਕੋਈ ਵੱਡੀ ਮੁਸ਼ਕਲ ਗੱਲ ਨਹੀਂ। ਸ਼ੁਰੂ ਸ਼ੁਰੂ ਵਿਚ ਸ਼ਾਇਦ ਸਾਡੇ ਹਮ-ਖ਼ਿਆਲ ਬਹੁਤ ਥੋੜ੍ਹੇ ਵਿਦਿਆਰਥੀ ਹੋਣਗੇ, ਪਰ ਜੇ ਅਸੀਂ ਹੀ ਸਿਰ ਜੋੜ ਲਈਏ ਅਤੇ ਹੌਲੀ ਹੌਲੀ ਪਿਆਰ ਤੇ ਪ੍ਰੇਰਨਾ ਦੁਆਰਾ ਆਪਣੀ ਸੰਗਤ ਵਧਾਉਣ ਦਾ ਜਤਨ ਅਰੰਭ ਦੇਈਏ ਤਾਂ ਅਸੀਂ ਦਿਨਾਂ ਵਿਚ ਕਈ ਹੋਰਨਾਂ ਨੂੰ ਆਪਣੇ ਨਾਲ ਜੋੜ ਸਕਦੇ ਹਾਂ। ਫਿਰ ਸਾਡੇ ਵਿਚੋਂ ਹਰ ਇਕ ਦਾ ਆਪਣਾ ਆਪਣਾ ਸਰਕਲ ਹੈ, ਉਸ ਵਿਚ ਜ਼ਾਤੀ ਤੌਰ 'ਤੇ ਕੀਤਾ ਜਤਨ ਵਡਾ ਲਾਭਵੰਦ ਹੋ ਸਕਦਾ ਹੈ। ਇਸੇ ਤਰ੍ਹਾਂ ਜੇਕਰ ਅਜਿਹੀ ਲਹਿਰ ਸਾਰੇ ਸਕੂਲਾਂ ਵਿਚ ਚਲ ਪਵੇ ਤਾਂ ਵਿਦਿਆਰਥੀ ਸ਼੍ਰੇਣੀ ਨੂੰ ਸਿਧੇ ਰਾਹ ਲੈ ਆਉਣਾ ਮੁਸ਼ਕਲ ਨਹੀਂ ਹੋਵੇਗਾ, ਅਤੇ ਫ਼ੀ ਜ਼ਮਾਨਾ ਵਿਦਿਆਰਥੀ ਹੀ ਸਾਰੀਆਂ ਲਹਿਰਾਂ (movements) ਦਾ ਮੋਢੀ ਹੈ। ਪਰ ਇਕ ਖ਼ਤਰੇ ਨੂੰ ਸਦਾ ਨਿਗਾਹ ਵਿਚ ਰਖਣਾ ਚਾਹੀਦਾ ਹੈ, ਉਹ ਹੈ ਕੰਮ ਕਰਨ ਵਾਲਿਆਂ ਅੰਦਰ ਚੌਧਰ ਦੀ ਭੁੱਖ; ਹਰ ਕੋਈ ਲੀਡਰ ਬਣਨ ਅਤੇ ਆਪਣਾ ਨਾਮ ਰੌਸ਼ਨ ਕਰਨ ਵਲ ਲੱਗ ਜਾਂਦਾ ਹੈ। ਜੇਕਰ ਸਾਡਾ ਮੰਤਵ ਗੁਰੂ ਦੇ ਨਾਮ ਨੂੰ ਤੇ ਸਿੱਖੀ ਨੂੰ ਸੁਰਜੀਤ ਕਰਨਾ ਹੀ ਹੈ ਤਾਂ ਇਹ ਲਾਲਸਾ ਛਡਣੀ ਪਵੇਗੀ। ਵੈਸੇ ਕਿਸੇ ਦੀ ਕੀਤੀ ਮਿਹਨਤ ਕਦੀ ਅਜਾਈਂ ਨਹੀਂ ਜਾਂਦੀ। ਜੋ ਨਿਸ਼ਕਾਮ ਹੋ ਕੇ ਕੰਮ ਕਰਦਾ ਹੈ, ਪਬਲਿਕ ਆਪਣੇ ਆਪ ਉਸ ਨੂੰ ਅਗੇ ਲੈ ਆਉਂਦੀ ਹੈ।

ਫਿਰ ਨਿਰਾ ਵਿਦਿਆਰਥੀ ਹੀ ਨਹੀਂ, ਇਸ ਕੰਮ ਵਿਚ ਹਰ ਸਿਖ ਭੈਣ ਭਰਾ, ਹਰ ਸੰਸਥਾ, ਹਰ ਆਸ਼ਰਮ ਆਪਣੇ ਆਪਣੇ ਥਾਂ ਸਿੱਖੀ ਦੀ ਸੇਵਾ ਕਰ

ਸਕਦਾ ਹੈ। ਜੇਕਰ ਹਰ ਮਨੁੱਖ ਤਥਾ ਇਸਤ੍ਰੀ ਆਪਣੇ ਆਪਣੇ ਘਰ ਦੇ ਬੱਚਿਆਂ ਨੂੰ ਸਿੱਖੀ ਰੰਗ ਚਾੜ੍ਹਨ ਦਾ ਤਹੱਈਆ ਕਰ ਲਵੇ ਅਤੇ ਪਿਆਰ, ਸਖ਼ਤੀ, ਜੋ ਹਥਿਆਰ ਭੀ ਵਰਤਣਾ ਪਵੇ, ਉਸ ਦੇ ਵਰਤਣ ਤੋਂ ਸੰਕੋਚ ਨਾ ਕਰੇ, ਤਾਂ ਟੱਬਰਾਂ ਦੇ ਟੱਬਰ ਸਿੱਖੀ ਦੇ ਮਾਹੌਲ ਵਿਚ ਆ ਜਾਣ। ਇਸੇ ਤਰ੍ਹਾਂ ਹਰ ਸੰਸਥਾ ਅਤੇ ਹਰ ਆਸ਼ਰਮ ਆਪਣਾ ਆਲਾ-ਦੁਆਲਾ ਸੰਭਾਲ ਲਵੇ ਤਾਂ ਕਾਹਦੀ ਮੁਸ਼ਕਲ ਰਹਿ ਜਾਂਦੀ ਹੈ। ਵਧੇਰੇ ਸਮਰੱਥ ਸਭਾਵਾਂ ਨੂੰ ਆਪਣੇ ਦਾਇਰੇ ਤੋਂ ਬਾਹਰ ਨਿਕਲ ਥੋੜ੍ਹੇ ਥੋੜ੍ਹੇ ਪੇਂਡੂ ਇਲਾਕੇ ਨੂੰ ਆਪਣੇ ਨਾਲ ਜੋੜ ਲੈਣਾ ਚਾਹੀਦਾ ਹੈ। ਸਾਡੇ ਜਿਹੜੇ ਵੀਰ ਪਰਦੇਸੀਂ ਗਏ ਹੋਏ ਹਨ, ਉਨ੍ਹਾਂ ਨੂੰ ਉਥੇ ਆਪਣੇ ਆਪਣੇ ਥਾਂ ਅਜਿਹੀ ਸੰਭਾਲ ਕਰਨੀ ਚਾਹੀਦੀ ਹੈ, ਬਲਕਿ ਪਰਦੇਸਾਂ ਵਿਚ ਉਹ ਆਪਣੇ ਆਪ ਨੂੰ ਕੌਮ ਦੇ ਸਹੀ ਨੁਮਾਇੰਦੇ ਹੋਣ ਦੀ ਜ਼ਿੰਮੇਵਾਰੀ ਨੂੰ ਸਮਝਣ ਅਤੇ ਸਿੱਖੀ ਦੇ ਝੰਡੇ ਨੂੰ ਉਥੇ ਉਚੇਰਾ ਲੈ ਜਾਣ। ਦੇਸ ਵਿਚ ਈਰਖਾ ਬਾਹਲੀ ਹੋਣ ਕਰਕੇ, ਹੋ ਸਕਦਾ ਹੈ, ਉਨ੍ਹਾਂ ਨੂੰ ਦੇਸ-ਵਾਸੀਆਂ ਨੂੰ ਭੀ ਅਗਵਾਈ ਦੇਣੀ ਪਵੇ।

ਇਹ ਕੰਮ ਹਰ ਮਨੁੱਖ ਤੇ ਹਰ ਸੰਸਥਾ ਨੂੰ, ਬਿਨਾਂ ਕਿਸੇ ਦੀ ਉਡੀਕ ਕੀਤੇ, ਆਪਣੇ ਆਪ ਸ਼ੁਰੂ ਕਰ ਦੇਣਾ ਚਾਹੀਦਾ ਹੈ। ਉਪਰੰਤ ਇਸ ਨੂੰ ਜਥੇਬੰਦ ਕਰਨ ਦੀ ਭੀ ਸੋਚੀ ਜਾ ਸਕਦੀ ਹੈ, ਜਿਸ ਦੇ ਲਈ ਪੰਥ ਦੀਆਂ ਮੁਖ ਜਥੇਬੰਦੀਆਂ, ਜਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਟੇਟ ਗੁ: ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨਾਂ, ਸਿੰਘ ਸਭਾ ਸ਼ਤਾਬਦੀ ਕਮੇਟੀ ਅਤੇ ਸਾਰੇ ਸਿਖ ਕਾਲਜ,ਸਕੂਲ ਸੰਗਠਤ ਹੋ ਜਾਣੇ ਕੋਈ ਮੁਸ਼ਕਲ ਨਹੀਂ, ਪਰ ਕਿਸੇ ਸਿਖ ਜਾਂ ਕਿਸੇ ਛੋਟੀ ਸਿਖ ਸੰਸਥਾ ਨੂੰ ਇਹ ਉਡੀਕਣ ਦੀ ਲੋੜ ਨਹੀਂ ਹੋਣੀ ਚਾਹੀਦੀ ਕਿ ਬਾਹਰ ਤੋਂ ਆ ਕੇ ਕੋਈ ਉਨ੍ਹਾਂ ਨੂੰ ਸੰਗਠਤ ਕਰੇ ਤਾਂ ਹੀ ਕੰਮ ਆਰੰਭ ਹੋਵੇ।

ਪਹਿਲਾ ਵਿਦਿਆਰਥੀ : ਤੁਹਾਡੇ ਸੁਝਾਉ ਤਾਂ ਭਾਵੇਂ ਬੜੇ ਕੀਮਤੀ ਹਨ ਅਤੇ ਇਸ ਤਰ੍ਹਾਂ ਹੋਣ ਨਾਲ ਸਿੱਖੀ ਦਾ ਪੁਨਰ-ਗਠਨ ਹੋ ਸਕਣਾ ਸੰਭਵ ਭੀ ਹੈ, ਪਰ ਅਣ-ਸਿਖ ਅਨਸਰ ਜਿਸ ਦੇ ਸਹਿਯੋਗ ਬਿਨਾਂ ਸਿਖ ਦੀ ਆਰਥਕ ਤੇ ਰਾਜਨੀਤਕ ਦਸ਼ਾ ਉਚੀ ਉਠਾਈ ਨਹੀਂ ਜਾ ਸਕਦੀ ਅਤੇ ਜੋ ਕੱਲ੍ਹ ਦੀਆਂ ਸੁਣੀਆਂ ਗੱਲਾਂ ਅਨੁਸਾਰ, ਸਾਡਾ ਹਾਮੀ ਨਹੀਂ ਜਾਪਦਾ, ਉਸ ਦਾ ਤੁਸੀਂ ਕੀ ਹੱਲ ਸੋਚਦੇ ਹੋ ?

ਦੂਜਾ ਵਿਦਿਆਰਥੀ : ਜੇਕਰ ਤੁਸੀਂ ਪਹਿਲਾ ਮੋਰਚਾ ਜਿਤ ਲਵੋ ਤਾਂ ਇਸ ਦਾ ਹੱਲ ਤਾਂ ਮੁਸ਼ਕਲ ਹੈ ਹੀ ਨਹੀਂ। ਇਹ ਗੱਲ ਨਿਸਚੇ ਕਰਾਉਣ ਲਈ ਮੈਨੂੰ **ਸਿੱਖਾਂ ਦੀ ਬੁਨਿਆਦ ਬਾਰੇ ਕੁਝ ਦੱਸਣਾ ਪਵੇਗਾ**: ਸਿੱਖੀ ਉਸਰੀ ਹੈ ਤਿੰਨ ਮੁਢਲੇ ਗੁਣਾਂ (fundamentals) ਉਪਰ—ਸਿਮਰਨ, ਸੇਵਾ ਅਤੇ ਜਾਨਬਾਜ਼ੀ

(ਕੁਰਬਾਨੀ)। ਅਤੇ ਸਿਖ ਜ਼ਬਤ, ਜਿਸਦਾ ਅਸੀਂ ਜ਼ਿਕਰ ਕਰਦੇ ਆਏ ਹਾਂ, ਉਹ ਇਨ੍ਹਾਂ ਮੁਢਲੇ ਗੁਣਾਂ ਨੂੰ ਮਜ਼ਬੂਤ ਕਰਨ ਵਾਲਾ ਹੈ। ਸਿੱਖਾਂ ਅੰਦਰ ਜਿਸ ਪੁਨਰ-ਗਠਨ ਦਾ ਅਸੀਂ ਵਿਚਾਰ ਕਰ ਰਹੇ ਹਾਂ, ਉਹ ਤਦੋਂ ਹੀ ਸਫਲ ਸਮਝਿਆ ਜਾਵੇਗਾ ਜਦੋਂ ਸਿੱਖਾਂ ਵਿਚ ਇਹ ਗੁਣ ਪ੍ਰਵੇਸ਼ ਕਰਨਗੇ। ਸਿਖ ਦਾ ਸਿਮਰਨ ਸ਼ੁਰੂ ਹੁੰਦਾ ਹੈ, ਅੰਮ੍ਰਿਤ ਵੇਲੇ ਦੇ ਜਾਗਣ ਤੇ ਇਸ਼ਨਾਨ ਤੋਂ; ਸਿਖ ਦੀ ਸੇਵਾ ਸ਼ੁਰੂ ਹੁੰਦੀ ਹੈ, ਸਤਸੰਗਤਿ ਅੰਦਰ ਝੁਲਾਏ ਪੱਖੇ ਅਤੇ ਸ਼ਬਦ ਦੀ ਵਿਚਾਰ ਤੋਂ, ਅਤੇ ਸਿਖ ਦੀ ਜਾਨ ਬਾਜ਼ੀ ਦਾ ਆਰੰਭ ਹੁੰਦਾ ਹੈ ਆਪਾ ਨਿਵਾਰਨ ਅਤੇ ਵੰਡ ਖਾਣ ਤੋਂ। ਇਹ ਤਿੰਨੇ ਗੁਣ ਜਿਉਂ ਜਿਉਂ ਸਿਖ ਦੇ ਅੰਦਰ ਪ੍ਰਵੇਸ਼ ਕਰਦੇ ਹਨ, ਸਿਖ ਗੁਰੂ ਦੇ ਨੇੜੇ ਹੁੰਦਾ ਜਾਂਦਾ ਹੈ। ਇਸ ਨੂੰ ਅਮਲੀ ਰੂਪ ਦੇਣਾ ਬੜੀ ਕਰੜੀ ਅਤੇ ਉਮਰ ਭਰ ਦੀ ਘਾਲ ਹੈ, ਜਿਸ ਨੂੰ ਅਸੀਂ ਕੇਵਲ ਸਵੇਰੇ ਜਾਗ ਕੇ ਇਸ਼ਨਾਨ ਪਾਠ, ਗੁਰਦੁਆਰੇ ਸੰਗਤ ਵਿਚ ਜਾਣ ਅਤੇ ਕਿਸੇ ਭੁਖੇ ਲੋੜਵੰਦ ਨੂੰ ਰੋਟੀ ਖੁਆ ਦੇਣ 'ਤੇ ਸੀਮਤ ਕਰ ਦੇਂਦੇ ਹਾਂ। ਅਤੇ ਏਨਾ ਕੁ ਕਰਕੇ ਅਸੀਂ ਸਮਝ ਬੈਠਦੇ ਹਾਂ ਕਿ ਸਾਡੀ ਸਿੱਖੀ ਸੰਪੂਰਨ ਹੋ ਗਈ ਹੈ। ਪਰ ਏਨਾ ਕਰ ਲੈਣਾ ਤਾਂ ਕੇਵਲ ਸਿੱਖੀ ਦੀ ਪਹਿਲੀ ਜਮਾਤ ਵਿਚ ਦਾਖ਼ਲ ਹੋਣ ਦੀ ਨਿਆਈਂ ਹੈ। ਸਿੱਖੀ ਨੇ ਏਥੋਂ ਆਰੰਭ ਹੋਣਾ ਹੈ ਅਤੇ ਇਸ ਦਾ ਸਿਖਰ ਹੈ ਹਉਮੈ (ਮੈਂ ਹਾਂ, ਇਹ ਮੇਰਾ ਹੈ, ਮੇਰਾ ਜਿਹਾ ਕੌਣ ਹੈ, ਮੈਂ ਕਿਸੇ ਨੂੰ ਕੀ ਸਮਝਦਾ ਹਾਂ, ਮੈਂ ਇਸ ਕੁਰਸੀ 'ਤੇ ਬੈਠਣਾ ਹੈ, ਮੈਂ ਕਿਵੇਂ ਅਨੰਦ ਮਾਣ ਸਕਾਂ, ਆਦਿ) ਦਾ ਪੂਰਨ ਤਿਆਗ :

ਆਲ ਜਾਲ ਨਹੀ ਕਛੂ ਜੰਜਾਰਾ ਅਹੰ ਬੁਧਿ ਨਹੀ ਭੋਰਾ ॥੨॥

(ਬਿਲਾਵਲੁ ਮ: ੫, ਪੰਨਾ ੮੨੧)

ਅਤੇ **ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥੯॥**

(ਰਾਮਕਲੀ ਮ: ੩, ਅਨੰਦੁ, ਪੰਨਾ ੯੧੮)

ਇਹ ਸਿਖ ਦਾ ਮੰਨਜ਼ਲਿ-ਮਕਸੂਦ (ਸਿਖਰ ਜਾਂ ਨਿਸ਼ਾਨਾ) ਹੈ, ਜਿਥੇ ਪੁਜਣ ਦੇ ਜਤਨ ਵਿਚ ਉਸ ਨੇ ਲਗੇ ਰਹਿਣਾ ਹੈ। ਜਿਸ ਦਾ ਸਾਧਨ ਹੈ ਗੁਰੂ ਵਲੋਂ ਲਾਗੂ ਕੀਤਾ ਜ਼ਬਤ। ਜਦੋਂ ਅਸੀਂ ਸਿੱਖੀ ਦਾ ਪੁਨਰ-ਗਠਨ ਕਰਨ ਵਲ ਲਗਣਾ ਹੈ ਤਾਂ ਇਹ ਨਿਸ਼ਾਨਾ ਸਾਮ੍ਹਣੇ ਰਹਿਣਾ ਹੋਵੇਗਾ। ਐਸੇ ਪੁਨਰ-ਗਠਨ ਨਾਲ ਸਾਡਾ ਰਾਜਨੀਤਕ ਪੱਧਰ ਵੀ ਏਨਾ ਉਚਾ ਹੋ ਜਾਵੇਗਾ ਕਿ ਫਿਰ ਸ: ਕਪੂਰ ਸਿੰਘ ਨੂੰ ਨਵਾਬੀ ਦੇਣ ਵਾਂਗੂ ਅਸੀਂ ਉਨ੍ਹਾਂ ਲੋਕਾਂ ਨੂੰ ਹੀ ਆਪਣੇ ਪ੍ਰਤਿਨਿਧ ਤੇ ਮੈਂਬਰ ਚੁਣਾਂਗੇ ਜੋ ਸਾਡੀ ਆਵਾਜ਼ ਦੀ ਸਹੀ ਤਰਜਮਾਨੀ ਕਰ ਸਕਣ। ਉਹ ਕੌਮ ਦੀ ਗ਼ਰਜ਼ ਨੂੰ ਹੀ ਆਪਣੀ ਗ਼ਰਜ਼ ਬਣਾਉਣਗੇ ਅਤੇ ਕੌਮ ਦੇ ਵਕਾਰ ਵਿਚ ਆਪਣਾ

ਵਕਾਰ ਸਮਝਣਗੇ। ਫਿਰ ਸਾਨੂੰ ਰਾਜਨੀਤਕ ਜਾਂ ਆਰਥਕ ਤੌਰ 'ਤੇ ਕਿਸੇ ਧੱਕੇ ਜਾਂ ਬੇਇਨਸਾਫ਼ੀ ਦਾ ਖ਼ਤਰਾ ਨਹੀਂ ਰਹੇਗਾ।

ਪਹਿਲਾ ਵਿਦਿਆਰਥੀ : ਪਰ ਇਹ ਗੱਲ ਤਾਂ ਤਦੇ ਹੋਵੇਗੀ ਜੇ ਸਾਡੀ ਸਮੁੱਚੀ ਸੰਭਾਲ ਕੇਵਲ ਇਹਨਾਂ ਸਾਡੇ ਭੇਜੇ ਸਿਖ ਪ੍ਰਤੀਨਿਧਾਂ ਦੇ ਹੱਥ ਹੋਵੇ, ਜਦੋਂ ਕਿ ਵਾਸਤਵ ਵਿਚ ਸੰਭਾਲ ਕਰਨ ਵਾਲਿਆਂ ਵਿਚ ਤਾਂ ਅਸੀਂ ਆਟੇ ਵਿਚ ਲੂਣ ਸਮਾਨ ਹੀ ਹੋਵਾਂਗੇ।

ਦੂਜਾ ਵਿਦਿਆਰਥੀ : ਤੁਹਾਡਾ ਕਹਿਣਾ ਠੀਕ ਹੈ, ਪਰ ਜਮਾਤ ਭਾਵੇਂ ਛੋਟੀ ਭੀ ਹੋਵੇ, ਕਰਾਮਾਤ ਹੁੰਦੀ ਹੈ। ਜੇਕਰ ਅਸੀਂ ਪੈਰਾਂ ਸਿਰ ਖੜੇ ਹੋਈਏ ਤਾਂ ਸਾਡੀ ਦ੍ਰਿੜ੍ਹਤਾ, ਸਾਡੇ ਵਿਸ਼ਵਾਸ ਅਤੇ ਸਾਡੇ ਸੰਗਠਨ ਨੂੰ ਕੋਈ ਠੁਕਰਾ ਨਹੀਂ ਸਕਦਾ। ਕੁਰਬਾਨੀ ਤੋਂ ਬਿਨਾਂ ਤਾਂ ਕਦੇ ਕੋਈ ਗੱਲ ਸਿੱਧ ਨਹੀਂ ਹੋਈ, ਅਤੇ ਕੁਰਬਾਨੀ ਸਾਡਾ ਮੁਢਲਾ ਆਧਾਰ (fundamental) ਹੈ। ਜੇ ਅਸੀਂ ਨਿਜੀ-ਜ਼ਾਤੀ ਗ਼ਰਜ਼ਾਂ ਤੋਂ ਉਪਰ ਉਠ ਕੇ ਕੌਮੀ ਜੀਵਨ ਅੰਦਰ ਆਪਣਾ ਜੀਵਨ ਅਤੇ ਕੌਮ ਦੀ ਮੌਤ ਅੰਦਰ ਆਪਣੀ ਮੌਤ ਹੋਈ ਸਮਝ ਲਈਏ ਤਾਂ ਸਾਨੂੰ ਕੋਈ ਮਾਰ ਨਹੀਂ ਸਕਦਾ। ਗਿਣਤੀ ਵਿਚ ਅਸੀਂ ਜ਼ਰੂਰ ਥੋੜ੍ਹੇ ਹਾਂ, ਪਰ ਸਾਡੇ ਅਸੂਲ, ਸਾਡੀ ਵਿਚਾਰਧਾਰਾ, ਸਾਡਾ ਵਿਸ਼ਵਾਸ ਵਧੇਰੇ ਲੋਕ-ਪ੍ਰਿਆ ਹਨ। ਇਨ੍ਹਾਂ ਦੀ ਠੀਕ ਚਰਚਾ ਅਤੇ ਜੇ ਸਾਡਾ ਅਮਲ ਭੀ ਸਿੱਖੀ ਦਾ ਸਹੀ ਨਮੂਨਾ ਪੇਸ਼ ਕਰਨ ਵਾਲਾ ਹੋਵੇ ਤਾਂ ਇਹ ਸੂਝਵਾਨ ਲੋਕਾਂ ਵਿਚ ਸਾਡੀ ਵਡਿਆਈ ਵਧਾਉਣ ਦੇ ਸੂਚਕ ਬਣ ਸਕਦੇ ਹਨ। ਅਸੀਂ ਲਗ ਪਗ ਦੁਨੀਆ ਦੇ ਹਰ ਰਜ-ਖਾਂਦੇ ਜਾਣੇ ਜਾਂਦੇ ਮੁਲਕ ਵਿਚ ਪਹੁੰਚ ਕੇ ਆਪਣੀ ਥਾਂ ਬਣਾਈ ਹੋਈ ਹੈ ਅਤੇ ਇਹ ਗੱਲ ਸਾਡੇ ਵਿਹਾਰ ਵਰਤਾਰੇ ਅਤੇ ਸਾਡੀ ਰਹਿਣੀ 'ਤੇ ਨਿਰਭਰ ਹੈ ਕਿ ਉਹਨਾਂ ਦੇਸ਼ਾਂ ਵਿਚ ਸਾਡਾ ਸਤਿਕਾਰ ਬਣੇ ਅਤੇ ਉਹ ਲੋਕ ਸਾਨੂੰ ਸੁਸਾਇਟੀ ਦਾ ਲਾਹੇਵੰਦਾ ਤੇ ਉਸਾਰੂ ਅੰਗ ਸਮਝਣ।

ਇਕ ਵੱਡੀ ਚੇਤੇ ਰਖਣ ਵਾਲੀ ਗੱਲ ਇਹ ਹੈ ਕਿ ਕਿਸੇ ਕੌਮ ਨੂੰ ਜੀਊਂਦੇ ਰਖਣਾ, ਉਸ ਦੀ ਗਿਣਤੀ ਨਾਲੋਂ ਉਸ ਦੇ ਕਿਰਦਾਰ 'ਤੇ ਵਧੇਰਾ ਨਿਰਭਰ ਕਰਿਆ ਕਰਦਾ ਹੈ ਅਤੇ ਘਟ-ਗਿਣਤੀ ਕੌਮ ਤਾਂ ਜ਼ਿੰਦਾ ਹੀ ਆਪਣੀ ਕਰਣੀ ਤੇ ਸੁਖਾਵੀਂ ਚਰਚਾ ਦੇ ਸਿਰ 'ਤੇ ਰਹਿੰਦੀ ਹੈ। ਜਿਸ ਕੌਮ ਦੇ ਬੰਦਿਆਂ ਦੀ ਮਾੜੀ ਕਰਣੀ ਕਾਰਨ ਉਸ ਦੀ ਚਰਚਾ ਭੈੜੀ ਹੋ ਜਾਏ, ਉਸ ਦੇ ਮੰਦੇ ਦਿਨ ਆਏ ਸਮਝੋ। ਦੁਨੀਆ ਦੀ ਸਾਰੀ ਵਸੋਂ ਅੰਦਰ ਜਿੰਨੀ ਸਾਡੀ ਗਿਣਤੀ ਘਟ ਹੈ, ਸਾਡਾ ਕਿਰਦਾਰ ਓਨਾ ਉਚਾ ਤੇ ਲੋਕ-ਪ੍ਰਿਆ ਹੋਣਾ ਚਾਹੀਦਾ ਹੈ। ਅਸੀਂ ਆਪਣੀ ਗਿਣਤੀ ਦੀ ਘਾਟ ਨੂੰ ਵਿਹਾਰ ਦੀ ਚੰਗਿਆਈ ਨਾਲ ਸਾਵਾਂ ਉਠਾ ਸਕਦੇ ਹਾਂ। ਇਸ ਲਈ ਦੇਸ

ਅਤੇ ਪਰਦੇਸ ਦੋਹੀਂ ਥਾਈਂ ਸਾਨੂੰ ਪ੍ਰੇਮ, ਸੇਵਾ ਅਤੇ ਆਪਾ ਨਿਛਾਵਰ ਕਰ ਦੇਣ ਵਾਲੀ ਭਾਵਨਾ ਵਾਲੇ ਵਰਤਾਰੇ ਨਾਲ ਹੋਰ ਲੋਕਾਂ ਪ੍ਰਤੀ ਇਹ ਦ੍ਰਿੜ੍ਹ ਕਰਵਾ ਦੇਣਾ ਚਾਹੀਦਾ ਹੈ ਕਿ ਸਾਡੀ ਰਹਿਣੀ ਤੇ ਰੂਪ ਵਾਲੇ ਬੰਦਿਆਂ ਦਾ ਟੀਚਾ 'ਸਰਬੱਤ ਦਾ ਭਲਾ' ਚਾਹੁਣਾ ਹੈ। ਸਾਡਾ ਹਰ ਆਦਮੀ ਜਿਥੇ ਭੀ ਹੋਵੇ, ਇਸ ਤਰ੍ਹਾਂ ਵਿਚਰੇ ਜਿਵੇਂ ਕਿ ਉਹ ਸਮੁਚੀ ਕੌਮ ਦੀ ਨੁਮਾਇੰਦਗੀ ਕਰ ਰਿਹਾ ਹੈ। ਉਸ ਦਾ ਹਰ ਫ਼ੇਲ੍ਹ ਕੌਮ ਦੀ ਇਜ਼ਤ ਵਧਾਉਣ ਵਾਲਾ ਹੋਣਾ ਚਾਹੀਦਾ ਹੈ। ਉਸ ਦੇ ਵਿਹਾਰ ਤੋਂ ਹੀ ਲੋਕਾਂ ਦੇ ਮਨਾਂ ਵਿਚ ਕੌਮ ਦਾ ਸਤਿਕਾਰ ਵਧੇ ਅਤੇ ਲੋਕ ਉਸ ਨੂੰ ਵਧਦਾ ਫੁਲਦਾ ਵੇਖ ਕੇ ਖ਼ੁਸ਼ ਹੋਣ।

ਇਸ ਤੋਂ ਇਲਾਵਾ ਨਸ਼ਿਆਂ, ਖ਼ਾਸ ਕਰ ਸ਼ਰਾਬ ਵਲ ਵਧ ਰਹੇ ਸਾਡੇ ਝੁਕਾਉ ਨੇ ਸਾਨੂੰ ਬਦਨਾਮ ਕੀਤਾ ਹੋਇਆ ਹੈ। ਸ਼ਰਾਬ ਤਾਂ ਸਾਰੀ ਦੁਨੀਆ ਪੀਂਦੀ ਹੈ, ਪਰ ਇਸ ਦੀ ਬੇਤਹਾਸ਼ਾ ਵਰਤੋਂ ਅਤੇ ਸਾਡੇ ਮਦਹੋਸ਼-ਪੁਣੇ ਨੇ ਇਸ ਨੂੰ ਸਾਡੇ ਨਾਮ ਨਾਲ ਜੋੜ ਦਿਤਾ ਹੈ ਅਤੇ ਦੇਸ਼ ਵਿਚ ਹੀ ਨਹੀਂ, ਬਲਕਿ ਪਰਦੇਸਾਂ ਵਿਚ ਭੀ ਇਸ ਪਖੋਂ ਹੀ ਅਸੀਂ ਵਧੇਰੇ ਜਾਣੇ ਜਾਂਦੇ ਹਾਂ। ਜੇਕਰ ਅਸੀਂ ਸਿਖ ਨਾਤੇ ਜੀਉਂਦੇ ਰਹਿਣਾ ਹੈ ਤਾਂ ਸਾਨੂੰ ਸ਼ਰਾਬੀ ਕਹਿਲਾਉਣ ਦਾ ਕਲੰਕ ਆਪਣੇ ਸਿਰੋਂ ਉਤਾਰਨਾ ਪਵੇਗਾ। ਸਾਡਾ ਮੁੱਲ ਸ਼ਰਾਬ ਦੀ ਇਕ ਬੋਤਲ ਸਮਝਿਆ ਜਾਂਦਾ ਹੈ। ਸਾਡੇ ਲਈ ਕਿਤਨੀ ਸ਼ਰਮ ਦੀ ਗੱਲ ਹੈ ਕਿ ਸਾਡੇ ਵੈਰੀ ਇਉਂ ਕਹਿੰਦੇ ਹੋਣ ਕਿ 'ਸਿਖ ਦਾ ਕੀ ਹੈ, ਇਕ ਬੋਤਲ ਵਿਸਕੀ ਦਿਉ ਅਤੇ ਜੋ ਮਰਜ਼ੀ ਕਰਵਾ ਲਵੋ।' ਸਾਡਾ ਨੌਜਵਾਨ ਵਿਦਿਆਰਥੀ ਅਤੇ ਪਿੰਡ ਦਾ ਗਭਰੂ ਇਸ ਦਾ ਬਾਹਲਾ ਸ਼ਿਕਾਰ ਹੋ ਰਿਹਾ ਹੈ। ਬਲਕਿ ਮੈਂ ਤਾਂ ਇਹ ਕਹਾਂਗਾ ਕਿ ਸਾਡੇ ਪਤਿਤਪੁਣੇ ਅਥਵਾ ਦਾੜ੍ਹੀ ਕੇਸ ਕਟਾਉਣ ਦੀ ਪ੍ਰੇਰਨਾ ਭੀ ਵਧੇਰੇ ਕਰਕੇ ਸਾਨੂੰ ਸ਼ਰਾਬੀਆਂ ਦੀ ਜੁੰਡਲੀ ਵਿਚ ਬੈਠ ਕੇ ਹੀ ਮਿਲਦੀ ਹੈ, ਜਦੋਂ ਸਾਡਾ ਪਤਿਤ ਜਾਂ ਸਿਖ-ਧਰਮ-ਵਿਰੋਧੀ ਕੋਈ ਯਾਰ ਸਾਡੀ ਮਦਹੋਸ਼ੀ ਦੀ ਹਾਲਤ ਵਿਚ ਵਡੇ ਮਾਣ ਨਾਲ ਇਹ ਕਹਿ ਦੇਂਦਾ ਹੈ, 'ਛਡ ਯਾਰ, ਇਹ ਕੀ ਗਿਠ ਗਿਠ ਦਾੜ੍ਹੀ ਵਧਾ ਰਖੀ ਆ।' ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਜਿਸ ਗੁਰੂ ਗੋਬਿੰਦ ਸਿੰਘ ਦੇ ਅਸੀਂ ਸਿਖ ਕਹਾਉਂਦੇ ਹਾਂ, ਉਸ ਦੀ ਵਫ਼ਾਦਾਰੀ (loyalty) ਤੋਂ ਮੁਨਹਰਫ਼ ਕਰਨ ਲਈ ਸ਼ਰਾਬ ਦਾ ਇਕ ਪੈੱਗ ਕਾਫ਼ੀ ਸਮਝਿਆ ਜਾ ਰਿਹਾ ਹੈ। ਜੋ ਸ਼ਖ਼ਸ ਆਪਣੇ ਗੁਰੂ ਦਾ ਵਫ਼ਾਦਾਰ (loyal) ਨਹੀਂ ਰਿਹਾ, ਉਹ ਆਪਣੇ ਮਾਂ ਪਿਉ, ਸੰਬੰਧੀਆਂ ਤੇ ਦੋਸਤਾਂ ਲਈ ਵਫ਼ਾਦਾਰ ਕਿਵੇਂ ਰਹਿ ਸਕਦਾ ਹੈ ? ਪੰਜਾਬ ਵਿਚ ਅੰਗਰੇਜ਼ ਰਾਜ ਸਮੇਂ ਅੰਗਰੇਜ਼ ਅਫ਼ਸਰ ਫ਼ੌਜੀ ਸਿੱਖਾਂ ਨੂੰ ਪਤਿਤ ਹੋਣੋਂ ਰੋਕਦੇ ਸਨ, ਕਿਉਂਕਿ ਉਹ ਸਮਝਦੇ ਸਨ ਕਿ ਸਿਖ ਦਾ ਅਜਿਹਾ ਕਰਤੱਵ ਉਸ ਦੀ ਵਫ਼ਾਦਾਰਾਨਾ ਸਪਿਰਿਟ ਨੂੰ ਨੀਵਾਂ ਕਰੇਗਾ।

ਜਦੋਂ ਆਦਮੀ ਕਿਸੇ ਅਸੂਲ ਤੋਂ ਗਿਰਦਾ ਹੈ ਅਥਵਾ ਆਪਣੇ ਅਸੂਲ ਵੱਲ ਬੇ-ਵਫ਼ਾਈ ਵਿਖਾਉਂਦਾ ਹੈ ਤਾਂ ਉਸ ਤੋਂ ਕਿਸੇ ਹੋਰ ਪਖੋਂ ਵਫ਼ਾਦਾਰ ਰਹਿਣ ਦੀ ਆਸ ਬੰਨ੍ਹਣੀ ਮੂਰਖਪੁਣਾ ਹੁੰਦਾ ਹੈ। ਅਸੂਲ 'ਤੇ ਡਟੇ ਰਹਿਣ ਵਾਲੇ ਆਦਮੀ ਦੀ ਅੰਤ ਨੂੰ ਹਰ ਥਾਂ ਇਜ਼ਤ ਹੁੰਦੀ ਹੈ, ਭਾਵੇਂ ਚਾਰ ਦਿਨ ਉਸ ਨੂੰ ਲੋਕੀਂ ਟਿਚਕਰਾਂ ਤੇ ਮਖ਼ੌਲ ਭੀ ਕਿਉਂ ਨਾ ਕਰਨ।

ਈਰਖਾ, ਸਾੜਾ (jealousy) ਮਨੁੱਖ ਦਾ ਸਭ ਤੋਂ ਵਡਾ ਅਉਗੁਣ ਹੈ ਅਤੇ ਜ਼ਰੂਰੀ ਹੈ ਕਿ ਕਈ ਲੋਕ ਸਾਡੀ ਦ੍ਰਿੜ੍ਹਤਾ ਅਤੇ ਚੰਗਿਆਈ ਪਰ ਭੀ ਈਰਖਾ ਦੀ ਨਜ਼ਰ ਰਖਣ, ਪਰ ਜੇਕਰ ਅਸੀਂ ਆਪਣੇ ਧਰਮ (ਅਸੂਲ), ਤੇ ਕਾਇਮ ਹਾਂ ਅਤੇ ਪੰਥਕ ਜ਼ਬਤ ਦਾ ਸਾਡੇ ਹਿਰਦੇ ਅੰਦਰ ਸਤਿਕਾਰ ਹੈ ਤਾਂ ਲੋਕ ਅਵੱਸ਼ ਹੀ ਸਾਡੀ ਵਡਿਆਈ ਨੂੰ ਮੰਨਣਗੇ ਅਤੇ ਸਾਡੇ ਸਾਹਮਣੇ ਝੁਕਣਗੇ। ਸਾਡੀ ਹੋ ਰਹੀ ਅਧੋਗਤੀ ਦਾ ਮੁਖ ਕਾਰਨ ਅਸੀਂ ਆਪ ਹਾਂ। ਅਸੀਂ ਖ਼ਾਲਸੇ ਦਾ ਮੁਢਲਾ ਕਰਤੱਵ ਪਰਉਪਕਾਰ ਤਥਾ ਦੂਜੇ ਲਈ ਆਪਣੀ ਜਾਨ ਤਕ ਹੂਲ ਦੇਣ ਵਾਲੀ ਸੂਰਬੀਰਤਾ (chivalry) ਛਡ ਬੈਠੇ ਹਾਂ। ਆਪਣੇ ਸੁਖਾਂ ਤੇ ਐਸ਼ ਵਿਚ ਉਲਝ ਕੇ ਅਸੀਂ ਸਿੱਖੀ ਕਰਮ ਤੇ ਜ਼ਬਤ ਭੁਲਾ ਦਿਤਾ ਹੈ। ੧੯੪੭ ਅਤੇ ਉਸ ਪਿਛੋਂ ਹੋਏ ਫ਼ਿਰਕੂ ਫ਼ਸਾਦਾਂ ਵਿਚ ਭੀ ਬਹੁਤੀ ਥਾਈਂ ਸਾਡਾ ਸੂਰਬੀਰਤਾ ਵਾਲਾ (chivalrous) ਤੇ ਪਰਉਪਕਾਰੀ ਰੋਲ ਰਿਹਾ ਹੈ, ਜਿਸ ਦੇ ਲਈ ਸਾਡੇ ਹਮਸਾਏ ਸਾਡੀ ਵਡਿਆਈ ਕਰਦੇ ਰਹੇ, ਪਰ ਅਜਿਹੀ ਸਪਿਰਿਟ ਦਿਨੋ-ਦਿਨ ਮਾਤ ਪੈਂਦੀ ਜਾ ਰਹੀ ਹੈ। ਸਾਨੂੰ ਲੋਕਾਂ ਨੇ, ਫ਼ਿਰਕੂ ਕਹਿਣਾ ਸ਼ੁਰੂ ਕਰ ਦਿਤਾ ਹੈ, ਕਿਉਂਕਿ ਅਸੀਂ ਨਿਜੀ ਭਲਾਈ ਨੂੰ 'ਸਰਬੱਤ ਦੇ ਭਲੇ' ਤੋਂ ਵਖਰਾ ਸਮਝਣ ਲਗ ਗਏ ਹਾਂ। ਸਾਡਾ ਉਦੇਸ਼ ਸਰਬੱਤ ਦੇ ਭਲੇ ਵਿਚ ਆਪਣਾ ਭਲਾ ਵੇਖਣਾ ਸੀ, ਪਰ ਹੋਰ ਲੋਕਾਂ ਦੀ ਫ਼ਿਰਕੂ ਸੋਚਣੀ ਤੇ ਵਰਤਾਰੇ ਨੇ ਸਾਨੂੰ ਭੀ ਉਸੇ ਰਾਹੇ ਤੋਰ ਦਿਤਾ ਹੈ। ਅਸੀਂ ਗੁਰੂ ਦਾ ਹੁਕਮ 'ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ', (ਬੈਰਾੜੀ ਮ: ੪, ਪੰਨਾ ੭੨੦) ਭੁੱਲ ਕੇ ਅਤੇ ਲੋਕਾਂ ਨੂੰ ਫ਼ਿਰਕੂਪੁਣਾ ਅਪਣਾਉਂਦੇ ਵੇਖ ਕੇ 'ਸਭੁ ਕੋ ਮੀਤੁ ਹਮ ਆਪਨ ਕੀਨਾ' (ਧਨਾਸਰੀ ਮ: ੫, ਪੰਨਾ ੬੭੧) ਵਾਲਾ ਆਪਣਾ ਗੁਣ ਛਡ ਦਿਤਾ ਹੈ।

ਸਾਡਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਜਦੋਂ ਭੀ ਕਿਸੇ ਮੁਸ਼ਕਲ ਪੈਣ 'ਤੇ ਅਸੀਂ ਪੰਥਕ ਜ਼ਬਤ ਨੂੰ ਕਬੂਲ ਕੀਤਾ ਅਤੇ ਸਰਬ-ਭਲਾਈ ਅਤੇ ਗੁਰੂ ਪੰਥ ਦੀ ਸੇਵਾ ਲਈ ਆਪਾ ਨਿਛਾਵਰ ਕਰਨ ਦੀ ਠਾਣੀ ਤਾਂ ਸਤਿਗੁਰੂ ਨੇ ਸਾਡੀ ਬਹੁੜੀ ਕੀਤੀ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਇਕ ਸਾਧਾਰਨ ਅਕਾਲੀ ਨੇ ਠੀਕ ਹੀ ਕਿਹਾ ਸੀ ਕਿ ਜਿਸ ਨੂੰ ਭੀ ਆਪਣਾ ਪ੍ਰਧਾਨ ਥਾਪ ਦੇਵਾਂਗੇ, ਗੁਰੂ

ਉਸ ਨੂੰ ਮੋਰਚੇ ਦੀ ਸੂਝ ਬੂਝ ਦੇ ਦੇਵੇਗਾ'। ਆਪਣੀ ਲੀਡਰਸ਼ਿਪ ਉਪਰ ਇਸ ਕਿਸਮ ਦਾ ਵਿਸ਼ਵਾਸ ਹੀ ਕੌਮ ਨੂੰ ਸੰਗਠਤ ਰਖ ਸਕਿਆ ਕਰਦਾ ਹੈ, ਜਿਸ ਨਾਲ ਕੌਮ ਦੀ ਹਰ ਮੈਦਾਨ ਫ਼ਤਹਿ ਹੁੰਦੀ ਹੈ। ਪਰ ਅਜਿਹਾ ਵਿਸ਼ਵਾਸ ਪੈਦਾ ਕਰਨ ਲਈ ਲੀਡਰ ਨੂੰ ਕੌਮ ਦਾ ਰੂਪ ਧਾਰ ਲੈਣ ਦੀ ਅਤੇ ਆਪਣੇ ਵਿਚ ਸਾਰੀ ਕੌਮ ਸਮਾਈ ਵੇਖਣ ਦੀ ਲੋੜ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਭੀ ਇਸੇ ਵਿਚਾਰ ਅਧੀਨ ਹੀ ਖ਼ਾਲਸਾ ਸਜੇ ਸਨ। ਸੋ, ਜਦੋਂ ਕੌਮ ਅਤੇ ਕੌਮ ਦੇ ਲੀਡਰਾਂ ਵਿਚਾਲੇ ਇਸ ਕਿਸਮ ਦਾ ਭਰੋਸਾ ਹੋਵੇ ਅਤੇ ਦੋਨਾਂ ਦਾ ਆਧਾਰ ਕੌਮੀ ਜ਼ਬਤ ਹੋਵੇ ਅਤੇ ਨਿਸ਼ਾਨਾ ਨਿਰੋਲ ਤੇ ਕੇਵਲ ਗੁਰਸਿਖੀ ਨੂੰ ਉਚਾ ਉਠਾਉਣ ਦਾ ਹੋਵੇ, ਜਿਸ ਅੰਦਰ ਨਿਜੀ ਗ਼ਰਜ਼ ਗੁਪਤ ਤੌਰ ਭੀ ਲੁਪਤ ਨਾ ਹੋਵੇ, ਤਾਂ ਗਿਣਤੀ ਮਿਣਤੀ ਦਾ ਸਵਾਲ ਨਹੀਂ ਰਹਿ ਜਾਂਦਾ ਅਤੇ ਕੋਈ ਤਾਕਤ, ਭਾਵੇਂ ਕਿੰਨੀ ਭੀ ਬਹੁ-ਗਿਣਤੀ ਤੇ ਬਲਵਾਨ ਕਿਉਂ ਨਾ ਹੋਵੇ, ਅਜਿਹੀ ਹੋਂਦ ਨੂੰ ਖ਼ਤਮ ਜਾਂ ਨਕਾਰਾ ਨਹੀਂ ਕਰ ਸਕਦੀ, ਸਗੋਂ ਐਸੀ ਦਸ਼ਾ ਵਿਚ ਆਰਥਕ ਤੇ ਰਾਜਨੀਤਕ ਤੌਰ 'ਤੇ ਹੀਣੇ ਹੁੰਦੇ ਹੋਏ ਭੀ ਅਸੀਂ ਲੋਕ-ਵਡਿਆਈ ਦੇ ਪਾਤਰ ਹੋਵਾਂਗੇ। ਭਾਵੇਂ ਇਹ ਦਿਸਦਾ ਤਾਂ ਬਹੁਤ ਮੁਸ਼ਕਲ ਹੈ—'ਜਨ ਨਾਨਕ ਇਹੁ ਖੇਲੁ ਕਠਿਨੁ ਹੈ ਕਿਨਹੂ ਗੁਰਮੁਖਿ ਜਾਨਾ ॥' (ਗਉੜੀ ਮ: ੯, ਪੰਨਾ ੨੧੯) ਪਰ ਇਹ ਅਨਹੋਣੀ ਗੱਲ ਨਹੀਂ, ਇਸ ਵਾਸਤੇ ਸਾਨੂੰ, ਕੀ ਜਨਤਾ ਤੇ ਕੀ ਲੀਡਰ, ਗੁਰਮੁਖ ਬਣਨਾ ਪਵੇਗਾ, ਵਾਹਿਗੁਰੂ ਦਾ ਖ਼ਾਲਸਾ ਬਣਨਾ ਪਵੇਗਾ। ਹਰ ਪੱਧਰ 'ਤੇ ਉਦਮ ਕਰਨ ਦੀ ਲੋੜ ਹੋਵੇਗੀ, ਗੁਰੂ ਦੇ ਜ਼ਬਤ ਵਿਚ ਤੁਰਨਾ ਪਵੇਗਾ। ਪਹਿਲੋਂ ਆਪੂੰ ਜ਼ਬਤ ਵਿਚ ਆਵਾਂਗੇ, ਤਾਂ ਹੀ ਆਲਾ ਦੁਆਲਾ ਸੰਵਰੇਗਾ, ਟੱਬਰ ਤੋਂ ਭਾਈਚਾਰਾ ਸੰਵਰੇਗਾ, ਵਿਦਿਆਰਥੀ ਸੰਵਰ ਕੇ ਆਪਣੀ ਜਮਾਤ ਸੰਵਾਰੇਗਾ ਅਤੇ ਜਮਾਤ ਤੋਂ ਸਮੁਚਾ ਆਸ਼ਰਮ ਸੰਵਰੇਗਾ। ਇਕ ਫ਼ੌਜੀ ਆਪਣੇ ਯੂਨਿਟ ਨੂੰ ਅਤੇ ਇਕ ਸਿਵਿਲੀਅਨ ਆਪਣੇ ਸਮਾਜ ਨੂੰ ਸੰਵਾਰ ਸਕੇਗਾ। ਇਉਂ ਸੰਵਰੇ ਹੋਏ ਕੁਟੰਬਾਂ, ਆਸ਼ਰਮਾਂ, ਯੂਨਿਟਾਂ ਤੇ ਸਮਾਜਾਂ ਤੋਂ ਕੌਮ ਸੰਵਰੇਗੀ ਅਤੇ ਫਿਰ :

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥

(ਸਲੋਕ ਫਰੀਦ ਜੀ, ਪੰਨਾ ੧੩੮੨)

ਬਾਬਾ ਨਾਨਕ ਨੇ ਭੀ ਤਾਂ ਇਉਂ ਹੀ ਜਗਤ ਜਿਤਿਆ ਸੀ :

ਜਿਤੀ ਨਵਖੰਡ ਮੇਦਨੀ ਸਤਿ ਨਾਮ ਕਾ ਚੱਕ੍ਰ ਫਿਰਾਇਆ ॥੩੭॥ (੧)

(ਭਾਈ ਗੁਰਦਾਸ ਜੀ)

(੫)

ਕਦੇ ਸੋਚਿਆ ਈ ਆਪਣੇ ਵਿਰਸੇ ਨੂੰ ?

ਮੇਰੇ ਸਿਖ ਵੀਰ ! ਕੀ ਤੂੰ ਕਦੇ ਸੋਚਿਆ ਏ ਕਿ ਤੂੰ ਏਡਾ ਜੰਗਜੂ ਤੇ ਬਹਾਦਰ ਕਿਉਂ ਏ ? ਤੇਰੀ ਬੀਰਤਾ ਦੀਆਂ ਧੁੰਮਾਂ ਸੰਸਾਰ ਭਰ ਤੇ ਨੇ। ਦੋਹਾਂ ਵਡੇ ਵਿਸ਼ਵ ਜੰਗਾਂ ਅੰਦਰ ਤੇਰੇ ਵਿਖਾਏ ਹੱਥਾਂ ਨੂੰ ਕੌਣ ਭੁੱਲ ਸਕਦਾ ਏ ? ਮੈਸੋਪੋਟੇਮੀਆ ਤੇ ਗੈਲੀ ਪੋਲੀ ਦੇ ਮੈਦਾਨ, ਮਿਡਲ-ਈਸਟ ਤੇ ਉੱਤਰੀ ਅਫ਼ਰੀਕਾ ਦੀ ਧਰਤੀ ਅਤੇ ਇਮਫ਼ਾਲ ਤੋਂ ਮਨੀਪੁਰ ਦੇ ਜੰਗਲ ਅੱਜ ਵੀ ਪੁਕਾਰ ਪੁਕਾਰ ਕੇ ਕਹਿ ਰਹੇ ਨੇ, ਕਿ ਕੋਈ ਆਇਆ ਸੀ ਪੰਜਾਬ ਤੋਂ ਅਨੋਖੀ ਨੁਹਾਰ ਤੇ ਉਚੀ ਦਸਤਾਰ ਵਾਲਾ, ਜਿਸ ਦੀ 'ਵਾਹਿਗੁਰੂ ਜੀ ਕੀ ਫ਼ਤਹ' ਅਜ ਵੀ ਉਵੇਂ ਹੀ ਗੂੰਜਦੀ ਸੁਣਾਈ ਦੇਂਦੀ ਏ, ਜਿਵੇਂ ਉਸ ਨੇ ਉਨ੍ਹਾਂ ਥਾਵਾਂ 'ਤੇ ਇਹ ਗੁੰਜਾਈ ਸੀ[੧]।

ਦੂਰ ਨਾ ਜਾਓ, ਹਿਮਾਲਾ ਪਹਾੜ ਤੇ ਲਾਦਾਖ ਅਤੇ ਚਸ਼ੂਲ ਦੀਆਂ ਚੋਟੀਆਂ ਅਤੇ ਨੀਫ਼ਾ ਵਿਚ ਸੇਲਾ ਦੀਆਂ ਬਿਖੜੀਆਂ ਕੰਦਰਾਂ ਅਜ ਵੀ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛਡਦੀਆਂ ਪ੍ਰਤੀਤ ਹੁੰਦੀਆਂ ਨੇ। ਮੇਰੇ ਵੀਰ, ਇਹ ਤੇਰੀ ਹੀ ਬੀਰਤਾ

---

੧. 'Tiger Kills' ਨਾਮ ਦੀ ਪੁਸਤਕ ਦੇ ਸਫ਼ਾ ੩੯-੪੦ ਤੇ ਇਸ ਦਾ ਲੇਖਕ ਇਕ ਅੰਗਰੇਜ਼ ਜਰਨੈਲ ਮਿਡਲ ਈਸਟ ਤੇ ਉਤਰੀ ਅਫ਼ਰੀਕਾ ਵਿਚ ਦੂਜੇ ਵਿਸ਼ਵ ਜੰਗ ਸਮੇਂ ਸਿੰਘਾਂ ਦੀ ਵਿਖਾਈ ਬਹਾਦਰੀ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਏ :
With a roar of 'Wahguru Ji ki Fateh' (To God the Glory and Victory) they swept up to the position and within five minutes all was over. The brave Naik Chanan Singh accounted for two heavy machine guns before a third killed him.......The forlorn hope had succeeded.
ਅਰਥਾਤ : 'ਵਾਹਿਗੁਰੂ ਜੀ ਕੀ ਫ਼ਤਹ' ਦੀ ਇਕ ਗਰਜ ਨਾਲ ਉਨ੍ਹਾਂ ਨੇ ਹਾਲਾਤ ਤੇ ਕਾਬੂ ਪਾ ਲਿਆ ਅਤੇ ਪੰਜ ਮਿੰਟਾਂ ਵਿਚ ਸਾਰੀ ਖੇਡ ਖ਼ਤਮ ਕਰ ਦਿਤੀ। ਬਹਾਦਰ ਨੈਕ ਚੰਨਣ ਸਿੰਘ ਦੋ ਭਾਰੀਆਂ ਮਸ਼ੀਨ-ਗੰਨਾਂ ਨੂੰ ਕਬਜ਼ੇ ਵਿਚ ਕਰ ਲੈਣ ਮਗਰੋਂ ਤੀਜੀ ਦੇ ਗੋਲੇ ਨਾਲ ਮਾਰਿਆ ਗਿਆ....:ਪਰ ਹਾਰੀ ਹੋਈ ਬਾਜ਼ੀ ਜਿਤੀ ਗਈ।

ਸੀ ਜਿਸ ਨੇ ਹਾਜੀ ਪੀਰ ਤੇ ਕਾਰਗਲ ਦੀਆਂ ਉਚਾਈਆਂ ਨੂੰ ਲੰਘ, ਪਾਕਿਸਤਾਨੀ ਜੋਧਿਆਂ ਨੂੰ ਪਿੰਡੀ ਦਾ ਰਾਹ ਵਿਖਾਇਆ। ਹਾਂ, ਇਹ ਤੂੰ ਹੀ ਸੈਂ ਜਿਸ ਨੇ ਸਿਆਲਕੋਟ ਤੇ ਖੇਮਕਰਨ ਦੇ ਮੈਦਾਨਾਂ ਵਿਚ ਸੈਂਕੜੇ ਪੈਟਨ ਟੈਂਕਾਂ ਨੂੰ ਬੇਹਿਸ ਕਰ ਕੇ ਦੁਨੀਆ ਨੂੰ ਦੱਸ ਦਿਤਾ ਕਿ ਸਿਖ ਦਾ ਗੁਰਦਾ ਅਮਰੀਕਾ ਦੇ ਪੈਟਨ ਟੈਂਕਾਂ ਤੋਂ ਕਈ ਗੁਣਾ ਵਜ਼ਨੀ ਅਤੇ ਸਿਖ ਦਾ ਸਵੈਮਾਨ ਉਸਦੇ ਜੈਟਾਂ ਤੋਂ ਕਿਤਨਾ ਵਧੇਰੇ ਤਿਖਾ ਏ।

ਜਦੋਂ ਨਾਦਰ ਸ਼ਾਹ ਨੇ ਸੰਨ ੧੭੩੯ ਵਿਚ ਭਾਰਤ 'ਤੇ ਹਮਲਾ ਕੀਤਾ ਅਤੇ ਹਜ਼ਾਰਾਂ ਹਿੰਦੂਆਂ ਨੂੰ ਕਤਲ ਕਰਦਾ ਹੋਇਆ ਉਹ ਦਿੱਲੀ ਦੀ ਭਾਰੀ ਲੁੱਟ ਮਗਰੋਂ ਹਜ਼ਾਰਾਂ ਭਾਰਤੀ ਲੜਕੇ ਲੜਕੀਆਂ ਸਮੇਤ ਵਾਪਸ ਅਫ਼ਗਾਨਿਸਤਾਨ ਨੂੰ ਪਰਤਿਆ ਤਾਂ ਰਸਤੇ ਵਿਚ ਸਿੰਘਾਂ ਨੇ ਕਈ ਵੇਰ ਛਾਪੇ ਮਾਰ ਕੇ ਦਿੱਲੀ ਦੀ ਲੁੱਟ ਦਾ ਮਾਲ ਇਸ ਪਾਸੋਂ ਖੋਹਿਆ ਅਤੇ ਕੈਦ ਕੀਤੇ ਲੜਕੇ ਲੜਕੀਆਂ ਨੂੰ ਛੁਡਾ ਲੈ ਗਏ। ਨਾਦਰ ਸ਼ਾਹ ਬਹੁਤ ਹੈਰਾਨ ਸੀ ਕਿ ਜਿਸ ਦੀ ਸ਼ਾਹੀ ਤਾਕਤ ਸਾਹਮਣੇ ਦਿੱਲੀ ਦੀ ਹਕੂਮਤ ਨਹੀਂ ਅੜ ਸਕੀ, ਇਹ ਕੌਣ ਹਨ ਜੋ ਉਸ ਨੂੰ ਲੁੱਟ ਲੈ ਜਾ ਰਹੇ ਹਨ ? ਇਸ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੂੰ ਪੁਛਿਆ ਕਿ "ਮੈਨੂੰ ਲੁੱਟਣ ਵਾਲੇ ਇਹ ਲੋਕ ਕੌਣ ਹਨ ਤੇ ਕਿਥੋਂ ਦੇ ਰਹਿਣ ਵਾਲੇ ਹਨ ? ਇਹਨਾਂ ਵਿਚ ਇਤਨੀ ਦਲੇਰੀ ਕਿਥੋਂ ਆਈ ਹੈ ਕਿ ਇਨ੍ਹਾਂ ਨੂੰ ਮੇਰਾ ਭੀ ਰਤਾ ਭਰ ਭੈ ਨਹੀਂ ?" ਜ਼ਕਰੀਆ ਖ਼ਾਨ ਨੇ ਉਤਰ ਦਿਤਾ, "ਇਹ ਫ਼ਕੀਰ ਲੋਕ ਹਨ, ਘੋੜਿਆਂ 'ਤੇ ਪਈਆਂ ਕਾਠੀਆਂ ਇਨ੍ਹਾਂ ਦੇ ਘਰ ਹਨ ਅਤੇ ਇਹ ਸਾਲ ਵਿਚ ਦੋ ਵਾਰ ਆਪਣੇ ਮੁਰਸ਼ਦ (ਗੁਰੂ) ਦੇ ਬਣਾਏ ਸਰੋਵਰ ਵਿਚ ਨਹਾਉਂਦੇ ਵੇਖੇ ਜਾਂਦੇ ਹਨ ਤੇ ਫਿਰ ਗਾਇਬ ਹੋ ਜਾਂਦੇ ਹਨ। ਇਨ੍ਹਾਂ ਦਾ ਮੁਰਸ਼ਦ ਵਲੀ ਅੱਲਾ ਹੋਇਆ ਹੈ, ਜੋ ਇਨ੍ਹਾਂ ਨੂੰ ਐਸਾ ਆਬੇ ਹਯਾਤ ਪਿਲਾ ਦੇਂਦਾ ਹੈ, ਕਿ ਕਾਇਰ ਤੇ ਬੁਜ਼ਦਿਲ ਭੀ ਇਸ ਨੂੰ ਪੀ ਕੇ ਸ਼ੇਰ ਹੋ ਜਾਂਦੇ ਹਨ।"

ਪੰਥ ਪ੍ਰਕਾਸ਼ ਵਿਚ ਇਉਂ ਲਿਖਿਆ ਹੈ :

ਮੁਰਸ਼ਦ ਇਨ ਕਾ ਵਲੀ ਭਇਓ ਹੈ।
ਇਨ ਕੋ ਆਬਿ ਹਯਾਤ ਦਇਓ ਹੈ।
ਗਜ਼ਬ ਅਸਰ ਇਸ ਕਾ ਹਮ ਦੇਖਾ।
ਬੁਜ਼ਦਿਲ ਹੋਵਤ ਸ਼ੇਰ ਬਸੇਖਾ।

ਇਹ ਸੁਣ ਕੇ ਨਾਦਰ ਸ਼ਾਹ ਨੇ ਜ਼ਕਰੀਆ ਖ਼ਾਨ ਨੂੰ ਕਿਹਾ, "ਤੈਨੂੰ ਖ਼ਬਰਦਾਰ ਹੋ ਕੇ ਰਹਿਣਾ ਚਾਹੀਦਾ ਹੈ, ਉਹ ਦਿਨ ਦੂਰ ਨਹੀਂ ਜਿਸ ਦਿਨ ਇਹ ਲੋਕ ਤੇਰੇ

ਦੇਸ਼ ਦੇ ਬਾਦਸ਼ਾਹ ਹੋਣਗੇ।"

ਮੇਰੇ ਵੀਰ ਕਦੀ ਸੋਚਿਆ ਈ, ਉਹ ਕੀ ਸੀ ਜਿਸ ਨੇ ਨਾਦਰ ਸ਼ਾਹ ਨੂੰ ਸਿੰਘਾਂ ਬਾਰੇ ਇਹ ਕਹਿਣ ਲਈ ਮਜਬੂਰ ਕੀਤਾ ?

ਦੋ ਸੌ ਸਾਲ ਹੋਏ, ਜਦੋਂ ਅਹਿਮਦ ਸ਼ਾਹ ਅਬਦਾਲੀ ਹਜ਼ਾਰਾਂ ਬੁਰਛੇ ਪਠਾਣਾਂ ਦੀ ਫ਼ੌਜ ਲੈ ਕੇ ਭਾਰਤ ਤੇ ਚੜ੍ਹ ਆਇਆ ਅਤੇ ਵਡੇ ਵਡੇ ਭਾਰਤੀ ਜੋਧੇ ਰਾਜਪੂਤ, ਮਰਹੱਟੇ ਤੇ ਜਾਟ ਉਸ ਦੇ ਸਾਹਮਣੇ ਨਾ ਖਲੋ ਸਕੇ। ਉਸ ਦੇ ਹੱਥੋਂ ਇਹ ਬੇਪਤ ਹੀ ਨਹੀਂ ਹੋਏ, ਬਲਕਿ ਲੱਖਾਂ ਰੁਪਏ ਦਾ ਸੋਨਾ ਚਾਂਦੀ ਤੇ ਮਾਲ ਮਤਾਹ ਅਬਦਾਲੀ ਇਨ੍ਹਾਂ ਦੇ ਘਰਾਂ ਵਿਚੋਂ ਕਢ ਕੇ ਲੈ ਗਿਆ ਅਤੇ ਜੋ ਨੌਜਵਾਨ ਖ਼ੂਬਸੂਰਤ ਲੜਕੀ ਜਾਂ ਲੜਕਾ ਉਸ ਦੇ ਹੱਥ ਲਗਾ, ਭੇਡਾਂ ਵਾਂਗ ਹੱਕ ਲੈ ਤੁਰਿਆ। ਇਹਨਾਂ ਦੀ ਗਿਣਤੀ ਅਠ੍ਹਾਰਾਂ ਹਜ਼ਾਰ ਦੀ ਦੱਸੀ ਜਾਂਦੀ ਏ। ਪਰ ਕਿਸੇ ਵੀ ਭਾਰਤ ਮਾਂ ਦੇ ਪੁੱਤਰ ਨੇ ਆਹ ਨਾ ਮਾਰੀ ਅਤੇ ਨਾ ਇਨ੍ਹਾਂ ਨੂੰ ਛੁਡਾਉਣ ਲਈ ਅਗਾਂਹ ਹੀ ਵਧਿਆ। ਇਹ ਰਾਵੀ ਤੇ ਝਨਾਂ ਦੇ ਵਿਚਾਲੇ ਦਬਾ ਦਬ ਆਪਣੇ ਦੇਸ਼ ਵਲ ਨੂੰ ਧਾਈ ਕਰੀ ਜਾ ਰਿਹਾ ਸੀ ਕਿ ਸਿੰਘ ਸੂਰਬੀਰ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਭਾਰਤ ਦੀ ਇਸ ਹੋਈ ਬੇਪਤੀ ਦੀ ਸੋਅ ਪਈ। ਸਿੰਘ ਸੂਰਮਾ ਕਦੋਂ ਸਹਿ ਸਕਦਾ ਸੀ ਕਿ ਭਾਰਤ ਦੀਆਂ ਅਨਾਥ ਤੇ ਵਿਲਕਦੀਆਂ ਕੰਨਿਆਂ ਨੂੰ ਬੁਰਛੇ ਪਠਾਣ ਇਸ ਤਰ੍ਹਾਂ ਚੁਕ ਕੇ ਲੈ ਜਾਣ ? ਇਸ ਦੀਆਂ ਰਗਾਂ ਅੰਦਰ ਖ਼ੂਨ ਖਉਲਿਆ, ਸਿੰਘ ਦੇ ਸਵੈਮਾਨ ਦਾ ਤਕਾਜ਼ਾ ਸੀ, ਸਿੰਘਾਂ ਦੇ ਸਿੰਘਾਊਪੁਣੇ ਨੂੰ ਲਾਜ ਲਗਦੀ ਸੀ। ਕੀ ਗੁਰੂ ਗੋਬਿੰਦ ਸਿੰਘ ਦੇ ਸਿੰਘ ਜੀਊਂਦੇ ਰਹਿਣਗੇ ਜੇਕਰ ਭਾਰਤ ਦੀ ਅਸਮਤ ਇਸ ਤਰ੍ਹਾਂ ਲੁੱਟੀ ਗਈ ? ਕੀ ਸਿੰਘ ਦੀ ਸਾਜਨਾ ਇਸ ਲਈ ਕੀਤੀ ਗਈ ਸੀ ਕਿ ਉਹ ਜੰਗਲਾਂ ਵਿਚ ਬੈਠਾ ਮਾਲਾ ਹੀ ਫੇਰਦਾ ਰਹੇ ਅਤੇ ਭਾਰਤ ਦੇ ਬੱਚੇ ਬੱਚੀਆਂ ਇਸ ਤਰ੍ਹਾਂ ਬੇ-ਇਜ਼ਤ ਹੁੰਦੇ ਤੇ ਗ਼ੁਲਾਮ ਬਣਾਏ ਜਾਂਦੇ ਰਹਿਣ ? ਕੀ ਮਾਲਾ ਫੇਰਨ ਵਾਲੇ ਸਿਧ, ਸਾਧ, ਸੰਤ ਤੇ ਜੋਗੀ ਭਾਰਤ ਅੰਦਰ ਪਹਿਲੋਂ ਥੋੜ੍ਹੇ ਸਨ ? ਗੁਰੂ ਗੋਬਿੰਦ ਸਿੰਘ ਨੇ ਤਾਂ ਸੰਤ ਸਿਪਾਹੀਆਂ ਦੀ ਜਮਾਤ ਪੈਦਾ ਕੀਤੀ ਸੀ, ਜਿਨ੍ਹਾਂ ਦਾ ਕਰਤੱਵ 'ਮੁਖ ਤੇ ਹਰਿ, ਚਿਤ ਮੈ ਜੁਧੁ ਬਿਚਾਰੈ' ਦਾ ਸੀ। ਸ: ਜੱਸਾ ਸਿੰਘ ਦੇ ਅੰਦਰ ਇਕ ਝੁਣਝੁਣੀ ਜੈਸੀ ਉਠੀ, ਸਰੀਰ ਰੋਹ ਨਾਲ ਕੰਬ ਗਿਆ। ਸਿੰਘ ਗਜਿਆ, "ਖ਼ਾਲਸਾ ਜੀ, ਮਜ਼ਲੂਮ ਧੀਆਂ ਤੇ ਭੈਣਾਂ ਦੀ ਕੁਰਲਾਹਟ ਧੁਰ ਦਰਗਾਹ ਜਾ ਪੁਜੀ ਏ। ਗੁਰੂ ਕਲਗੀਆਂ ਵਾਲਾ ਤੁਹਾਨੂੰ ਪੁਛਦਾ ਏ :

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥

(ਆਸਾ ਮ: ੧, ਪੰਨਾ ੩੬੦)

ਖ਼ਾਲਸੇ ਲਈ ਖਾਣਾ ਪੀਣਾ ਹਰਾਮ ਏ, ਜਦੋਂ ਤਕ ਭਾਰਤ ਦੀ ਇਕ ਬੱਚੀ ਵੀ ਜਰਵਾਣਿਆਂ ਦੇ ਕਬਜ਼ੇ ਵਿਚ ਏ, ਤਿਆਰੀ ਕਰੋ, ਇਹ ਲੰਗਰ ਜੋ ਤਿਆਰ ਹੋ ਰਿਹਾ ਏ, ਅਸਾਂ ਉਨ੍ਹਾਂ ਬੱਚੀਆਂ ਨੂੰ ਖਵਾ ਕੇ ਖਾਣਾ ਏ, ਜਥੇਦਾਰ ਦਾ ਇਹ ਕਹਿਣਾ ਕਿਸੇ ਅਗੰਮੀ ਹੁਕਮ ਦੇ ਸਮਾਨ ਸੀ। ਜਿਤਨੇ ਭੀ ਸਿੰਘ ਸਨ, ਸਨੱਦ-ਬਧ ਹੋ ਕੇ ਪਠਾਣਾਂ ਦੇ ਉਸ ਟੋਲੇ 'ਤੇ ਜਾ ਪਏ, ਜੋ ਅਠਾਰ੍ਹਾਂ ਹਜ਼ਾਰ ਕੰਨਿਆਂ ਨੂੰ ਆਪਣੇ ਘੇਰੇ ਵਿਚ ਲਈ ਤੁਰਿਆ ਜਾ ਰਿਹਾ ਸੀ। ਅਲ ਪਲ ਵਿਚ ਪਠਾਣ ਤਲਵਾਰ ਦੇ ਘਾਟ ਉਤਾਰੇ ਗਏ, ਜੋ ਬਚੇ ਭਜ ਗਏ, ਅਤੇ ਸਿੰਘ ਸੂਰਮਿਆਂ ਨੇ ਭਾਰਤੀ ਕੰਨਿਆਂ ਨੂੰ ਅਬਦਾਲੀ ਦੀ ਕੈਦ ਵਿਚੋਂ ਕੱਢ ਕੇ ਆਪਣੇ ਡੇਰੇ ਲਿਆਂਦਾ। ਪਹਿਲੋਂ ਉਨ੍ਹਾਂ ਨੂੰ ਲੰਗਰ ਵਰਤਾਇਆ, ਫਿਰ ਆਪ ਛਕਿਆ ਅਤੇ ਬੱਚੇ ਬੱਚੀਆਂ ਨੂੰ ਆਪੋ ਆਪਣੀ ਘਰੀਂ ਪਹੁੰਚਾਇਆ। ਗੋਕਲ ਚੰਦ ਨਾਰੰਗ ਇਹ ਘਟਨਾ ਆਪਣੀ ਪੁਸਤਕ 'Transformation of Sikhism' ਬਿਆਨ ਕਰਦਾ ਹੋਇਆ ਲਿਖਦਾ ਹੈ :

> "From that day Jassa Singh came to be called 'Bandhi-chhor' or liberator. This act of chivalry and patriotism not only endeared Jassa Singh to all classes of Hindus and increased his power and influence, but also tended to enhance the prestige and popularity of the Sikhs."
>
> ਅਰਥਾਤ "ਉਸ ਦਿਨ ਤੋਂ ਜੱਸਾ ਸਿੰਘ 'ਬੰਦੀ-ਛੋੜ' ਕਿਹਾ ਜਾਣ ਲੱਗਾ। ਇਸ ਸੂਰਮ-ਗਤੀ ਅਤੇ ਦੇਸ਼-ਪਿਆਰ ਨੇ ਜੱਸਾ ਸਿੰਘ ਨੂੰ ਸਾਰੀਆਂ ਸ਼੍ਰੇਣੀਆਂ ਦੇ ਹਿੰਦੂਆਂ ਅੰਦਰ ਹਰਮਨ ਪਿਆਰਾ ਬਣਾਉਣ ਤੋਂ ਇਲਾਵਾ ਉਸ ਦੀ ਤਾਕਤ ਤੇ ਰਸੂਖ਼ ਹੀ ਨਹੀਂ ਵਧਾਇਆ ਸਗੋਂ ਸਿੱਖਾਂ ਦੇ ਵਕਾਰ ਤੇ ਸੋਭਾ ਵਿਚ ਸਮੁਚੇ ਤੋਰ 'ਤੇ ਵਾਧਾ ਕੀਤਾ।

ਮੇਰੇ ਵੀਰ, ਕੀ ਤੂੰ ਕਦੀ ਸੋਚਿਆ ਏ ਕਿ ਤੂੰ ਏਡਾ ਜਾਨਬਾਜ਼ ਕਿਉਂ ਏਂ ? ਤੂੰ ਸਦਕੇ ਕੀਤਾ ਆਪਣਾ ਆਪ ਧਰਮ ਦੇ ਨਾਮ ਤੋਂ, ਸੱਚ ਦੀ ਦ੍ਰਿੜ੍ਹਤਾ ਤੋਂ, ਦੀਨ ਦੁਖੀ ਦੀ ਪੁਕਾਰ ਤੋਂ, ਤੂੰ ਚਿਣਿਆ ਗਿਆ ਦੀਵਾਰਾਂ ਵਿਚ, ਤੂੰ ਬੈਠਾਇਆ ਗਿਆ ਉਬਲਦੀਆਂ ਦੇਗਾਂ ਵਿਚ, ਤੂੰ ਚੀਰਿਆ ਗਿਆ ਆਰਿਆਂ ਨਾਲ, ਤੂੰ ਨੋਚਿਆ ਗਿਆ ਜੰਬੂਰਾਂ ਨਾਲ, ਤੂੰ ਚਾੜ੍ਹਿਆ ਗਿਆ ਚਰਖੜੀ 'ਤੇ, ਤੂੰ ਕਟਾਇਆ ਬੰਦ ਬੰਦ, ਤੂੰ ਉਤਰਵਾਈ ਖੋਪਰੀ, ਤੂੰ ਕਰਾਇਆ ਟੋਟੇ ਟੋਟੇ ਮਾਸੂਮ ਬੱਚਿਆਂ ਨੂੰ ਤੇ ਬਣਵਾਏ ਹਾਰ ਗਲੇ ਦੇ ਉਨ੍ਹਾਂ ਦੀਆਂ ਬੋਟੀਆਂ ਤੋਂ, ਤੂੰ ਸਾੜਿਆ

ਗਿਆ ਮਿਟੀ ਦੇ ਤੇਲ ਪਾ ਕੇ, ਤੂੰ ਬਣਿਆ ਨਿਸ਼ਾਨਾ ਗੋਲੀਆਂ ਦਾ, ਤੂੰ ਖਾਧੀਆਂ ਮਾਰਾਂ ਡਾਂਗਾਂ ਦੀਆਂ ਅਤੇ ਤੁੜਾਏ ਬੰਦ ਬੰਦ, ਤੂੰ ਚੜ੍ਹਿਆ ਫਾਂਸੀ ਦੇ ਤਖ਼ਤਿਆਂ ਉਤੇ ਅਤੇ ਚੁੰਮਿਆ ਫਾਂਸੀ ਦੀ ਰੱਸੀ ਨੂੰ, ਤੂੰ ਹੋਇਆ ਕੀਮਾ ਕੀਮਾ ਤੇ ਕਟਿਆ ਗਿਆ ਗੱਡੀਆਂ ਹੇਠ, ਪਰ ਨਹੀਂ ਉਫ਼ ਕੀਤੀ ਇਕ ਵੇਰ ਭੀ, ਨਾ ਹਾਰਿਆ ਸਿਦਕ ਪਰ ਕਰ ਦਿਤਾ ਕੁਰਬਾਨ ਆਪਣਾ ਆਪ ਸਿੱਖੀ ਤੇ ਦੇਸ਼ ਦੇ ਨਾਮ ਤੋਂ। ਚੇਤੇ ਕਰ ਹਿੰਦ ਦੇ ਸ਼ਹਿਨਸ਼ਾਹ ਬਹਾਦਰ ਸ਼ਾਹ ਦਾ ਉਹ ਹੁਕਮ, ਜੋ ਉਸ ਨੇ ੧੦ ਦਸੰਬਰ ਸੰਨ ੧੭੭੧ ਨੂੰ ਇਨ੍ਹਾਂ ਸ਼ਬਦਾਂ ਵਿਚ ਦਿਤਾ ਸੀ:

'ਨਾਨਕ ਪਰੱਸਤਾਂ ਰਾ ਹਰ ਜਾ ਕਿ ਬਾਇੰਦ ਬਾ-ਕਤਲ ਰਸਾਨੇਦ।'
ਅਰਥਾਤ, "ਨਾਨਕ ਨਾਮ-ਲੇਵਾ ਜਿਥੇ ਭੀ ਹੋਣ, ਕਤਲ ਕਰ ਦਿਤੇ ਜਾਣ।"

ਇਹੋ ਹੁਕਮ ਫ਼ਰੱਖ਼ਸੀਅਰ ਨੇ ਦਿਤਾ, ਜਦੋਂ ਉਹ ਦਿੱਲੀ ਦੇ ਤਖ਼ਤ 'ਤੇ ਬੈਠਾ। ਮੁਸਲਮਾਨ ਇਤਿਹਾਸਕਾਰ ਸਈਅਦ ਮੁਹੰਮਦ ਲਤੀਫ਼ ਆਪਣੀ ਕਿਤਾਬ *ਪੰਜਾਬ ਦੇ ਇਤਿਹਾਸ* ਵਿਚ ਲਿਖਦਾ ਏ ਕਿ ਜਦੋਂ ਜ਼ਕਰੀਆ ਖ਼ਾਨ, ਯਾਹੀਆ ਖ਼ਾਨ ਅਤੇ ਮੀਰ ਮੰਨੂ ਲਾਹੌਰ ਦੇ ਗਵਰਨਰ ਰਹੇ, ਉਨ੍ਹਾਂ ਸਮਿਆਂ ਵਿਚ ਹਰ ਰੋਜ਼ ਹਜ਼ਾਰਾਂ ਸਿਖ ਬਾਹਰ ਤੋਂ ਫੜੇ ਆਉਂਦੇ ਅਤੇ ਲਾਹੌਰ ਦੀਆਂ ਗਲੀਆਂ ਵਿਚ ਤੇ ਦਿੱਲੀ ਦਰਵਾਜ਼ੇ ਨਖ਼ਾਸ ਵਿਚ ਦਿਨ ਦੀਵੀਂ ਸਰੇ ਬਾਜ਼ਾਰ ਖੜੇ ਕਰ ਕੇ ਕਤਲ ਕਰ ਦਿਤੇ ਜਾਂਦੇ। ਪਰ ਕੋਈ ਵੀ ਮੌਤੋਂ ਬਚ ਨਿਕਲਣ ਲਈ ਤਰਲਾ ਨਾ ਲੈਂਦਾ। ਸਗੋਂ ਸਿਖ ਖ਼ੁਸ਼ੀ ਖ਼ੁਸ਼ੀ ਇਉਂ ਗਾਉਂਦੇ ਸ਼ਹੀਦ ਹੋ ਜਾਂਦੇ:

ਮੰਨੂ ਅਸਾਡੀ ਦਾਤਰੀ, ਅਸੀਂ ਮੰਨੂ ਦੇ ਸੋਇ॥
ਜਿਉਂ ਜਿਉਂ ਮੰਨੂ ਵਢਦਾ, ਅਸੀਂ ਦੂਣ ਸਵਾਏ ਹੋਏ॥

ਮੇਰੇ ਵੀਰ, ਕਦੀ ਸੋਚਿਆ ਈ ਕਿ ਤੇਰਾ ਏਡਾ ਜੇਰਾ ਕਿਉਂ ਏ? ਕਿਥੋਂ ਲਈ ਏ ਤੂੰ ਏਡੀ ਜਰਨ-ਸ਼ਕਤੀ? ਉਹ ਕੀ ਏ ਤੇਰੇ ਵਿਚ, ਜਿਸ ਨੇ ਕਰ ਦਿਤਾ ਏ ਏਡਾ ਬਲਵਾਨ ਤੇ ਹੱਠੀ ਤੈਨੂੰ? ਤੇਰੀਆਂ ਗੱਲਾਂ ਸੁਣ ਕੇ ਲੂੰ ਕੰਡੇ ਹੋ ਜਾਂਦੇ ਨੇ, ਪਰ ਤੂੰ ਨਹੀਂ ਡੋਲਿਆ ਇਨ੍ਹਾਂ ਨੂੰ ਸਹਿੰਦਾ ਹੋਇਆ ਵੀ। ਕਦੀ ਸੋਚਿਆ ਈ ਇਹ ਕਿਉਂ ਏ?

ਥੋੜ੍ਹੇ ਕੀਤੇ, ਮਨੁੱਖ ਆਪਣੇ ਵੈਰੀ ਦੀ ਚੰਗਿਆਈ ਕਦੀ ਨਹੀਂ ਦੱਸਦਾ। ਜਿਸ ਕਿਸੇ ਨੂੰ ਉਸ ਦੇ ਦੁਸ਼ਮਣ ਭੀ ਚੰਗਾ ਕਹਿੰਦੇ ਹੋਣ, ਉਸ ਦੇ ਚੰਗੇ ਹੋਣ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ। ਕਾਜ਼ੀ ਨੂਰ ਮੁਹੰਮਦ ਨਾਮ ਦਾ ਇਕ ਮੁਸਲਮਾਨ ਲੇਖਕ, ਜੋ ਸਿੱਖਾਂ ਦਾ ਕੱਟੜ ਵਿਰੋਧੀ ਸੀ ਅਤੇ ਜੋ ਥਾਂ ਪਰ ਥਾਂ ਸਿੱਖਾਂ

ਲਈ 'ਸਗ' (ਕੁੱਤਾ) ਸ਼ਬਦ ਵਰਤਦਾ ਏ, ਆਪਣੀ ਕਿਤਾਬ *ਜੰਗ-ਨਾਮਾ* ਵਿਚ ਸਿੱਖਾਂ ਬਾਰੇ ਇਉਂ ਲਿਖਦਾ ਏ :

"ਉਹ (ਸਿਖ) ਕਿਸੇ ਕਾਇਰ ਨੂੰ ਕਦੀ ਵੀ ਨਹੀਂ ਮਾਰਦੇ, ਨਾ ਕਿਸੇ ਭਗੌੜੇ ਹੋ ਗਏ ਦਾ ਰਾਹ ਰੋਕਦੇ ਨੇ। ਉਹ ਕਿਸੇ ਔਰਤ ਦਾ, ਭਾਵੇਂ ਉਹ ਕਿਸੇ ਤਕੜੇ ਘਰ ਦੀ ਹੋਵੇ ਜਾਂ ਕਮੀਨੇ ਘਰ ਦੀ, ਜ਼ੇਵਰ ਅਤੇ ਧਨ ਮਾਲ ਕਦੀ ਨਹੀਂ ਲੁਟਦੇ। ਇਨ੍ਹਾਂ ਕੁੱਤਿਆਂ ਵਿਚ ਵਿਭਚਾਰ ਦਾ ਨਾਮ ਨਿਸ਼ਾਨ ਨਹੀਂ, ਨਾ ਇਹ ਬਦਮਾਸ਼ ਚੋਰੀ ਹੀ ਕਰਦੇ ਨੇ। ਔਰਤ ਜਵਾਨ ਹੋਵੇ ਭਾਵੇਂ ਬੁੱਢੀ, ਇਹ ਉਸ ਨੂੰ 'ਬੁੜ੍ਹੀਆ' ਹੀ ਕਹਿੰਦੇ ਨੇ ਅਤੇ ਜੇ ਰਾਹ ਖਹਿੜੇ ਇਨ੍ਹਾਂ ਨੂੰ ਜ਼ਨਾਨੀ ਮਿਲ ਜਾਵੇ ਤਾਂ ਉਸ ਨੂੰ ਇਕ ਬੰਨੇ ਹਟ ਜਾਣ ਲਈ ਕਹਿ ਦੇਂਦੇ ਨੇ। (ਭਾਰਤੀ ਬੋਲੀ ਵਿਚ 'ਬੁੜ੍ਹੀਆ' ਸ਼ਬਦ ਬੁਢੀ ਔਰਤ ਲਈ ਵਰਤਿਆ ਜਾਂਦਾ ਏ)। ਇਨ੍ਹਾਂ ਕੁੱਤਿਆਂ ਵਿਚ ਚੋਰ ਕੋਈ ਨਹੀਂ ਹੁੰਦਾ, ਸੰਨ੍ਹ ਮਾਰਨ (ਪਾੜ ਲਾਉਣ) ਵਾਲਾ ਤਾਂ ਇਨ੍ਹਾਂ ਨੀਚਾਂ ਵਿਚ ਜੰਮਦਾ ਹੀ ਨਹੀਂ। ਭਾਵੇਂ ਸਮੁਚੇ ਤੌਰ ਤੇ ਇਨ੍ਹਾਂ ਦਾ ਵਰਤਣ ਵਿਹਾਰ ਪਰਸੰਸਾ ਯੋਗ ਨਹੀਂ, ਪਰ ਇਹ ਜ਼ਨਾਹਕਾਰ ਅਤੇ ਚੋਰ ਨਾਲ ਤਾਂ ਕੋਈ ਵੀ ਭਾਈਚਾਰਾ ਨਹੀਂ ਪਾਉਂਦੇ।"

ਕਾਜ਼ੀ ਨੂਰ ਮੁਹੰਮਦ ਇਉਂ ਲਿਖਦਾ ਲਿਖਦਾ ਸਿੰਘ ਦੀ ਵਡਿਆਈ ਤੋਂ ਇਤਨਾ ਪ੍ਰਭਾਵਤ ਹੁੰਦਾ ਏ ਕਿ ਇਸ ਬਿਆਨ ਦੇ ਅਖ਼ੀਰ 'ਤੇ ਉਹ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ 'ਇਨ੍ਹਾਂ ਕੁੱਤਿਆਂ ਨੂੰ ਕੁੱਤਾ ਨ ਕਹੋ, ਕਿਉਂਕਿ ਇਹ ਤਾਂ ਸ਼ੇਰਾਂ ਵਾਂਙ ਦਲੇਰ ਹਨ।' ਨੂਰ ਮੁਹੰਮਦ ਦੇ ਆਪਣੇ ਸ਼ਬਦ ਫ਼ਾਰਸੀ ਬੋਲੀ ਵਿਚ ਇਉਂ ਨੇ :

ਸਗਾਂ ਰਾ ਮਗੋ ਸਗ ਕਿ ਹਸਤੰਦ ਦਲੇਰ।
ਬ ਮੈਦਾਨੇ ਮਰਦਾਂ ਚੂੰ ਸ਼ੇਰਾਂ ਦਲੇਰ।

ਮੇਰੇ ਵੀਰ, ਕੀ ਤੂੰ ਕਦੀ ਸੋਚਿਆ ਏ ਕਿ ਤੇਰੇ ਵਿਚ ਕੀ ਗੁਣ ਸਨ, ਜਿਨ੍ਹਾਂ ਦੀ ਤੇਰੇ ਵੈਰੀ ਵੀ ਪਰਸੰਸਾ ਕਰਦੇ ਸੀ ? ਕੀ ਅੱਜ ਵੀ ਤੂੰ ਇਨ੍ਹਾਂ ਗੁਣਾਂ ਨੂੰ ਅਪਨਾਉਂਦਾ ਏਂ ?

ਔਰੰਗਜ਼ੇਬ, ਬਹਾਦਰ ਸ਼ਾਹ ਤੇ ਫ਼ਰਖਸੀਅਰ ਵਰਗੇ ਮੁਗ਼ਲ ਹੁਕਮਰਾਨ ਸਿੰਘਾਂ ਨੂੰ ਮਾਰਦੇ ਮਾਰਦੇ ਥਕ ਹੁਟੇ, ਪਰ ਸਿੰਘਾਂ ਦਾ ਖੁਰਾ ਖੋਜ ਨਾ ਮਿਟਾ ਸਕੇ। ਜਿਉਂ ਜਿਉਂ ਇਹ ਉਨ੍ਹਾਂ ਨੂੰ ਮਾਰਦੇ ਉਹ ਵਧਦੇ ਜਾਂਦੇ, ਉਨ੍ਹਾਂ ਦੀ ਹੱਠ-ਧਰਮੀ ਹੋਰ ਮਜ਼ਬੂਤ ਹੁੰਦੀ ਜਾਂਦੀ। ਅਖ਼ੀਰ ਹਕੂਮਤ ਨੇ ਆਪਣਾ ਰੁਖ਼ ਬਦਲਿਆ, ਮਾਰਨ

ਦੀ ਥਾਂ ਉਹਨਾਂ ਨੂੰ ਅਪਣਾਉਣ ਦੀ ਚਾਲ ਚਲਣੀ ਅਰੰਭੀ। ਹਕੂਮਤ ਚਾਹੁੰਦੀ ਸੀ ਕਿ ਉਨ੍ਹਾਂ ਵਿਚੋਂ ਕੁਝ ਸਿੰਘਾਂ ਨੂੰ ਨਵਾਬੀਆਂ ਤੇ ਵਜ਼ੀਰੀਆਂ ਦੇ ਲਾਲਚ ਦੇ ਕੇ ਪਾੜ ਲਿਆ ਜਾਏ। ਕੋਸ਼ਿਸ਼ ਕੀਤੀ ਗਈ, ਪਰ ਵੇਲੇ ਦੀ ਸਰਕਾਰ ਨੂੰ ਇਕ ਵੀ ਅਜਿਹਾ ਸਿੰਘ ਨਾ ਮਿਲਿਆ ਜੋ ਇਸ ਲਾਲਚ ਵਿਚ ਫਸ ਕੇ ਸਿੰਘਾਂ ਵੱਲ ਕੰਡ ਕਰਦਾ। ਕਿਉਂ ? ਕਿਉਂਕਿ ਕਿਸੇ ਸਿੰਘ ਦਾ ਆਪਣਾ ਕੁਝ ਨਹੀਂ ਸੀ, ਜੋ ਸੀ ਗੁਰੂ ਦਾ ਸੀ। ਨਿਜ ਸੁਆਰਥ ਕੋਈ ਨਹੀਂ ਸੀ। ਹਰ ਸਿੰਘ ਖ਼ਾਲਸੇ ਲਈ ਅਤੇ ਖ਼ਾਲਸਾ ਹਰ ਸਿੰਘ ਲਈ ਸੀ। ਨਿਜੀ ਮਾਲਕੀ ਨਹੀਂ ਸੀ, ਨਿਜ਼ੀ ਵਰਾਸਤ ਨਹੀਂ ਸੀ। ਸਭ ਬੱਚੇ ਬੱਚੀਆਂ ਖ਼ਾਲਸੇ ਦੇ ਸਨ, ਸਭ ਦੇ ਪਾਲਣ ਪਠਣ ਦੀ ਜ਼ਿਮੇਵਾਰੀ ਖ਼ਾਲਸੇ ਦੀ ਸੀ। ਖ਼ਾਲਸਾ ਇਕ ਸੰਗਠਨ ਸੀ, ਜਿਸ ਦੇ ਸਭ ਸਾਂਝੀਵਾਲ ਸਨ। ਹਰ ਕੋਈ ਖ਼ਾਲਸੇ ਲਈ ਜੀਉਂਦਾ ਸੀ, ਖ਼ਾਲਸੇ ਤੇ ਗੁਰੂ ਵਿਚ ਕੋਈ ਭਿੰਨਤਾ ਨਹੀਂ ਸੀ।

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹਉ ਕਰਉਂ ਨਿਵਾਸ॥

ਇਹੋ ਕਾਰਨ ਸੀ ਕਿ ਹਰ ਸਿੰਘ ਖ਼ਾਲਸੇ ਦੀ ਬ੍ਰਿਧੀ ਤੇ ਖ਼ਾਲਸੇ ਦੀ ਵਡਿਆਈ ਚਾਹੁੰਦਾ ਸੀ। ਨਿਜੀ ਵਡਿਆਈ ਦਾ ਸਵਾਲ ਹੀ ਨਹੀਂ ਸੀ (ਅੱਜ ਵੀ ਅਰਦਾਸ ਤਾਂ ਅਸੀਂ ਇਹੋ ਕਰਦੇ ਹਾਂ, 'ਜਹਾਂ ਜਹਾਂ ਖ਼ਾਲਸਾ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ', ਅਤੇ 'ਖ਼ਾਲਸਾ ਜੀ ਕੇ ਬੋਲ ਬਾਲੇ', ਪਰ ਮੰਗਣ ਸਮੇਂ ਨਿਜੀ ਭਲੇ ਦਾ ਹੀ ਰਾਗ ਅਲਾਪਦੇ ਹਾਂ)। ਸਿੰਘ 'ਸਰਬੱਤ ਦਾ ਭਲਾ' ਮੰਗਦਾ ਸੀ। ਗ਼ਰੀਬੀ, ਨਿਮਰਤਾ ਸੇਵਾ ਭਾਵਨਾ ਤੇ ਪਰਉਪਕਾਰ ਸਿੰਘ ਦੇ ਵਿਸ਼ੇਸ਼ ਗੁਣ ਸਨ। ਹਰ ਸਿੰਘ ਕਿਸੇ ਜ਼ਬਤ ਅੰਦਰ ਬੱਧਾ ਹੋਇਆ ਸੀ। ਸਿੰਘ ਦੀ ਸਮੁੱਚੀ ਰਹਿਣੀ ਤੇ ਕਰਨੀ ਬੰਦੀ ਅੰਦਰ ਸੀ, 'ਬੰਦੇ ਸੇ ਜਿ ਪਵਹਿ ਵਿਚਿ ਬੰਦੀ'। (ਆਸਾ ਦੀ ਵਾਰ, ਪੰਨਾ ੪੬੫)। ਇਹ ਭੀ ਇਸੇ ਬੰਦੀ (discipline) ਦਾ ਸਿੱਟਾ ਸੀ ਕਿ ਹਕੂਮਤ ਨੂੰ ਇਕ ਭੀ ਸਿੰਘ ਅਜਿਹਾ ਨਾ ਮਿਲਿਆ ਜੋ ਉਸਦੀ ਦਿਤੀ ਨਵਾਬੀ ਕਬੂਲ ਕਰਦਾ। ਅਖ਼ੀਰ ਹਕੂਮਤ ਨੇ ਇਹ ਸੋਚਿਆ ਕਿ ਨਵਾਬੀ ਖ਼ਾਲਸੇ ਨੂੰ ਦੇ ਦਿਓ, ਉਹ ਜਿਸ ਨੂੰ ਚਾਹੇ ਨਵਾਬ ਥਾਪ ਦੇਵੇ। ਜਦੋਂ ਇਹ ਸਵਾਲ ਖ਼ਾਲਸੇ ਦੇ ਪੇਸ਼ ਹੋਇਆ ਅਤੇ ਨਵਾਬੀ ਲਈ ਦਰਖ਼ਾਸਤਾਂ ਮੰਗੀਆਂ ਗਈਆਂ ਤਾਂ (ਖ਼ਾਲਸੇ ਅੰਦਰਲੇ ਡਿਸਿਪਲਨ ਦੀ ਇਹ ਅਉਧੀ ਸੀ) ਕਿ ਕਿਸੇ ਸਿੰਘ ਨੇ ਭੀ ਨਵਾਬੀ ਲਈ ਆਪਣੇ ਆਪ ਨੂੰ ਪੇਸ਼ ਨਾ ਕੀਤਾ; ਚੁਨਾਂਚਿ ਖ਼ਾਲਸੇ ਨੇ ਆਪਣੇ ਘੋੜਿਆਂ ਦੇ ਅਸਤਬਲ ਵਾਲੇ ਕਪੂਰ ਸਿੰਘ ਨਾਮ ਦੇ ਸਿੰਘ ਨੂੰ ਨਵਾਬੀ ਪ੍ਰਵਾਨ ਕਰਨ ਦਾ ਹੁਕਮ ਦਿਤਾ। ਇਹੋ ਨਵਾਬ ਕਪੂਰ ਸਿੰਘ ਸਿਖ ਇਤਿਹਾਸ ਅੰਦਰ ਮਾਨਨੀਯ

ਹਸਤੀ ਹੋਇਆ, ਜਿਸਦੇ ਨਾਮ 'ਤੇ ਹੀ ਕਪੂਰਥਲਾ ਕਾਇਮ ਹੈ। ਇਹ ਸੀ ਸਿੰਘ ਦਾ ਆਚਰਣ, ਜਿਸ ਉਤੇ ਸਿਖ ਹੀ ਨਹੀਂ, ਹਰ ਮਨੁੱਖ ਨਾਜ਼ ਕਰ ਸਕਦਾ ਏ। ਮੇਰੇ ਵੀਰ, ਕੀ ਤੂੰ ਕਦੀ ਫ਼ਖ਼ਰ ਕੀਤਾ ਏ ਐਸੇ ਸਿੰਘਾਂ ਦੀ ਅੰਸ਼ ਹੋਣ ਦਾ ? ਕੀ ਤੂੰ ਕਦੀ ਸੋਚਿਆ ਏ ਕਿ ਅਜਿਹੇ ਫ਼ਖ਼ਰ ਦੀ ਤਹਿ ਵਿਚ ਕੀ ਏ ਅਤੇ ਐਸੇ ਫ਼ਖ਼ਰ ਦਾ ਤੂੰ ਵੀ ਹੱਕ ਰਖਦਾ ਏਂ ?

ਗਿਆਰ੍ਹਵੀਂ ਸਦੀ ਤੋਂ ਅਠਾਰ੍ਹਵੀਂ ਸਦੀ ਈਸਵੀ ਤਕ ਜਿਹੜਾ ਭਾਰਤ ਜਣੇ ਖਣੇ ਦੀ ਰੰਨ ਬਣਿਆ ਰਿਹਾ ਅਤੇ ਜਿਸ ਦੇ ਸੁੰਦਰ ਮਹਿਲ ਵਿਚ ਲਗਾਏ ਪਾੜ ਸਤ ਸੌ ਸਾਲ ਤਕ ਮੁੰਦੇ ਨਾ ਜਾ ਸਕੇ, ਜਿਨ੍ਹਾਂ ਪਾੜਾਂ ਵਿਚ ਦੀ ਅਰਬਾਂ ਖਰਬਾਂ ਦਾ ਸੋਨਾ ਚਾਂਦੀ ਅਤੇ ਲੱਖਾਂ ਸੁੰਦਰ ਕੰਨਿਆਂ ਪਠਾਣ ਤੇ ਤੁਰਕ ਇਸ ਮਹਿਲ ਵਿਚੋਂ ਕੱਢ ਲੈ ਜਾਂਦੇ ਰਹੇ, ਉਹਨਾਂ ਪਾੜਾਂ ਨੂੰ ਮੁੰਦਣ ਦੀ ਸਮਰੱਥਾ ਭੀ, ਮੇਰੇ ਵੀਰ, ਤੇਰੇ ਬਜ਼ੁਰਗਾਂ ਨੂੰ ਹੀ ਹੋਈ, ਜਿਨ੍ਹਾਂ ਨੇ ਐਸਾ ਖੰਡਾ ਖੜਕਾਇਆ, ਜਿਸ ਦਾ ਵਾਸਤਾ ਪਾ ਕੇ ਅੱਜ ਵੀ ਖ਼ੈਬਰ ਦੀਆਂ ਪਠਾਣੀਆਂ ਆਪਣੇ ਰੋਂਦੇ ਬੱਚਿਆਂ ਨੂੰ ਚੁਪ ਕਰਾਉਂਦੀਆਂ ਨੇ। ਇਹ ਸੀ ਤੇਰੀ ਬੀਰਤਾ ਦੀ ਧਾਂਕ ਉਦੋਂ ਵੀ, ਜਦੋਂ ਭਾਰਤ ਦਾ ਬੱਚਾ ਬੱਚਾ ਤੇਰਾ ਦੁਸ਼ਮਣ ਸੀ ਅਤੇ ਹਾਥੀ ਦੇ ਦੰਦ ਵਾਂਗ ਤੇਰੇ ਮੋਏ ਦਾ ਮੁੱਲ ਜੀਊਂਦੇ ਨਾਲੋਂ ਵਧੇਰੇ ਸੀ, ਜਦੋਂ ਤੇਰਾ ਸਿਰ ਅੱਸੀ ਅੱਸੀ ਰੁਪਏ ਨੂੰ ਵਿਕਦਾ ਸੀ। ਪਰ ਤੂੰ ਭਾਰਤ ਦੇ ਸਪੁੱਤਰਾਂ ਵਾਂਗ ਉਸ ਵੇਲੇ ਭੀ ਇਸ ਦੀ ਆਜ਼ਾਦੀ ਹਿਤ ਆਪਣਾ ਸਭ ਕੁਝ ਵਾਰ ਦਿਤਾ। ਉਦੋਂ ਭੀ ਮੌਤ ਤੈਨੂੰ ਲਾੜੀ ਦਿਸਦੀ ਸੀ, ਜਿਸ ਨੂੰ ਤੂੰ ਆਪਣੇ ਲਹੂ ਰੰਗਿਆ ਚੂੜਾ ਪੇਸ਼ ਕਰਦਾ ਰਿਹਾ। ਤੂੰ ਖੇਡਦਾ ਰਿਹਾ ਸਦਾ ਹੀ ਆਪਣੀ ਜਾਨ ਦੀ ਖੇਡ ਕੇਵਲ ਇਸ ਲਈ, ਕਿ ਕੋਈ ਜਾਬਰ ਕਿਸੇ ਦੀਨ 'ਤੇ ਜਬਰ ਕਿਉਂ ਕਰੇ, ਕੋਈ ਕਿਸੇ ਦੀ ਅਸਮਤ ਵੱਲ ਕਿਉਂ ਤਕੇ।

ਵੀਰ, ਤੇਰੀ ਬੀਰਤਾ ਅਤੇ ਜਵਾਂ-ਮਰਦੀ ਉਤੇ ਦੁਸ਼ਮਣ ਵੀ ਵਾਹ ਵਾਹ ਕਰ ਉਠਦਾ ਸੀ। ਸਭਰਾਉਂ ਦੀ ਲੜਾਈ ਵਿਚ, ਇਹ ਜਾਣਦਿਆਂ ਹੋਇਆਂ ਕਿ ਤੇਰੇ ਆਪਣੇ ਜਰਨੈਲ ਭੀ ਤੈਨੂੰ ਦਗ਼ਾ ਦੇ ਗਏ ਸਨ ਅਤੇ ਤੇਰੇ ਲਈ ਅਜਿਹੇ ਹਾਲਾਤ ਵਿਚ ਵੈਰੀ ਉਤੇ ਜਿੱਤ ਪਾ ਸਕਣੀ ਕਿਸੇ ਤਰ੍ਹਾਂ ਭੀ ਸੰਭਵ ਨਹੀਂ ਸੀ, ਤੂੰ ਜਿਸ ਸੂਰਬੀਰਤਾ ਨਾਲ ਅੰਗਰੇਜ਼ ਦੇ ਉਲਟ ਲੜਿਆ ਅਤੇ ਵੈਰੀ ਦੀ ਈਨ ਮੰਨ ਲੈਣ ਨਾਲੋਂ ਜਾਨ ਤੇ ਖੇਡ ਜਾਣ ਨੂੰ ਚੰਗਾ ਜਾਣਿਆ, ਉਸ ਦੀ ਉਪਮਾ ਮੌਕੇ ਦਾ ਅੰਗਰੇਜ਼ ਜਰਨੈਲ ਸਰ ਜੋਜ਼ਫ਼ ਠੈਕਵੈਲ ਇਸ ਤਰ੍ਹਾਂ ਕਰਦਾ ਹੈ :

> "ਭਾਵੇਂ ਉਨ੍ਹਾਂ (ਸਿੱਖਾਂ) ਦੀ ਹਾਰ ਯਕੀਨੀ ਸੀ, ਉਨ੍ਹਾਂ ਭਜ ਨਿਕਲਣਾ ਠੀਕ ਨਹੀਂ ਸਮਝਿਆ, ਬਲਕਿ ਉਨ੍ਹਾਂ ਤਲਵਾਰਾਂ ਧੂਹ ਲਈਆਂ ਤੇ ਅਖ਼ੀਰ ਦਮ ਤਕ ਲੜਦੇ ਗਏ।"

ਇਸ ਲੜਾਈ ਬਾਰੇ ਅੰਗਰੇਜ਼ ਕਮਾਂਡਰ ਲਾਰਡ ਗਫ਼ ਲਿਖਦਾ ਏ :

"ਮੈਨੂੰ ਨੀਤੀ ਆਗਿਆ ਨਹੀਂ ਸੀ ਦੇਂਦੀ ਕਿ ਮੈਂ ਆਪਣੇ ਹਾਰੇ ਹੋਏ ਦੁਸ਼ਮਣ (ਸਿੱਖਾਂ) ਦੀ ਸ਼ਾਨਦਾਰ ਬਹਾਦਰੀ ਦਾ ਖੁਲ੍ਹੇ ਤੌਰ ਤੇ ਪ੍ਰਗਟਾਵਾ ਕਰਦਾ, ਜਾਂ ਜੋ ਸੂਰਬੀਰਤਾ ਉਨ੍ਹਾਂ ਵਿਚੋਂ ਹਰ ਇਕ ਨੇ, ਭਾਵੇਂ ਉਹ ਸਰਦਾਰ ਸੀ ਜਾਂ ਸਿਪਾਹੀ, ਇਕੱਲੇ ਇਕੱਲੇ ਨੇ ਜਾਂ ਮਿਲਵੇਂ ਤੌਰ ਤੇ ਵਿਖਾਈ ਸੀ, ਉਸ ਸੰਬੰਧੀ ਆਪਣੇ ਜਜ਼ਬਾਤ ਉਘਾੜਦਾ, ਪਰੰਤੂ ਮੈਂ ਇਹ ਕਹਿਣੋਂ ਨਹੀਂ ਰਹਿ ਸਕਦਾ ਕਿ ਜੇਕਰ ਉਨ੍ਹਾਂ (ਸਿੱਖਾਂ) ਨੂੰ ਮਾਰਨ ਵਿਚ ਮੇਰੇ ਆਪਣੇ ਮੁਲਕ ਦੇ ਭਲੇ ਦਾ ਸਵਾਲ ਨਾ ਹੁੰਦਾ ਤਾਂ ਮੈਂ ਐਸੇ ਬਹਾਦਰਾਂ ਦੀ ਜਮਾਤ, ਜਿਸ ਨੇ ਆਪਣਾ ਸਭ ਕੁਝ ਸਿੱਖੀ ਦੇ ਨਾਮ ਤੋਂ ਕੁਰਬਾਨ ਕਰ ਦਿਤਾ ਹੋਇਆ ਸੀ, ਦੀ ਅਜਿਹੀ ਡਰਾਉਣੀ ਮੌਤ ਦੇ ਖ਼ੂਨ ਦੇ ਹੰਝੂ ਰੋਂਦਾ।"

ਸਿੱਖਾਂ ਦੀ ਅੰਗਰੇਜ਼ਾਂ ਨਾਲ ਲੜੀ ਦੂਜੀ ਲੜਾਈ ਦਾ ਜ਼ਿਕਰ ਕਰਦਾ ਹੋਇਆ ਜਰਨੈਲ ਠੈਕਵੈਲ ਲਿਖਦਾ ਏ :

"ਇਸ ਲੜਾਈ ਅਤੇ ਚਿੱਲੀਆਂ ਵਾਲੇ ਦੀ ਲੜਾਈ ਵਿਚ ਸਿਖ ਆਪਣੇ ਖੱਬੇ ਹੱਥ ਨਾਲ ਹਮਲਾ ਕਰਨ ਵਾਲੇ ਦੁਸ਼ਮਣਾਂ ਦੀਆਂ ਸੰਗੀਨਾਂ ਨੂੰ ਫੜ ਲੈਂਦੇ ਅਤੇ ਸੱਜੇ ਨਾਲ ਉਨ੍ਹਾਂ ਉਤੇ ਬੜੇ ਰੋਹ ਨਾਲ ਤਲਵਾਰ ਚਲਾਉਂਦੇ.......ਕੇਵਲ ਏਨੀ ਗੱਲ ਹੀ ਦਸਦੀ ਏ ਕਿ ਇਹ ਲੋਕ ਕਿਤਨੇ ਕਮਾਲ ਦੇ ਦਲੇਰ ਨੇ.....।"

ਮੇਰੇ ਵੀਰ, ਤੂੰ ਪਲਟ ਦਿਤਾ ਸਾਂਦਲ, ਗੰਜੀ ਤੇ ਨੀਲੀ ਬਾਰਾਂ ਦੇ ਕੰਡਿਆਲੇ ਵੈਰਾਨਾਂ ਨੂੰ ਲਹਿਲਹਾਉਂਦੇ ਸਬਜ਼ਾਜ਼ਾਰ ਨਰਮਿਆਂ ਤੇ ਝੋਨਿਆਂ ਦੇ ਖੇਤਾਂ ਵਿਚ। ਤੇਰੇ ਪੁਟੇ ਵਣ, ਕਰੀਰ ਤੇ ਜੰਡ ਅਤੇ ਇਨ੍ਹਾਂ ਦੇ ਥਾਈਂ ਲਾਏ ਮਾਲਟਿਆਂ ਤੇ ਸੰਗਤਰਿਆਂ ਦੇ ਵਿਸ਼ਾਲ ਬਾਗ਼ ਪਾਕਿਸਤਾਨ ਅੰਦਰ ਅੱਜ ਭੀ ਗਵਾਹੀ ਪਏ ਦੇਂਦੇ ਨੇ, ਕਿ ਤੂੰ ਕਦੀ ਫੇਰਾ ਪਾਇਆ ਸੀ ਉਸ ਧਰਤੀ ਤੇ। ਯੂ.ਪੀ.[੧] ਅੰਦਰ ਤਰਾਈ

---

੧. ਭਾਰਤ ਸਰਕਾਰ ਦੀ ਟਰੈਕਟਰ ਸੰਸਥਾ (ਸੈਂਟਰਲ ਟਰੈਕਟਰ ਆਰਗਨਾਈਜ਼ੇਸ਼ਨ) ਨੇ ਇਕ ਵੇਰ ਇਹ ਨੋਟ ਪ੍ਰਕਾਸ਼ਤ ਕੀਤਾ ਸੀ ਕਿ ਭਾਰਤ ਸਰਕਾਰ ਦੀ ਟਰੈਕਟਰ ਸੰਸਥਾ ਨੇ ਕਰੋੜਾਂ ਰੁਪਏ ਖ਼ਰਚ ਕਰ ਕੇ ਬਹੁਤ ਵੱਡੇ ਇਲਾਕਿਆਂ ਨੂੰ ਵਾਹੀ ਯੋਗ ਬਣਾਇਆ ਹੈ ਤੇ ਪ੍ਰਤੀ ਏਕੜ ਸੈਂਕੜੇ ਰੁਪਏ ਖ਼ਰਚ ਕੀਤੇ ਹਨ, ਪਰ ਫਿਰ ਵੀ ਸਾਨੂੰ ਮੰਨਣਾ ਪੈਂਦਾ ਹੈ ਕਿ ਪੰਜਾਬੀ ਤੇ ਖ਼ਾਸ ਕਰ ਪੰਜਾਬੀ ਸਰਦਾਰਾਂ ਨੇ ਆਪਣੀ ਨਿਜੀ ਹਿੰਮਤ ਤੇ ਮਿਹਨਤ ਨਾਲ ਕਈ ਗੁਣਾਂ ਵਧ ਜ਼ਮੀਨ ਨੂੰ ਜੰਗਲ ਤੋਂ ਬਾਗ਼ ਬਗੀਚਿਆਂ ਵਿਚ ਬਦਲ ਦਿਤਾ ਹੈ ਤੇ ਲੱਖਾਂ ਟਨ ਅਨਾਜ ਤੇ ਕਰੋੜਾਂ ਟਨ ਗੰਨਾ ਪੈਦਾ ਕਰ ਰਹੇ ਹਨ ਅਤੇ ਔਸਤਨ ਇਕ ਇਕ ਸਰਦਾਰ ਦਸ ਦਸ ਮਜ਼ਦੂਰਾਂ ਨੂੰ ਕੰਮ ਦੇ ਰਿਹਾ ਹੈ।

ਦੇ ਬਿਖੜੇ ਜੰਗਲਾਂ ਨੂੰ ਸਾਫ਼ ਕਰਨ ਅਤੇ ਮੀਲਾਂ ਬਧੀ ਕਮਾਦਾਂ ਦੀਆਂ ਪੈਲੀਆਂ ਉਪਜਾਉਣ ਵਾਲਾ ਤੇਰੇ ਬਿਨਾਂ ਕੌਣ ਸੀ ? ਬੀਕਾਨੇਰ ਦੇ ਰੇਤਲੇ ਥਲ ਕਿਸ ਨੇ ਆਬਾਦ ਕੀਤੇ ? ਭਾਰਤ ਵਿਚ ਹੀ ਨਹੀਂ, ਤੂੰ, ਪਰਦੇਸ ਜਾਣੋਂ ਭੀ ਨਹੀਂ ਸੰਗਿਆ। ਕੈਨੇਡਾ, ਅਮਰੀਕਾ ਤੇ ਦਖਣੀ ਅਮਰੀਕਾ ਦੇ ਵਿਸ਼ਾਲ ਤੇ ਚੌੜੇ ਪੇਟ ਵਾਲੇ ਮੈਦਾਨ ਅਤੇ ਇਨ੍ਹਾਂ ਵਿਚ ਪੈਦਾ ਹੁੰਦੀ ਮਣਾਂ ਮੂੰਹੀਂ ਕਣਕ ਵੀ ਇਸ ਗੱਲ ਦੀ ਸਾਖ ਭਰਦੀ ਏ ਕਿ ਤੂੰ ਸਤ ਸਮੁੰਦਰ ਲੰਘ ਕੇ ਭੀ ਆਪਣੀ ਦਲੇਰੀ, ਦ੍ਰਿੜ੍ਹਤਾ ਅਤੇ ਮੁਸ਼ੱਕਤੀ ਹੋਣ ਦੇ ਗੁਣ ਨੂੰ ਨਹੀਂ ਭੁਲਿਆ। ਜੇ ਲੋੜ ਪਈ ਤਾਂ ਨਹਿਰਾਂ ਪੁੱਟਣ, ਕਾਨਾਂ ਖੋਦਣ ਤੇ ਪਹਾੜ ਢਾਹੁਣ ਤੇ ਸੜਕਾਂ ਸਿੱਧੀਆਂ ਕਰਨ ਵਿਚ ਭੀ ਤੂੰ ਸਭ ਤੋਂ ਅਗੇ ਸੈਂ। ਲੋਹੇ, ਲਕੜੀ, ਇੱਟਾਂ ਤੇ ਪੱਥਰਾਂ ਨਾਲ ਮੱਥਾ ਲਾਉਣੋਂ ਤੂੰ ਕਦੀ ਨਾ ਸੰਗਿਆ, ਕਾਰਖ਼ਾਨੇ ਮਸ਼ੀਨਾਂ ਤੇ ਮੋਟਰਾਂ ਦੀਆਂ ਆਂਦਰਾਂ ਖੋਲ੍ਹਣ ਤੇ ਜੋੜਨ ਵਿਚ ਤੂੰ ਕਿਸੇ ਤੋਂ ਪਿਛੇ ਨਹੀਂ ਰਿਹਾ। ਪਸ਼ੂਆਂ, ਪੰਛੀਆਂ ਤੇ ਮਨੁੱਖਾਂ ਦੇ ਅੰਦਰ ਦਾ ਕੋਈ ਭੇਦ ਤੈਥੋਂ ਛੁਪਿਆ ਨਾ ਰਿਹਾ। ਸਿਰੇ ਦੇ ਡਾਕਟਰ, ਇੰਨਜੀਨੀਅਰ, ਮੇਮਾਰ, ਆਰਕੀਟੈਕਟ ਤੂੰ ਪੈਦਾ ਕੀਤੇ। ਹਿਮਾਲਾ ਦੀਆਂ ਬਰਫ਼ਾਨੀ ਚੋਟੀਆਂ ਨੂੰ ਲੰਘ ਸਿਖਰੇ ਪੁਜਣ ਦਾ ਹੌਸਲਾ ਤੈਨੂੰ ਹੋਇਆ। ਸਾਇੰਸਦਾਨ, ਵਿਦਵਾਨ, ਕਵੀ, ਚਿੱਤਰਕਾਰ ਤੇ ਸੰਗੀਤ ਦੇ ਮਾਹਿਰ ਤੇਰੇ ਵਿਚੋਂ ਨਿਕਲੇ। ਆਤਮਕ ਖੋਜੀ ਸੰਤ ਮਹਾਤਮਾ, ਦਾਰਸ਼ਨਕ ਵਿਚਾਰ ਤੇ ਪ੍ਰਭੂ ਪਿਆਰ ਦੀਆਂ ਉਚ ਕੋਟੀ ਦੇ ਵਿਅਕਤੀਆਂ ਨੂੰ ਤੂੰ ਜਨਮ ਦਿਤਾ। ਤੇਰੇ ਐਥਲੀਟਾਂ ਦੀ ਵਡਿਆਈ ਦੇ ਸਾਹਮਣੇ ਯੂਰਪ ਅਮਰੀਕਾ ਤੇ ਏਸ਼ੀਆ ਦੇ ਨੌਜਵਾਨਾਂ ਦਾ ਸਿਰ ਨੀਵਾਂ ਹੁੰਦਾ। ਦੁਨੀਆ ਦਾ ਕਿਹੜਾ ਖੇਤਰ ਤੇ ਕਿਹੜਾ ਕਿੱਤਾ ਏ ਜਿਸ ਵਿਚ ਤੇਰਾ ਸਿਰ ਉੱਚਾ ਨਹੀਂ, ਪਰ ਮੇਰੇ ਵੀਰ, ਕੀ ਤੂੰ ਕਦੀ ਸੋਚਿਆ ਏ ਕਿ ਇਹ ਕਿਉਂ ਏਂ ?

ਇਕੋ ਧਰਤੀ ਦੇ ਜੰਮੇ ਜਾਏ, ਇਕੋ ਪੌਣ ਪਾਣੀ ਤੋਂ ਪਲੇ, ਇਕੋ ਦੁੱਧ ਦਹੀਂ ਮੱਖਣ ਆਟਾ ਦਾਣਾ ਖਾਣ ਵਾਲੇ, ਨਹੀਂ ਨਹੀਂ ਇਕ ਮਾਂ ਦੇ ਥਣ ਚੁੰਘਣ ਵਾਲੇ ਤੇ ਇਕੋ ਪਿਉ ਦੇ ਦੋ ਪੁਤਰ, ਇਕ ਦਾੜ੍ਹੀ ਕੇਸ ਤੇ ਦਸਤਾਰ ਵਾਲਾ, ਦੂਜਾ ਬਿਨਾਂ ਕੇਸ ਦਸਤਾਰ ਤੋਂ, ਇਕ ਰਾਖਾ ਏ, ਦੂਜਾ ਰਾਖੀ ਮੰਗਦਾ ਏ, ਇਕ ਮਰਦਾ ਏ ਦੂਜਾ ਮਰਨੋਂ[੧] ਸੰਗਦਾ ਏ; ਇਕ ਦੇਣਾ ਜਾਣਦਾ ਏ, ਦੂਜਾ ਲੈਣਾ ਜਾਣਦਾ ਏ। ਇਹ ਫ਼ਰਕ ਕਿਉਂ ਏ ? ਇਕ ਉਘੇ ਸਿੰਧੀ ਪ੍ਰੋਫ਼ੈਸਰ ਸ੍ਰੀ ਟੀ. ਐਲ. ਵਸਵਾਨੀ

---

੧. ਡਾਕਟਰ ਗੋਕਲ ਚੰਦ ਲਿਖਦਾ ਏ :

Hindus as a race were too mild by nature, too contented in their desires, too modest in their aspirations, too averse to physical ☛

ਦੇ ਕਥਨ ਅਨੁਸਾਰ ਗੁਰੂ ਗੋਬਿੰਦ ਸਿੰਘ ਦੀ ਸਾਰੀ ਤਾਲੀਮ ਦਾ ਸਾਰ-ਅੰਸ਼ ਇਸ ਸਤਰ ਵਿਚ ਗੁੰਦਿਆ ਪਿਆ ਏ ਕਿ 'ਹਰ ਸਿਖ ਸਿੰਘ ਹੋ ਜਾਵੇ'। ਉਹ ਲਿਖਦੇ ਨੇ, ਕਿਸੇ ਮਨੁੱਖ ਦੇ ਸਿੰਘ ਬਣ ਜਾਣ ਦੇ ਅਰਥ ਹਨ, ਇਕ ਖ਼ੁਦਦਾਰ (ਸਵੈਮਾਨ ਰਖਣ ਵਾਲਾ), ਦੀਨ ਹੀਨ ਨੂੰ ਪਿਆਰਨ ਵਾਲਾ ਅਤੇ ਭਾਰਤੀ ਦ੍ਰਿਸ਼ਟੀਕੋਣ ਵਾਲੇ ਜੀਵਨ ਦਾ ਵਫ਼ਾਦਾਰ ਹੋਣਾ। ਇਕ ਹੋਰ ਥਾਂ ਉਹ ਲਿਖਦੇ ਨੇ, "ਸਿੱਖੀ ਇਕ ਐਸੇ ਜ਼ਬਤ ਦਾ ਨਾਮ ਏ ਜਿਸ ਜ਼ਬਤ ਦੀ ਬੰਦੀ ਵਿਚ ਪਏ ਸਾਧਾਰਨ ਮਰਦ ਤੇ ਇਸਤ੍ਰੀਆਂ ਸ਼ਹੀਦਾਂ ਦੀ ਜਮਾਤ ਬਣ ਜਾਂਦੇ ਨੇ। ਸਿਖ ਦੀ ਜਿਤ ਬਹੁ-ਗਿਣਤੀ ਦੀ ਜਿਤ ਨਹੀਂ, ਆਚਰਣ ਦੀ ਜਿਤ ਏ।" ਲਗਪਗ ੯੦ ਸਾਲ ਹੋਏ ਜਦੋਂ ਮੁਲਤਾਨ ਸ਼ਹਿਰ ਅੰਦਰ ਕੁਝ ਮੁਸਲਮਾਨ ਗੁੰਡਿਆਂ ਨੇ ਬਹੁਤ ਸਾਰੀਆਂ ਹਿੰਦੂ ਦੁਕਾਨਾਂ ਨੂੰ ਲੁਟਿਆ, ਫੂਕਿਆ ਅਤੇ ਕਈ ਹਿੰਦੂ ਮਾਰ ਸੁਟੇ ਅਤੇ ਇਹ ਗੁੰਡਿਆਂ ਦਾ ਟੋਲਾ ਵਧਦਾ ਵਧਦਾ ਭਾਈ ਦਿਆਲ ਦੇ ਗੁਰਦੁਆਰੇ ਨੂੰ ਫੂਕ ਦੇਣ ਲਈ ਓਧਰ ਨੂੰ ਵਧਿਆ ਤਾਂ ਇਕ ਇਕੱਲਾ ਨੌਜਵਾਨ ਸਿੰਘ ਕ੍ਰਿਪਾਨ ਧੂਹ ਕੇ ਸਾਹਮਣੇ ਹੋਇਆ ਅਤੇ ਅਜਿਹੀ ਕ੍ਰਿਪਾਨ ਵਾਹੀ ਕਿ ਸੈਂਕੜੇ ਬਦਮਾਸ਼ਾਂ ਦਾ ਟੋਲਾ ਉਸ ਇਕੱਲੇ ਸਿੰਘ ਦੇ ਅਗੇ ਭਜ ਨਿਕਲਿਆ ਅਤੇ ਇਸ ਤਰ੍ਹਾਂ ਗੁਰਦੁਆਰਾ ਸੜਨੋਂ ਬਚ ਗਿਆ। ਇਨ੍ਹਾਂ ਫ਼ਸਾਦਾਂ ਤੋਂ ਪਿਛੋਂ ਮੁਲਤਾਨ ਵਿਚ ਇਕ ਵੱਡਾ ਜਲਸਾ ਹੋਇਆ, ਜਿਸ ਵਿਚ ਬੋਲਦਿਆਂ ਹੋਇਆਂ ਭਾਰਤ ਦੇ ਉਘੇ ਨੇਤਾ ਪੰਡਤ ਮਦਨ ਮੋਹਨ ਮਾਲਵੀਆ ਜੀ ਨੇ ਕਿਹਾ ਕਿ "ਮੈਂ ਸਾਰੀ ਹਿੰਦੂ ਜਨਤਾ ਨੂੰ ਸਲਾਹ ਦਿਆਂਗਾ ਕਿ ਹਰ ਹਿੰਦੂ ਟੱਬਰ ਦਾ ਘਟੋ ਘਟ ਇਕ ਬੱਚਾ ਸਿੰਘ ਸਜਾਇਆ ਜਾਵੇ, ਤਾਕਿ ਭੀੜ ਪੈਣ 'ਤੇ ਉਹ ਆਪਣੇ ਟੱਬਰ ਦੀ ਰਖਿਆ ਕਰ ਸਕੇ।" ਮੇਰੇ ਵੀਰ, ਰਤਾ ਸੋਚ ਕਿ ਪੰਡਤ ਮਾਲਵੀਆ ਜੀ ਦੇ ਇਸ ਸੁਝਾਉ ਵਿਚ ਕੀ ਭੇਦ ਸੀ ?

ਸਿੱਖੀ ਗ੍ਰਿਹਸਥੀ ਜੀਵਨ ਅੰਦਰ ਧਰਮ ਤੇ ਸਦਾਚਾਰ ਦਾ ਸੁਮੇਲ ਏ। ਧਰਮ ਵਾਲੀ ਕਿਰਤ ਇਸ ਦਾ ਗ੍ਰਿਹਸਥ ਏ, ਗੁਰੂ ਦਾ ਹੁਕਮ ਇਸ ਦਾ ਧਰਮ ਏ ਅਤੇ ਇਸ ਹੁਕਮ ਦਾ ਮੰਨਣਾ ਇਸ ਦਾ ਸਦਾਚਾਰ ਏ। ਗੁਰੂ ਦੇ ਹੁਕਮਾਂ ਦੇ ਸੱਚੇ ਅੰਦਰ ਢਲਿਆ ਜੀਵਨ ਹੀ ਗੁਰਸਿੱਖੀ ਜੀਵਨ ਏ। ਗੁਰੂ ਦਾ ਆਪਣਾ ਜੀਵਨ ਪਹਿਲੋਂ

☛ exertion and hopelessly scrupulous in giving pain to others, even to their enemies.

ਅਰਥਾਤ, ਬਤੌਰ, ਜਾਤੀ ਹਿੰਦੂ ਸੁਭਾ ਅਤਿ ਦਰਜੇ ਦੀ ਨਰਮੀ (ਕਮਜ਼ੋਰੀ) ਫੜ ਚੁਕਾ ਸੀ, ਉਹਨਾਂ ਦੀਆਂ ਖ਼ਾਹਸ਼ਾਂ ਮੁਕ ਚੁਕੀਆਂ ਸਨ, ਉਤਸ਼ਾਹ ਮਰ ਚੁਕਾ ਸੀ, ਸਰੀਰਕ ਕਸ਼ਟ ਆਪਣੇ ਉਪਰ ਲੈਣ ਤੋਂ ਉਹ ਆਗੀ ਸਨ, ਅਤੇ ਦੂਜੇ ਨੂੰ, ਭਾਵੇਂ ਉਹ ਦੁਸ਼ਮਣ ਭੀ ਕਿਉਂ ਨਾ ਹੋਵੇ, ਦੁਖ ਦੇਣਾ ਉਹ ਵੱਡਾ ਅਧਰਮ ਜਾਣਦੇ ਸਨ।

ਗੁਰਸਿਖ ਵਾਲਾ ਆਦਰਸ਼ਕ ਜੀਵਨ ਏ ਤੇ ਫਿਰ ਗੁਰੂ ਏ। ਭਾਈ ਲਹਿਣਾ ਪਹਿਲੋਂ ਸਿਖ, ਫਿਰ ਗੁਰਸਿਖ ਤੇ ਫਿਰ ਗੁਰੂ ਅੰਗਦ ਹੋਏ। ਗੁਰੂ ਗੋਬਿੰਦ ਸਿੰਘ ਜੀ ਨੇ ਭੀ ਗੁਰਸਿਖ ਹੋਣਾ ਜ਼ਰੂਰੀ ਸਮਝਿਆ, ਜਿਸ ਲਈ ਆਪ ਨੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰਸਿੱਖੀ ਲਈ ਅਤੇ ਗੁਰੂ ਕੀ ਰਹਿਣੀ ਵਾਲੇ ਸਿਖ ਦੀ ਇਤਨੀ ਵਡਿਆਈ ਦੱਸੀ ਕਿ :

ਰਹਿਣੀ ਰਹੇ ਸੋਈ ਸਿਖ ਮੇਰਾ।
ਓਹ ਸਾਹਿਬ ਮੈਂ ਉਸ ਕਾ ਚੇਰਾ।

ਜੋ ਸਿਖ ਹੋ ਕੇ ਗੁਰੂ ਦੀ ਰਹਿਣੀ ਨਹੀਂ ਰਹਿੰਦਾ ਉਸ ਨਾਲ ਗੁਰੂ ਦਾ ਕੋਈ ਪਿਆਰ ਨਹੀਂ, ਕਿਉਂਕਿ ਸਿਖ ਗੁਰੂ ਦੇ ਪਿਆਰ ਦਾ ਪਾਤਰ ਆਪਣੀ ਰਹਿਤ ਸਦਕਾ ਈ ਏ :

ਰਹਿਤ ਪਿਆਰੀ ਮੋਹਿ ਕੋ ਸਿਖ ਪਿਆਰੋ ਨਾਹਿ।

ਗੁਰੂ ਗੋਬਿੰਦ ਸਿੰਘ ਜੀ ਨੇ ਆਪੂੰ ਅੰਮ੍ਰਿਤ ਛਕ ਕੇ ਸਿਧ ਕਰ ਦਿਤਾ ਕਿ ਗੁਰੂ ਅਤੇ ਗੁਰਸਿੱਖੀ ਦੀ ਰਹਿਣੀ ਇਕ-ਸਮਾਨ ਏ। ਦੋਹਾਂ ਦੀ ਰਹਿਣੀ ਵਿਚਾਲੇ ਕੋਈ ਭਿੰਨ-ਭੇਦ ਨਹੀਂ ਹੋਣਾ ਚਾਹੀਦਾ। ਇਸੇ ਵਾਸਤੇ ਗੁਰੂ ਕੇ ਸਿਖ ਦੇ ਦਰਸ਼ਨ ਨੂੰ ਗੁਰੂ ਦੇ ਦਰਸ਼ਨ ਦੀ ਤੁਲਨਾ ਦਿਤੀ ਸੀ। (ਕਾਸ਼ ! ਕਿ ਅਸੀਂ ਅਜਿਹੇ ਗੁਰਸਿੱਖੀ ਜੀਵਨ ਵਾਲੇ ਹੁੰਦੇ)। ਅਜਿਹੇ ਗੁਰਸਿਖ ਦੀ ਵਿਆਖਿਆ ਹੀ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਨਾਮ ਹੇਠ ਇਹ ਲਿਖ ਕੇ ਕੀਤੀ ਸੀ :

ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ ॥੧॥

(ਪਾ: ੧੦, ਸ਼ਬਦ ਹਜ਼ਾਰੇ)

ਇਹੋ ਖ਼ਾਲਸਾ ਹੀ ਗੁਰੂ ਕੇ ਹੁਕਮਾਂ ਰੂਪੀ ਸੱਚੇ ਅੰਦਰ ਢਲਿਆ ਗੁਰਸਿਖ ਸੀ। ਕੇਵਲ ਫ਼ਰਕ ਇਤਨਾ ਕੁ ਸੀ ਕਿ ਪਹਿਲੋਂ ਇਹ 'ਸੰਤ' ਸੀ। ਗੁਰੂ ਗੋਬਿੰਦ ਜੀ ਨੇ ਕਿਹਾ ਕਿ ਨਿਰਾ 'ਸੰਤ' ਨਹੀਂ, ਬਲਕਿ 'ਸੰਤ ਸਿਪਾਹੀ' ਹੋ ਜਾ। ਤੇਰੀ ਸੂਰਤ, ਤੇਰੀ ਕਿਰਤ, ਤੇਰੇ ਕਰਮ ਸੰਤਾਂ ਵਾਲੇ ਹੋਣਗੇ, ਤੂੰ ਪਰਉਪਕਾਰ ਲਈ ਜੀਵੇਂਗਾ। 'ਸ਼ੁਭ ਕਰਮਨ ਤੇ ਕਬਹੂੰ ਨ ਟਰੋਂ'। ਪਰੰਤੂ ਸੰਤ-ਦੋਖੀਆਂ ਨਾਲ ਟੱਕਰ ਹੋ ਜਾਣ ਪਰ ਤੈਨੂੰ ਉਨ੍ਹਾਂ ਦਾ ਭੈ ਨਹੀਂ ਹੋਵੇਗਾ, ਸਗੋਂ ਦੋਖੀਆਂ ਪਰ ਤੇਰੀ ਸ਼ਰਤੀਆ ਜਿਤ ਹੋਵੇਗੀ :

ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ ॥੨੩੧॥

ਪਰੰਤੂ ਇਹ ਕੁਝ ਕਰਦਿਆਂ ਹੋਇਆਂ ਭੀ ਤੇਰੇ ਮਨ ਦੀ ਲਗਨ ਪ੍ਰਭੂ-ਚਰਨਾਂ ਵਿਚ ਲਗੀ ਰਹੇ, 'ਇਹ ਲਾਲਚ ਹਉਂ ਗੁਨ ਤਉ ਉਚਰੋਂ' ਅਤੇ ਜੇ ਸਮਾਂ ਆ

ਬਣੇ ਤਾਂ ਤੇਰਾ ਅੰਦਰਲਾ ਇਹ ਸੱਧਰ ਰਖੇ ਕਿ ਜੂਝਦਾ ਹੋਇਆ ਸ਼ਹੀਦ ਹੋ ਜਾਵਾਂ :

ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈਂ ਤਬ ਜੂਝ ਮਰੋਂ ॥੨੩੧॥

(ਪਾ: ੧੦, ਚੰਡੀ ਚਰਿਤ੍ਰ)

ਇਹੋ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਦੀ ਪ੍ਰਭੂ ਚਰਨਾਂ ਵਿਚ ਆਪਣੀ ਅਰਦਾਸ ਸੀ ਅਤੇ ਇਸੇ ਅਰਦਾਸ ਨਾਲ ਸੰਸਾਰ ਯਾਤਰਾ ਸੰਪੂਰਨ ਕਰਨ ਦਾ ਹੁਕਮ ਆਪ ਨੇ ਹਰ ਗੁਰਸਿਖ ਨੂੰ ਦਿਤਾ। ਇਹ ਸੀ ਇਕ ਹੋਰ ਸਬੂਤ, ਜਿਸ ਰਾਹੀਂ ਗੁਰੂ ਤੇ ਸਿਖ ਦੀ ਹਰ ਪੱਖ ਤੋਂ ਅਭੇਦਤਾ ਆਪ ਨੇ ਦ੍ਰਿੜ੍ਹ ਕਰਵਾਈ। ਗੁਰੂ ਅਤੇ ਸਿਖ ਦੀ ਆਤਮਕ ਅਤੇ ਸਰੀਰਕ ਇਕ-ਸੁਰਤਾ ਤੇ ਸਮਾਨਤਾ ਲਈ ਆਪ ਨੇ ਸਿਖ ਨੂੰ ਅੰਤਰ-ਮੁਖੀ ਅਤੇ ਬਾਹਰ-ਮੁਖੀ ਦੋਹਾਂ ਪਹਿਲੂਆਂ ਤੋਂ ਗੁਰੂ ਦੀ ਰਹਿਣੀ ਰਹਿਣ ਦੀ ਸੂਚਨਾ ਦਿਤੀ। ਬਾਹਰ-ਮੁਖੀ ਸਮਾਨ ਰਹਿਣੀ ਕਰ ਦੇਣ ਵਿਚ ਭੇਦ ਭਰੀ ਗੱਲ ਇਹੋ ਸੀ ਕਿ ਇਕੋ ਸਰੂਪ ਵਾਲੇ ਮਨੁੱਖਾਂ ਦਾ ਆਪੋ ਵਿਚ ਨੇੜ ਹੋ ਜਾਵੇ, ਤਾਕਿ ਲੋੜ ਪੈਣ 'ਤੇ ਦੀਨ ਦੁਖੀ ਤੇ ਦੇਸ਼ ਦੀ ਸੇਵਾ ਅਤੇ ਸਵੈ-ਧਰਮ ਦੀ ਰਖਿਆ ਲਈ ਇਹ ਇਕ ਦੂਜੇ ਉਪਰ ਭਰੋਸਾ ਰਖ ਸਕਣ ਅਤੇ ਇਨ੍ਹਾਂ ਦਾ ਦੂਜਿਆਂ ਨਾਲੋਂ ਨਿਆਰਾ ਹੋਣ ਦਾ ਗੁਣ ਇਨ੍ਹਾਂ ਦੀ ਇਸ ਦ੍ਰਿੜ੍ਹਤਾ ਨੂੰ ਪਕਿਆਂ ਕਰ ਸਕੇ ਕਿ ਇਹ ਸੰਤ ਸਿਪਾਹੀ ਹਨ। ਅਸਲ ਵਿਚ ਇਹ ਆਮ ਜਨਤਾ ਵਿਚੋਂ ਵਿਸ਼ੇਸ਼ ਤਰੀਕੇ ਨਾਲ ਚੁਣੇ ਹੋਏ ਉਨ੍ਹਾਂ ਲੋਕਾਂ (selected persons) ਦੀ ਸ਼੍ਰੇਣੀ ਸੀ, ਜਿਨ੍ਹਾਂ ਦੀ ਵਿਸ਼ੇਸ਼ ਜ਼ਿੰਮੇਵਾਰੀ ਤੇ ਵਿਸ਼ੇਸ਼ ਵਿਚਾਰਧਾਰਾ ਸੀ ਅਤੇ ਜੋ ਵਿਸ਼ੇਸ਼ ਆਚਰਣ (character) ਰਖਣ ਵਾਲੇ ਸਨ। ਇਨ੍ਹਾਂ ਦੀ ਪਛਾਣ, ਇਕ ਵਿਸ਼ੇਸ਼ ਰੂਪ 'ਸਾਬਤ ਸੂਰਤਿ ਦਸਤਾਰ ਸਿਰਾ' ਤੋਂ ਕੀਤੀ ਜਾਂਦੀ ਸੀ ਅਤੇ ਇਹ ਵਿਸ਼ੇਸ਼ ਰੂਪ ਇਨ੍ਹਾਂ ਨੂੰ ਇਸ ਲਈ ਦਿਤਾ ਗਿਆ ਸੀ ਕਿ ਇਨ੍ਹਾਂ ਦੀ ਵਿਸ਼ੇਸ਼ਤਾ ਇਨ੍ਹਾਂ ਦੇ ਰੂਪ ਤੋਂ ਹੀ ਪਰਤੱਖ ਹੋ ਜਾਵੇ ਅਤੇ ਇਨ੍ਹਾਂ ਦੀ ਭਾਲ ਮੁੜ ਮੁੜ ਨਾ ਕਰਨੀ ਪਵੇ।

ਖ਼ਾਲਸੇ ਦਾ ਇਹੋ ਨਿਆਰਾਪਣ ਹੀ ਏ, ਜਿਸ ਨੇ ਇਸ ਦਾ ਡੰਕਾ ਦੁਨੀਆ ਭਰ ਵਿਚ ਹੀ ਵਜਾ ਦਿਤਾ ਹੋਇਆ ਏ। ਇਹ ਇਸ ਦੇ ਨਿਆਰੇ ਰੂਪ ਸਦਕਾ ਏ, ਜੋ ਇਸ ਨੂੰ ਵੇਖਣ ਸਾਰ ਵੇਖਣ ਵਾਲਾ ਸਮਝ ਲੈਂਦਾ ਏ ਕਿ ਇਹ ਸੂਰਮਿਆਂ ਦੀ ਸ਼੍ਰੇਣੀ ਵਿਚੋਂ ਏ। ਤੇ ਇਹ ਖ਼ਿਆਲ ਕਿ ਇਸ ਦਾ ਬਾਹਰਮੁਖੀ ਰੂਪ ਉਨ੍ਹਾਂ ਜਿਹਾ ਏ ਜਿਨ੍ਹਾਂ ਦਾ ਜਗ 'ਤੇ ਡੰਕਾ ਵਜਿਆ ਏ, ਇਸ ਨੂੰ ਹੋਰ ਮਜ਼ਬੂਤ ਕਰ ਦੇਂਦਾ ਏ। ਮੇਰੇ ਵੀਰ, ਕੀ ਤੂੰ ਕਦੀ ਸੋਚਿਆ ਏ, ਤੇਰੇ ਇਸ ਬਾਹਰਮੁਖੀ ਨਿਆਰੇਪਣ ਦੀ ਕਿਤਨੀ ਵਡਿਆਈ ਏ, ਕੀ ਤੂੰ ਕਦੀ ਸੋਚਿਆ ਏ ਕਿ ਇਸ ਚਿਹਰੇ ਮੋਹਰੇ ਦੇ ਦਿਸਦੇ ਸਰੂਪ ਪਿਛੇ ਕੀ ਛੁਪਿਆ ਪਿਆ ਏ ?

ਜਿਸ ਵਸਤੂ ਜਾਂ ਜੀਵ ਦਾ ਨਾਮ ਲਈਏ, ਉਸ ਦੇ ਗੁਣ ਅਉਗੁਣ ਸਾਡੇ ਧਿਆਨ ਵਿਚ ਵਸ ਜਾਂਦੇ ਨੇ। ਜਿਸ ਤਰ੍ਹਾਂ ਭੇਡ ਕਹਿਣ ਨਾਲ ਭੇਡ ਦਾ ਰੂਪ ਤੇ ਗੁਣ ਸਾਡੇ ਸਾਹਮਣੇ ਆ ਜਾਂਦੇ ਨੇ, ਅੰਬ ਕਹਿਣ ਨਾਲ ਅੰਬ ਦੇ ਬਿਰਖ, ਫਲ ਤੇ ਇਸ ਦੇ ਸੁਆਦ ਦਾ ਵਿਚਾਰ ਮਨ ਵਿਚ ਆ ਜਾਂਦਾ ਏ, ਸਹਿਆ ਜਾਂ ਸ਼ੇਰ ਦੇ ਸ਼ਬਦ ਬੋਲਣ ਨਾਲ ਸਹੇ ਜਾਂ ਸ਼ੇਰ ਦੀਆਂ ਜੋ ਖ਼ੂਬੀਆਂ ਹਨ, ਉਨ੍ਹਾਂ ਦਾ ਚਿੱਤਰ ਸਾਡੇ ਮਨਾਂ 'ਤੇ ਖਿਚਿਆ ਜਾਂਦਾ ਏ, ਇਸੇ ਤਰ੍ਹਾਂ 'ਸਿੰਘ' ਸ਼ਬਦ ਪ੍ਰਗਟਾਵਾ ਕਰਦਾ ਏ ਕਈ ਵਿਸ਼ੇਸ਼ ਗੁਣਾਂ ਦਾ ਤੇ ਅੱਖਾਂ ਸਾਹਮਣੇ ਲਿਆਉਂਦਾ ਏ ਕੋਈ ਵਿਸ਼ੇਸ਼ ਤਸਵੀਰ। ਇਹ ਤਸਵੀਰ ਗੁਰੂ ਗੋਬਿੰਦ ਸਿੰਘ ਦੀ ਆਪਣੀ ਸੂਰਤ ਏ ਅਤੇ ਇਸ ਸ਼ਬਦ ਪਿਛੇ ਉਹ ਗੁਣ ਛੁਪੇ ਨੇ ਜੋ ਗੁਰੂ ਗੋਬਿੰਦ ਸਿੰਘ ਦੇ ਆਪਣੇ ਗੁਣ ਨੇ। ਇਸ ਲਈ ਹਰ ਸਿੰਘ ਲਈ ਜ਼ਰੂਰੀ ਏ ਕਿ ਉਸ ਦਾ ਰੂਪ ਤੇ ਰਹਿਣੀ ਗੁਰੂ ਗੋਬਿੰਦ ਸਿੰਘ ਦੇ ਰੂਪ ਤੇ ਰਹਿਣੀ ਵਾਲੇ ਹੋਣ। ਉਸ ਰੂਪ ਤੇ ਰਹਿਣੀ ਦਾ ਤਿਆਗ ਸਿੰਘ-ਪੁਣੇ ਦਾ ਤਿਆਗ, ਅਥਵਾ, ਗੁਰੂ ਗੋਬਿੰਦ ਸਿੰਘ ਦਾ ਤਿਆਗ ਏ। ਮੇਰੇ ਵੀਰ, ਤੈਨੂੰ ਗੁਰੂ ਨੇ 'ਦਾਸ' (ਗ਼ੁਲਾਮ) ਤੋਂ 'ਸਿੰਘ' (ਸ਼ੇਰ) ਬਣਾਉਣਾ ਦ੍ਰਿੜ੍ਹ ਕੀਤਾ ਏ, ਸਿੰਘ ਦੇ ਵਿਸ਼ੇਸ਼ ਰੂਪ ਤੇ ਰਹਿਣੀ ਨੇ। ਕੀ ਤੂੰ ਚਾਹੁੰਨਾ ਏਂ ਕਿ ਮੁੜ 'ਸਿੰਘ' ਤੋਂ 'ਦਾਸ' ਹੋ ਜਾਵੇਂ ? ਜੇ ਨਹੀਂ ਤਾਂ ਸਿੰਘ ਦਾ ਰੂਪ ਤੇ ਰਹਿਣੀ ਧਾਰਨ ਕਰ। ਸੰਸਾਰ ਇਕ ਵੱਡਾ ਅਖਾੜਾ ਏ। ਜਿਤਨੀ ਦੇਰ ਮੱਲਾਂ ਦੀ ਤਰ੍ਹਾਂ ਇਸ ਵਿਚ ਨਹੀਂ ਵਿਚਰੇਂਗਾ, ਤੈਨੂੰ ਇਸ ਅਖਾੜੇ ਅੰਦਰ ਕੋਈ ਰਹਿਣ ਨਹੀਂ ਦੇਵੇਗਾ। ਗੁਰੂ ਗੋਬਿੰਦ ਸਿੰਘ ਨੇ ਤੈਨੂੰ ਸਿੰਘ ਬਣਾ ਮੱਲ ਹੋਣ ਦੀ ਜਾਚ ਸਿਖਾਈ ਏ। ਜੇ ਚਾਹੁੰਨਾ ਏਂ ਕਿ ਇਸ ਅਖਾੜੇ ਵਿਚੋਂ ਜੇਤੂ ਪਹਿਲਵਾਨ ਬਣ ਕੇ ਨਿਕਲੇਂ ਤਾਂ ਸਿੰਘ ਹੋ ਕੇ ਰਹੁ ਅਤੇ ਸਿੰਘ ਕਹਾਉਣ ਤੋਂ ਕੰਨੀ ਨਾ ਕਤਰਾਅ। ਤੇਰੀ ਸਫਲਤਾ ਦਾ ਸਾਰਾ ਰਾਜ਼ ਸਿੰਘ ਹੋਣ ਵਿਚ ਏ।

ਨਿਰਾ ਬਾਹਰਮੁਖੀ ਸ਼ਕਲ ਕਰਕੇ ਹੀ ਨਹੀਂ, ਬਲਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਨਾਮ ਵਾਲਾ 'ਸਿੰਘ' ਸ਼ਬਦ ਦੇ ਕੇ ਉਨ੍ਹਾਂ ਨਾਲ ਇਕ ਪੱਕੀ ਸਾਂਝ ਪੈਦਾ ਕੀਤੀ ਏ, ਅਰਥਾਤ, ਗੁਰੂ ਭੀ 'ਸਿੰਘ' ਅਤੇ ਗੁਰੂ ਦੇ ਸਿਖ ਭੀ ਸਿੰਘ, ਅਥਵਾ, ਸਿੰਘ ਹੋਣ ਦੇ ਨਾਤੇ ਜੋ ਗੁਰੂ ਦੇ ਗੁਣ, ਉਹ ਗੁਰੂ ਦੇ ਸਿੱਖਾਂ ਦੇ ਗੁਣ, ਗੁਰੂ ਦਾ ਆਚਰਣ ਸਿਖ ਦਾ ਆਚਰਣ, ਗੁਰੂ ਦੀ ਵਡਿਆਈ ਤੇ ਮਹਾਨਤਾ ਅਤੇ ਗੁਰੂ ਦੀ ਜ਼ਿੰਮੇਵਾਰੀ ਸਿਖ ਦੀ ਜ਼ਿੰਮੇਵਾਰੀ।

ਇਸ ਲੇਖ ਅੰਦਰ ਸਿਖ ਵੀਰ ਪ੍ਰਤੀ ਕੀਤੇ ਸਾਰੇ ਪ੍ਰਸ਼ਨਾਂ ਦਾ ਉਤਰ ਇਕੋ ਇਕ ਸ਼ਬਦ ਵਿਚ ਏ ਕਿ ਉਹ, ਜਿਨ੍ਹਾਂ ਨੇ ਏਡੀਆਂ ਘਾਲਣਾਂ ਘਾਲੀਆਂ, ਜਿਨ੍ਹਾਂ ਦੀ ਸੂਰਬੀਰਤਾ, ਨਿਰਭੈਤਾ, ਦਲੇਰੀ, ਜੇਰਾ, ਹਿਰਦੇ ਦੀ ਵਿਸ਼ਾਲਤਾ ਏਡੇ ਵੱਡੇ ਅਤੇ ਜਿਨ੍ਹਾਂ ਦਾ ਆਚਰਣ ਏਡਾ ਉਚਾ ਅਤੇ ਸੁਚਾ ਸੀ ਉਹ 'ਸਿੰਘ' ਸਨ, ਜਿਨ੍ਹਾਂ

ਦੀ ਗੁਰੂ ਗੋਬਿੰਦ ਸਿੰਘ ਨਾਲ ਇਕ ਨਿਜੀ ਸਾਂਝ ਸੀ, ਜਿਨ੍ਹਾਂ ਅੰਦਰ ਗੁਰੂ ਗੋਬਿੰਦ ਸਿੰਘ ਦੇ ਕਹਿਲਾਉਣ ਦੀ ਦ੍ਰਿੜ੍ਹਤਾ ਸੀ, ਜੋ ਆਪਣਾ ਆਪਾ ਗੁਰੂ ਗੋਬਿੰਦ ਸਿੰਘ ਦਾ ਕਰ ਚੁਕੇ ਸਨ, ਜਿਨ੍ਹਾਂ ਦੀ ਸਮੁਚੀ ਰਹਿਣੀ ਅਤੇ ਜਿਨ੍ਹਾਂ ਦੀ ਜ਼ਿੰਦਗੀ ਦਾ ਹਰ ਕਰਤੱਵ ਗੁਰੂ ਗੋਬਿੰਦ ਸਿੰਘ ਦੇ ਹੁਕਮਾਂ ਅਨਕੂਲ ਸੀ।

ਮੇਰੇ ਵੀਰ, ਹੁਣ ਤੂੰ ਹੀ ਸੋਚ ਲੈ ਅਤੇ ਆਪਣੇ ਅੰਦਰ ਝਾਤੀ ਮਾਰ ਕੇ ਵੇਖ ਕਿ ਤੂੰ 'ਸਿੰਘ' ਹੈਂ ? ਕੀ ਤੂੰ ਗੁਰੂ ਗੋਬਿੰਦ ਸਿੰਘ ਨਾਲ 'ਸਿੰਘ' ਹੋਣ ਵਾਲੀ ਸਾਂਝ ਪੈਦਾ ਕੀਤੀ ਹੋਈ ਏ ? ਕੀ ਤੇਰੇ ਜੀਵਨ, ਤੇਰੇ ਰੋਜ਼ਮੱਰਾ ਦੇ ਕੰਮਾਂ ਅਤੇ ਤੇਰੇ ਖ਼ਿਆਲਾਂ ਦੀ ਬੁਣਤ ਵਿਚੋਂ ਗੁਰੂ ਗੋਬਿੰਦ ਸਿੰਘ ਦਾ ਝਾਉਲਾ ਪੈਂਦਾ ਏ, ਜਾਂ ਕਿਸੇ ਗੰਗੂ ਦੀ ਝਲਕ ਦਿਸਦੀ ਏ ? ਕੀ ਤੇਰਾ ਆਚਰਣ, ਤੇਰੀ ਸੂਰਤ, ਤੇਰੀ ਦਸਤਾਰ, ਉਨ੍ਹਾਂ ਚੁਣੇ ਹੋਏ ਲੋਕਾਂ (selected persons) ਜਿਹੀ ਏ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਆਪਣੇ ਜਿਹਾ ਸਿੰਘ ਬਣਾਇਆ ਸੀ ਅਤੇ ਫਿਰ ਉਨ੍ਹਾਂ ਬਾਰੇ ਕਿਹਾ ਸੀ :

ਮੋ ਗ੍ਰਿਹਿ ਮੈ ਤਨ ਤੇ ਮਨ ਤੇ,ਸਿਰ ਲਉ ਧਨ ਹੈ ਸਭ ਹੀ ਕਿਨਹੀ ਕੋ ॥੩॥

(ਪਾ: ੧੦, ਗਿਆਨ ਪ੍ਰਬੋਧ ਅਖ਼ੀਰ)

ਮੇਰੇ ਵੀਰ, ਭਾਈ ਗੁਰਦਾਸ ਇਸ ਗੱਲ ਦੀ ਗਵਾਹੀ ਦੇਂਦਾ ਏ ਕਿ ਜਦੋਂ ਸ਼ੇਰ ਜੰਗਲ ਵਿਚ ਬੁਕਿਆ ਤਾਂ ਜੰਗਲ ਦੀ ਸਮੁੱਚੀ ਮਿਰਗਾਵਲੀ ਹੌਸਲਾ ਹਾਰ ਕੇ ਭੱਜ ਨਿਕਲੀ, ਅਰਥਾਤ, ਗੁਰੂ ਨਾਨਕ ਦੇ ਆਗਮਨ 'ਤੇ ਜਿਤਨੇ ਫੋਕਟ ਧਰਮਾਂ ਵਾਲੇ ਝੂਠ ਤੇ ਪਖੰਡ ਦਾ ਆਪਣਾ ਆਪਣਾ ਡਉਰੂ ਵਜਾ ਰਹੇ ਸਨ, ਆਪਣੇ ਝੂਠ ਨੂੰ ਨੰਗਾ ਹੁੰਦਾ ਵੇਖ, ਭਜ ਗਏ :

ਸਿੰਘ ਬੁਕੇ ਮਿਰਗਾਵਲੀ, ਭੰਨੀ ਜਾਇ ਨ ਧੀਰ ਧਰੋਆ ॥

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭)

ਇਤਿਹਾਸ ਇਸ ਗੱਲ ਦਾ ਗਵਾਹ ਏ ਤੇ ਇਸ ਲੇਖ ਵਿਚ ਦਿਤੇ ਹਵਾਲਿਆਂ ਤੋਂ ਵੀ ਸਿੱਧ ਏ ਕਿ ਜਦੋਂ ਜਦੋਂ ਅਤੇ ਜਿਥੇ ਜਿਥੇ ਵੀ ਗੁਰੂ ਗੋਬਿੰਦ ਸਿੰਘ 'ਬੁਕੇ', ਦੁਸ਼ਮਣ, ਮਿਰਗਾਵਲੀ ਦੀ ਤਰ੍ਹਾਂ ਹੌਸਲਾ ਹਾਰ ਜਾਂਦੇ ਰਹੇ। ਜੇ ਕਦੇ ਕੁਝ ਸਮੇਂ ਲਈ ਅਮਲੀ ਤੌਰ 'ਤੇ ਸਿੰਘ ਦੀ ਜਿਤ ਨਹੀਂ ਭੀ ਹੋਈ, ਸਿੰਘ ਦੇ 'ਬੁੱਕਣ' ਵਿਚ ਕਦੀ ਫ਼ਰਕ ਨਹੀਂ ਆਇਆ ਅਤੇ ਸਿੰਘ ਦੀ ਸਦੀਵੀ ਚੜ੍ਹਦੀ ਕਲਾ ਦਾ ਅੰਤਮ ਸਿੱਟਾ ਸਿੰਘ ਦੀ ਆਦਰਸ਼ਕ ਜਿੱਤ ਹੀ ਹੋਈ। ਜੰਗਾਂ, ਜੁੱਧਾਂ ਅੰਦਰ ਤਾਂ ਸਿੰਘਾਂ ਦੀ ਇਸ ਵਡਿਆਈ ਵਿਚ ਕੋਈ ਸ਼ਕ ਹੀ ਨਹੀਂ, ਪਰ ਸ਼ਾਂਤੀ ਤੇ ਅਦਮ-ਤਸ਼ੱਦਦ ਦੇ ਖੇਤਰ ਵਿਚ ਅਤੇ ਉਸਾਰੂ ਪ੍ਰੋਗਰਾਮਾਂ ਅੰਦਰ ਇਸ ਨੂੰ ਸਿੰਘ ਹੋਣ ਦਾ ਮਾਣ ਸਦਾ ਈ ਪ੍ਰਾਪਤ

ਰਿਹਾ ਏ। ਇਹ ਸਾਰੀ ਵਡਿਆਈ ਤੇ ਮਹੱਤਤਾ ਇਸ ਦੇ 'ਸਿੰਘ' ਹੋਣ ਦੇ ਸਦਕੇ ਹੀ ਏ। ਜੋ ਲੋਕ ਇਸ ਦੀ ਵਡਿਆਈ ਤੇ ਈਰਖਾ ਕਰਦੇ ਨੇ, ਉਨ੍ਹਾਂ ਲਈ ਯੋਗ ਤਾਂ ਇਹੋ ਏ ਕਿ ਪੰਡਤ ਮਦਨ ਮੋਹਨ ਮਾਲਵੀਆ ਜੀ ਦੇ ਕਥਨ ਅਨੁਸਾਰ ਉਹ ਸਿੰਘ ਦੇ, 'ਸਿੰਘ' ਹੋਣ ਦੇ ਗੁਣ ਨੂੰ ਅਪਣਾਉਣ। ਪਰੰਤੂ ਈਰਖਾ-ਵਸ ਹੋਏ ਉਹ ਅਜਿਹਾ ਕਰਨ ਨੂੰ ਤਿਆਰ ਨਹੀਂ ਹੁੰਦੇ, ਸਗੋਂ ਇਸ ਕੋਸ਼ਿਸ਼ ਵਿਚ ਲਗੇ ਰਹਿੰਦੇ ਨੇ ਕਿ ਸਿੰਘ ਨੂੰ ਉਸ ਦੇ ਸਿੰਘਊਪੁਣੇ ਤੋਂ ਡੇਗ਼ ਕੇ ਆਪਣੇ ਜਿਹਾ ਕਰ ਲੈਣ ਅਤੇ ਇਸ ਤਰ੍ਹਾਂ ਸਿੰਘ ਨੂੰ ਆਪਣੇ ਪੱਧਰ 'ਤੇ ਲਿਆ ਕੇ ਆਪਣਾ ਦਿਲ ਠੰਡਾ ਕਰਨ। ਕਈ ਭੋਲੇ ਭਾਲੇ ਨੌਜਵਾਨ ਸਿੰਘ, ਜੋ ਆਪਣੇ ਅਸਲੇ ਤੋਂ ਅਨਜਾਣੂ ਨੇ, ਉਹ ਗਿਦੜੀ ਦੇ ਸ਼ੇਰ ਦੇ ਬੱਚੇ ਨੂੰ ਪਾਲਣ ਵਾਂਗ ਆਪਣੇ ਆਪ ਨੂੰ ਠੀਕ ਹੀ 'ਮਿਰਗਾਵਲੀ' ਸਮਝ ਲੈਂਦੇ ਨੇ ਅਤੇ ਆਪਣੇ ਸ਼ੇਰ ਵਾਲੇ ਰੂਪ ਤੇ ਗੁਣਾਂ ਨੂੰ ਭੁੱਲ ਕੇ ਜੰਗਲ ਦੇ ਅਨੇਕਾਂ ਮਿਰਗਾਂ ਆਦਿ ਵਿਚ ਵਸਦੇ ਹੋਏ ਮਿਰਗ ਹੀ ਹੋ ਜਾਂਦੇ ਨੇ, ਜਿਸ ਦਾ ਅਖ਼ੀਰ ਸਿੱਟਾ ਇਹੋ ਨਿਕਲਦਾ ਹੈ ਕਿ ਉਨ੍ਹਾਂ ਦਾ ਸਿੰਘ ਵਾਂਗ ਬੁੱਕਣ ਭੀ ਖ਼ਤਮ ਹੋ ਜਾਂਦਾ ਏ।

ਮੇਰੇ ਸਿੰਘ ਵੀਰ, ਤੇਰੇ ਉਤੇ ਇਹ ਪ੍ਰਭਾਵ ਪਾਇਆ ਜਾ ਰਿਹਾ ਏ, ਅਤੇ ਤੂੰ ਦਰ-ਪਰਦਾ ਇਸ ਦਾ ਸ਼ਿਕਾਰ ਹੋ ਰਿਹਾ ਏਂ। ਤੇਰਾ ਆਚਰਨ ਤੈਥੋਂ ਖੋਹਿਆ ਜਾ ਰਿਹਾ ਏ, ਤੇਰਾ ਰੂਪ ਧੁੰਧਲਾ, ਨਹੀਂ ਨਹੀਂ ਤੈਨੂੰ ਕਰੂਪ ਕੀਤਾ ਜਾ ਰਿਹਾ ਏ, ਵਰਜੀਆਂ ਬਿਦਤਾਂ ਵਿਚ ਤੈਨੂੰ ਮੁੜ ਫਸਾਇਆ ਜਾ ਰਿਹਾ ਏ, ਵਿਖਾਵੇ ਦੇ ਮਾਨ ਹੇਠਾਂ ਤੇਰਾ ਅਪਮਾਨ ਹੋ ਰਿਹਾ ਏ। ਤੇਰੀ ਪਗੜੀ ਉਤਾਰੀ ਜਾ ਰਹੀ ਏ, ਸੰਭਾਲ ਏਸ ਪਗੜੀ ਨੂੰ। ਇਸੇ ਵਿਚ ਤੇਰੀ ਸ਼ਾਨ ਏ, ਇਸੇ ਤੈਨੂੰ ਸਰਦਾਰ ਕੀਤਾ। ਕਿਉਂ ਸਰਦਾਰੀ ਨੂੰ ਹੱਥੋਂ ਗੁਆਉਂਦਾ ਏਂ ? ਸ਼ੇਰ ਤੋਂ ਮਿਰਗ ਕਿਉਂ ਬਣਦਾ ਏਂ ? ਜੇ ਤੂੰ ਸ਼ੇਰ ਨਾ ਰਿਹਾ ਤਾਂ ਤੈਨੂੰ ਹੋਰ ਕੋਈ ਸ਼ੇਰ ਖਾ ਜਾਏਗਾ ? ਤੂੰ ਮਹਾਨ ਵਿਰਸੇ ਦਾ ਮਾਲਕ ਏਂ, ਆਪਣਾ ਵਿਰਸਾ ਕਿਉਂ ਖੋਂਹਦਾ ਏਂ ? ਤੇ ਰਖ ਉਸ ਮਹਾਨ ਗੁਰੂ ਦੀ ਮਹਾਨ ਵਡਿਆਈ ਨੂੰ, ਜਿਸ ਦੇ ਬਖਸ਼ੇ ਆਬੇ-ਹਯਾਤ ਨੇ ਤੈਨੂੰ ਗਿਦੜੋਂ ਸ਼ੇਰ ਕਰ ਦਿਤਾ, ਤੈਨੂੰ ਦਾਸ ਤੋਂ ਸਰਦਾਰ ਬਣਾ ਦਿਤਾ। ਅਪਣਾਅ ਅਜਿਹੇ ਗੁਰੂ ਦਾ ਰੂਪ ਤੇ ਰਹਿਣੀ ਅਤੇ ਕਾਇਮ ਰਖ ਗੁਰੂ ਨਾਲ ਪੈਦਾ ਹੋਈ ਸਿੰਘ ਦੀ ਸਾਂਝ। ਬੱਸ, ਇਹੋ ਰਾਜ਼ ਏ ਤੇਰੀ ਸਾਰੀ ਵਡਿਆਈ ਦਾ।

ਪਗੜੀ ਸੰਭਾਲ ਸਿੰਘਾ, ਪਗੜੀ ਸੰਭਾਲ ਓਇ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ॥

✪

ISBN 81-7205-085-2
9 788172 050856